ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 235| 8 to 14 July 2026 | Ph.: (510) 240-5949 | Email: asrtimes@gmail.com

## ਭਾਈ ਖਾਲੜਾ ਦੇ ਜੀਵਨ ’ਤੇ ਬਣੀ ਫ਼ਿਲਮ ‘ਸਤਲੁਜ’ ’ਤੇ ਪਾਬੰਦੀ ਕਿਉਂ ?

# ਇਤਿਹਾਸ ਦੇ ਸੱਚ ਤੋਂ ਕਿਉਂ ਭੈਅਭੀਤ ਨੇ ਸਰਕਾਰਾਂ ?

➢ ਜੀ 5 ਤੋਂ ਹਟਾਉਣ ਮਗਰੋਂ ਭਖਿਆ ਵਿਵਾਦ ➢ ਦਰਸ਼ਕਾਂ ਅਤੇ ਪੰਥਕ ਜਥੇਬੰਦੀਆਂ ਵਿੱਚ ਭਾਰੀ ਰੋਸ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੀ ਅਤੇ ਪੰਜਾਬ ਦੇ ਕਾਲੇ ਦੌਰ ਦੇ ਅਣਕਹੇ ਪੰਨਿਆਂ ਨੂੰ ਪਰਦੇ ’ਤੇ ਲਿਆਉਣ ਵਾਲੀ ਫ਼ਿਲਮ ‘ਸਤਲੁਜ’ (ਪੁਰਾਣਾ ਨਾਮ ਪੰਜਾਬ 95 ਨੂੰ 3 ਜੁਲਾਈ 2026 ਨੂੰ ਜੀ 5 ਓ.ਟੀ.ਟੀ. ਪਲੇਟਫ਼ਾਰਮ ’ਤੇ ਰਿਲੀਜ਼ ਹੋਣ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਭਾਰਤ ਵਿੱਚ ਹਟਾ ਦਿੱਤਾ ਗਿਆ। ਇਹ ਘਟਨਾ ਇੱਕ ਵਾਰ ਫ਼ਿਰ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਜਦੋਂ ਕੋਈ ਰਚਨਾ ਇਤਿਹਾਸਕ ਦਸਤਾਵੇਜ਼ਾਂ ਅਤੇ ਅਦਾਲਤੀ ਸੱਚਾਈਆਂ ’ਤੇ ਅਧਾਰਿਤ ਹੁੰਦੀ ਹੈ, ਤਾਂ ਸਰਕਾਰਾਂ ਉਸ ਦੇ ਪ੍ਰਗਟਾਵੇ ਤੋਂ ਇੰਨੀਆ ਭੈਅਭੀਤ ਕਿਉਂ ਹੋ ਜਾਂਦੀਆਂ ਹਨ ?

ਓ.ਟੀ.ਟੀ. ਪਲੇਟਫ਼ਾਰਮ ਜੀ5 ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਕੇ ਫ਼ਿਲਮ ਹਟਾਉਣ ਦੀ ਪੁਸ਼ਟੀ ਕੀਤੀ ਹੈ। ਕੰਪਨੀ ਨੇ ਕਿਹਾ, ‘ਮੌਜੂਦਾ ਹਾਲਾਤ ਅਤੇ ਘਟਨਾਕ੍ਰਮ ਨੂੰ ਦੇਖਦੇ ਹੋਏ, ‘ਸਤਲੁਜ’ ਫ਼ਿਲਮ ਅਗਲੀ ਸੂਚਨਾ ਤੱਕ ਭਾਰਤ ਵਿੱਚ ਉਪਲਬਧ ਨਹੀਂ ਰਹੇਗੀ। ਅਸੀਂ ਕਾਨੂੰਨੀ ਪ੍ਰਕਿਰਿਆ ਅਨੁਸਾਰ ਹਰ ਢੁਕਵੇਂ ਰਸਤੇ ਦੀ ਪੜਤਾਲ ਕਰ ਰਹੇ ਹਾਂ ਤਾਂ ਜੋ ਇਸ ਫ਼ਿਲਮ ਨੂੰ ਜਲਦੀ ਤੋਂ ਜਲਦੀ ਮੁੜ ਆਪਣੇ ਦਰਸ਼ਕਾਂ ਤੱਕ ਪਹੁੰਚਾਇਆ ਜਾ ਸਕੇ।’ ਨਿਰਦੇਸ਼ਕ ਹਨੀ ਤ੍ਰੇਹਨ ਅਤੇ ਆਰ.ਐਸ.ਵੀ.ਪੀ. ਪ੍ਰੋਡਕਸ਼ਨ ਦੀ ਇਹ ਫ਼ਿਲਮ ਪਿਛਲੇ ਤਿੰਨ ਸਾਲਾਂ ਤੋਂ ਸੈਂਸਰ ਬੋਰਡ ਦੇ 120 ਕੱਟਾਂ ਦੇ ਸੁਝਾਅ ਅਤੇ ਨਾਮ ਬਦਲਣ ਦੇ ਵਿਵਾਦ ਕਾਰਨ ਅਟਕੀ ਹੋਈ ਸੀ।ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਸੀ ਕਿ ਸੀ.ਬੀ.ਐੱਫ.ਸੀ. ਵੱਲੋਂ ਫ਼ਿਲਮ ਵਿੱਚ ਜਿਹੜੇ ਬਦਲਾਅ ਕਰਨ ਲਈ ਕਿਹਾ ਗਿਆ ਹੈ, ਫ਼ਿਲਮ ਵਿੱਚ ਦਰਸਾਈਆਂ ਗਈਆਂ ਉਹ ਘਟਨਾਵਾਂ ਜਨਤਕ ਦਸਤਾਵੇਜ਼ਾਂ (ਅਖ਼ਬਾਰਾਂ ਅਤੇ ਅਦਾਲਤੀ ਰਿਕਾਰਡ) ਵਿੱਚੋਂ ਲਈਆਂ ਗਈਆਂ ਹਨ।

ਉਨ੍ਹਾਂ ਨੇ ਇਨ੍ਹਾਂ ਬਦਲਾਵਾਂ ਨੂੰ, ‘ਭਾਰਤ ਸਰਕਾਰ ਅਤੇ ਸੈਂਸਰ ਬੋਰਡ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਕੀਤੇ ਤੱਥਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਬਦਲਣ ਦੀ ਕੋਸ਼ਿਸ਼’ ਦੱਸਿਆ ਸੀ।

ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਵੀ ਲਾਇਆ ਸੀ ਕਿ ਫ਼ਿਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ।

ਫ਼ਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਫ਼ਿਲਮ ਦੇ ਰਿਲੀਜ਼ ਟਲਣ ਨੂੰ ਲੈ ਕੇ ਕਿਹਾ ਸੀ, ‘ਮੈਨੂੰ ਆਪ ਨਹੀਂ ਪਤਾ ਕਿ ਫ਼ਿਲਮ ਕਿਉਂ ਨਹੀਂ ਰਿਲੀਜ਼ ਹੋ ਰਹੀ ਕਿਉਂਕਿ ਸਾਰੀ ਦੀ ਸਾਰੀ ਫ਼ਿਲਮ ਕਾਨੂੰਨੀ ਦਸਤਾਵੇਜ਼ਾਂ ਉੱਤੇ ਬਣੀ ਹੋਈ ਫ਼ਿਲਮ ਹੈ।’ ਹਰ ਇੱਕ ਸੀਨ ਦੇ ਸਪੋਰਟਿੰਗ ਦਸਤਾਵੇਜ਼ ਹਨ ਜੋ ਵਿਕੀਪੀਡੀਆ ਤੋਂ ਨਹੀਂ ਹਨ। ਇਹ ਸੈਸ਼ਨ ਕੋਰਟ, ਸੀ.ਬੀ.ਆਈ. ਸਪੈਸ਼ਲ ਕੋਰਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜਿਹੜੇ ਫ਼ੈਸਲੇ ਹਨ, ਉਨ੍ਹਾਂ ਉੱਤੇ ਬਣਾਈ ਗਈ ਫ਼ਿਲਮ ਹੈ।’ (ਬਾਕੀ ਸਫ਼ਾ 26 ’ਤੇ)






### ਸਰਕਾਰ ਫ਼ਿਲਮ ਚੱਲਣ ਕਿਉਂ ਨਹੀਂ ਦੇ ਰਹੀ ?

ਸਰਕਾਰੀ ਸੂਤਰਾਂ ਅਤੇ ਸੈਂਸਰ ਬੋਰਡ ਦੇ ਨਜ਼ਰੀਏ ਮੁਤਾਬਕ, ਸਰਕਾਰ ਨੂੰ ਇਹ ਡਰ ਹੈ ਕਿ ਫ਼ਿਲਮ ਦੇ ਕੁਝ ਹਿੱਸੇ ‘ਦੇਸ਼ ਵਿਰੋਧੀ ਅਨਸਰਾਂ’ ਵੱਲੋਂ ਆਪਣੇ ਹਿੱਤਾਂ ਲਈ ਵਰਤੇ ਜਾ ਸਕਦੇ ਹਨ। ਫ਼ਿਲਮ ਵਿੱਚ 80 ਅਤੇ 90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਹੋਏ ਪੁਲਿਸ ਜਬਰ, ਝੂਠੇ ਮੁਕਾਬਲਿਆਂ ਅਤੇ ਲਾਵਾਰਿਸ ਲਾਸ਼ਾਂ ਦੇ ਸੰਵੇਦਨਸ਼ੀਲ ਮੁੱਦੇ ਨੂੰ ਚੁੱਕਿਆ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਅਜਿਹੇ ਬਿਰਤਾਂਤ ਨੂੰ ਜਨਤਕ ਕਰਨ ਨਾਲ ਅਮਨ-ਕਾਨੂੰਨ ਦੀ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ। ਇਸੇ ਕਾਰਨ ਪਹਿਲਾਂ ਇਸ ’ਤੇ 120 ਕੱਟ ਲਗਾਉਣ, ਨਾਮ ਬਦਲਣ (ਪੰਜਾਬ ’95 ਤੋਂ ਸਤਲੁਜ) ਅਤੇ ਗੁਰਬਾਣੀ ਦੇ ਉਚਾਰਣ ਵਰਗੇ ਹਵਾਲੇ ਹਟਾਉਣ ਦੀ ਮੰਗ ਕੀਤੀ ਗਈ ਸੀ।

### ਕੌਣ ਸਨ ਭਾਈ ਜਸਵੰਤ ਸਿੰਘ ਖਾਲੜਾ ਅਤੇ ਪੰਜਾਬ ਲਈ ਕੀ ਸੀ ਦੇਣ ?

ਭਾਈ ਜਸਵੰਤ ਸਿੰਘ ਖਾਲੜਾ ਇੱਕ ਉੱਘੇ ਮਨੁੱਖੀ ਅਧਿਕਾਰ ਕਾਰਕੁਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸਨ। ਪੰਜਾਬ ਦੇ ਵਹਿਸ਼ਤ ਭਰੇ ਦੌਰ (ਜੂਨ 1984 ਤੋਂ ਦਸੰਬਰ 1994) ਦੌਰਾਨ ਜਦੋਂ ਹਜ਼ਾਰਾਂ ਨੌਜਵਾਨ ਲਾਪਤਾ ਹੋ ਰਹੇ ਸਨ, ਉਦੋਂ ਭਾਈ ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਸ਼ਮਸ਼ਾਨਘਾਟਾਂ ਵਿੱਚੋਂ ਸਰਕਾਰੀ ਅੰਕੜੇ ਇਕੱਠੇ ਕੀਤੇ ਸਨ। ਉਨ੍ਹਾਂ ਨੇ 25,000 ਤੋਂ ਵੱਧ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਦਾ ਰਿਕਾਰਡ ਨਸ਼ਰ ਕੀਤਾ, ਜਿਨ੍ਹਾਂ ਦਾ ਪੁਲਿਸ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਸਸਕਾਰ ਕਰ ਦਿੱਤਾ ਗਿਆ ਸੀ।ਉਨ੍ਹਾਂ ਨੇ ਇਸ ਬਿਰਤਾਂਤ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪਹੁੰਚਾਇਆ ਅਤੇ ਦੁਨੀਆ ਨੂੰ ਦੱਸਿਆ ਕਿ ਜਮਹੂਰੀਅਤ ਦੇ ਪਰਦੇ ਪਿੱਛੇ ਪੰਜਾਬ ਵਿੱਚ ਕੀ ਵਾਪਰ ਰਿਹਾ ਸੀ।ਇਸ ਆਵਾਜ਼ ਨੂੰ ਦਬਾਉਣ ਲਈ 6 ਸਤੰਬਰ 1995 ਨੂੰ ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰੋਂ ਅਗਵਾ ਕਰ ਲਿਆ ਗਿਆ।ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਢਾਹੁਣ ਤੋਂ ਬਾਅਦ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਅਤੇ ਲਾਸ਼ ਹਰੀਕੇ ਪੱਤਣ ਨਹਿਰ ਵਿੱਚ ਸੁੱਟ ਦਿੱਤੀ ਗਈ। ਲੰਮੀ ਕਾਨੂੰਨੀ ਲੜਾਈ ਤੋਂ ਬਾਅਦ, ਸੀ.ਬੀ.ਆਈ. ਦੀ ਜਾਂਚ ਦੇ ਅਧਾਰ ’ਤੇ ਅਦਾਲਤ ਨੇ ਕਈ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

## ਹੁਣ ਕੋਈ ਫ਼ਿਕਰ ਨਹੀਂ, ਸਭ ਨੇ ਡਾਊਨਲੋਡ ਕਰ ਲਈ: ਦਿਲਜੀਤ ਦੋਸਾਂਝ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ’ਤੇ ਆਧਾਰਿਤ ਫ਼ਿਲਮ ‘ਸਤਲੁਜ’ ਓ ਟੀ ਟੀ ਪਲੈਟਫ਼ਾਰਮ ਜ਼ੀ5 ਤੋਂ ਹਟਾਉਣ ਮਗਰੋਂ ਫ਼ਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੋਸਾਂਝ ਨੇ ਆਖਿਆ, “ਹੁਣ ਕੋਈ ਫ਼ਿਕਰ ਨਹੀਂ, ਸਭ ਨੇ ਡਾਊਨਲੋਡ ਕਰ ਲਈ ਹੈ। ਇੱਕ ਵਾਰ ਜਦੋਂ ਕੋਈ ਫ਼ਿਲਮ ਆ ਜਾਵੇ, ਉਹ ਖ਼ਤਮ ਨਹੀਂ ਹੋ ਸਕਦੀ।” ਦਿਲਜੀਤ ਨੇ ਕਿਹਾ ਕਿ ਉਹ ਪਹਿਲਾਂ ਹੀ ਉਮੀਦ ਕਰ ਰਿਹਾ ਸੀ ਕਿ ਫ਼ਿਲਮ ਨੂੰ ਓ ਟੀ ਟੀ ਪਲੈਟਫ਼ਾਰਮ ਤੋਂ ਹਟਾ ਲਿਆ ਜਾਵੇਗਾ। ਉਸ ਨੇ ਰਾਜਸਥਾਨ ਦੇ ਕਿਸੇ ਗੁਰਦੁਆਰੇ ’ਚ ਫ਼ਿਲਮ ਦਿਖਾਉਣ ਦਾ ਜ਼ਿਕਰ ਵੀ ਕੀਤਾ ਹੈ। ਉਸ ਨੇ ਕਿਹਾ, “ਫ਼ਿਲਮ ਰਿਲੀਜ਼ ਕਰਨ ਦਾ ਇਹੋ ਇੱਕੋ-ਇੱਕ ਤਰੀਕਾ ਸੀ। ਬਿਨਾਂ ਕੁਝ ਬੋਲੇ ਕਿਉਂਕਿ ਅਜਿਹਾ ਹੋਣਾ ਹੀ ਸੀ। ਫ਼ਿਲਮ ਨੂੰ ਰੋਕਣ ਦੀ ਜਿੰਨੀ ਕੋਸ਼ਿਸ਼ ਕੀਤੀ ਜਾਵੇਗੀ, ਓਨਾ ਹੀ ਇਹ ਹੋਰ ਮਸ਼ਹੂਰ ਹੋਵੇਗੀ। ਇੰਟਰਨੈੱਟ ਤੋਂ ਕੁਝ ਵੀ ਗ਼ਾਇਬ ਨਹੀਂ ਹੁੰਦਾ ਹੈ।”



## ‘ਸਤਲੁਜ’ ’ਤੇ ਕੇਂਦਰ ਸਰਕਾਰ ਵੱਲੋਂ ਰਿਵਿਊ ਕਮੇਟੀ ਗਠਿਤ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬੀ ਅਦਾਕਾਰ ਦਿਲਜੀਤ ਦੁਸਾਂਝ ਦੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਫ਼ਿਲਮ ‘ਸਤਲੁਜ’ (ਪੁਰਾਣਾ ਨਾਮ ‘ਪੰਜਾਬ 95’) ਓ.ਟੀ.ਟੀ. ਪਲੇਟਫਾਰਮ ’ਤੇ ਰਿਲੀਜ਼ ਹੋਣ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਫ਼ਿਲਮ ਨੂੰ ਹਟਾਏ ਜਾਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਇਸ ਮਾਮਲੇ ’ਤੇ ਇੱਕ ਉੱਚ-ਪੱਧਰੀ ਸਮੀਖਿਆ ਕਮੇਟੀ (ਰਿਵਿਊ ਕਮੇਟੀ) ਦਾ ਗਠਨ ਕਰ ਦਿੱਤਾ ਹੈ।ਸਿੱਖ ਪੰਥ ਦੇ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਇਹ ਕਦਮ ਚੁੱਕਿਆ ਗਿਆ ਹੈ। ਹੁਣ ਨਵੀਂ ਬਣੀ ਕਮੇਟੀ ਫ਼ਿਲਮ ਦੇ ਵਿਸ਼ੇ, ਇਸ ਵਿੱਚ ਪੇਸ਼ ਕੀਤੇ ਗਏ ਤੱਥਾਂ ਅਤੇ ਘਟਨਾਕ੍ਰਮ ਦੀ ਬਾਰੀਕੀ ਨਾਲ ਸਮੀਖਿਆ ਕਰੇਗੀ।ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਫ਼ਿਲਮ ਦੇ ਭਵਿੱਖ ਨੂੰ ਲੈ ਕੇ ਅਗਲਾ ਫ਼ੈਸਲਾ ਲਿਆ ਜਾਵੇਗਾ। ਕਰੀਬ ਤਿੰਨ ਸਾਲਾਂ ਤੱਕ ਸੈਂਸਰਸ਼ਿਪ ਦੇ ਵਿਵਾਦਾਂ ਵਿੱਚ ਫਸੀ ਰਹਿਣ ਤੋਂ ਬਾਅਦ ਰਿਲੀਜ਼ ਹੋਈ ਫ਼ਿਲਮ ‘ਸਤਲੁਜ’ ਭਾਵੇਂ ਓ.ਟੀ.ਟੀ. ਤੋਂ ਹਟਾ ਦਿੱਤੀ ਗਈ ਹੈ, ਪਰ ਇਸ ਨੇ 90 ਦੇ ਦਹਾਕੇ ਦੇ ਪੰਜਾਬ ਦੇ ਦਰਦਨਾਕ ਇਤਿਹਾਸ ਅਤੇ ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਨੂੰ ਇੱਕ ਵਾਰ ਫਿਰ ਰਾਸ਼ਟਰੀ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।ਕੇਂਦਰ ਸਰਕਾਰ ਦੇ ਨਵੇਂ ਫ਼ੈਸਲੇ ਮਗਰੋਂ ਹੁਣ ਇਸ ਫ਼ਿਲਮ ਤੋਂ ਪਾਬੰਦੀ ਹਟਣ ਦੀ ਸੰਭਾਵਨਾ ਵੀ ਬਣ ਸਕਦੀ ਹੈ। ਇਸ ਤੋਂ ਪਹਿਲਾਂ ਭਾਜਪਾ ਦੇ ਬੁਲਾਰੇ ਆਰ ਪੀ ਸਿੰਘ ਨੇ ਵੀ ਫ਼ਿਲਮ ’ਤੇ ਪਾਬੰਦੀ ਲਗਾਏ ਜਾਣ ਦੀ ਸਮੀਖਿਆ ਕੀਤੇ ਜਾਣ ਦੀ ਗੱਲ ਕਹੀ ਸੀ। ਦੱਸਣਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਵੱਲੋਂ 1980-90 ਦੇ ਦਹਾਕੇ ਵਿੱਚ ਪੰਜਾਬ ਦੇ ਕਾਲੇ ਦੌਰ ਦੌਰਾਨ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਗ਼ੈਰ-ਕਾਨੂੰਨੀ ਸੰਸਕਾਰ ਦਾ ਮੁੱਦਾ ਚੁੱਕਿਆ ਸੀ।

## ਸਿੱਖਾਂ ’ਤੇ ਜ਼ੁਲਮ ਦਾ ਸੱਚ ਦਬਾਇਆ ਨਹੀਂ ਜਾ ਸਕਦਾ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ, ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਅਤੇ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਨਾਲ ਕੀਤੀਆਂ ਵਧੀਕੀਆਂ ’ਤੇ ਆਧਾਰਿਤ ਫ਼ਿਲਮ ‘ਸਤਲੁਜ’ ਨੂੰ ਜਾਰੀ ਹੋਣ ਤੋਂ ਕੁਝ ਸਮਾਂ ਬਾਅਦ ਹੀ ਭਾਰਤ ਵਿੱਚ ਜ਼ੀ ਨੈਟਵਰਕ ਤੋਂ ਹਟਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਐਡਵੋਕੇਟ ਧਾਮੀ ਨੇ ਕਿਹਾ ਕਿ 1984 ਤੋਂ ਬਾਅਦ ਪੁਲਿਸ ਨੇ ਹਜ਼ਾਰਾਂ ਬੇਗੁਨਾਹ ਨੌਜਵਾਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਅਤੇ ਲਾਵਾਰਸ ਕਹਿ ਕੇ ਲਾਸ਼ਾਂ ਨੂੰ ਸਾੜ ਦਿੱਤਾ ਗਿਆ। ਭਾਈ ਖਾਲੜਾ ਨੇ ਪੰਜਾਬ ਦੇ ਇਤਿਹਾਸ ਦੇ ਉਸ ਦਰਦਨਾਕ ਦੌਰ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਵੱਲੋਂ ਕੀਤੇ ਯਤਨਾਂ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਇਨਸਾਫ਼ ਦੀ ਆਸ ਬੱਝੀ ਸੀ, ਜਿਨ੍ਹਾਂ ਦੇ ਨੌਜਵਾਨ ਪੁੱਤਰ ਲਾਪਤਾ ਕਰ ਦਿੱਤੇ ਗਏ ਸਨ। ਦੁਖਦਾਈ ਪਹਿਲੂ ਇਹ ਹੈ ਕਿ ਲੋਕਾਂ ਦੀ (ਬਾਕੀ ਸਫ਼ਾ 26 ’ਤੇ)




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# ਬਦਲ ਰਿਹਾ ਹੈ ਪੰਜਾਬ ਦਾ ਸਿਆਸੀ ਦ੍ਰਿਸ਼

## ਸਿੱਖ-ਪ੍ਰਵਾਸੀ ਪੰਜਾਬੀਆਂ ਦੀਆਂ ਵੋਟਾਂ ਖਿਸਕਣ ਦੇ ਡਰੋਂ 'ਆਪ' ਦਾ ਹਿੰਦੂਤਵ ਵੱਲ ਝੁਕਾਅ !

## ਕੀ ਭਾਜਪਾ ਤੋਂ ਵੱਡਾ 'ਸਨਾਤਨੀ' ਬਣਨ ਦੀ ਕੇਜਰੀਵਾਲ ਦੀ ਰਣਨੀਤੀ ਪੰਜਾਬ ਵਿੱਚ ਸਫ਼ਲ ਹੋਵੇਗੀ ?

ਪੰਜਾਬ ਦੀ ਸਿਆਸੀ ਫ਼ਿਜ਼ਾ ਇਸ ਵੇਲੇ ਇੱਕ ਅਜਿਹੇ ਗੁੰਝਲਦਾਰ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਰਵਾਇਤੀ ਸਮੀਕਰਨ ਤੇਜ਼ੀ ਨਾਲ ਟੁੱਟ ਰਹੇ ਹਨ ਅਤੇ ਸੱਤਾ ਦੀ ਪ੍ਰਾਪਤੀ ਲਈ ਨਵੇਂ ਸਿਆਸੀ ਗਠਜੋੜ ਤੇ ਅਪ੍ਰਵਾਨਿਤ ਰਣਨੀਤੀਆਂ ਆਕਾਰ ਲੈ ਰਹੀਆਂ ਹਨ। ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਵੇਂ ਅਜੇ ਸਮਾਂ ਬਾਕੀ ਹੈ, ਪਰ ਸੂਬੇ ਦੇ ਸਿਆਸੀ ਪਾਣੀਆਂ ਵਿੱਚ ਹੁਣੇ ਤੋਂ ਹੀ ਅਜਿਹੀ ਹਲਚਲ ਸ਼ੁਰੂ ਹੋ ਚੁੱਕੀ ਹੈ ਜਿਸ ਨੇ ਆਮ ਆਦਮੀ ਪਾਰਟੀ ਦੀ ਸਰਕਾਰ, ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਆਪਣੀਆਂ ਗੋਟੀਆਂ ਮੁੜ ਤੋਂ ਫਿੱਟ ਕਰਨ ਲਈ ਮਜਬੂਰ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੀਆਂ ਬਦਲਦੀਆਂ ਨੀਤੀਆਂ, ਮੁੱਖ ਮੰਤਰੀ ਭਗਵੰਤ ਮਾਨ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਵਧ ਰਿਹਾ ਟਕਰਾਅ ਅਤੇ ਵਿਰੋਧੀ ਧਿਰਾਂ ਦੀਆਂ ਅੰਦਰੂਨੀ ਗਤੀਵਿਧੀਆਂ ਨੇ ਪੰਜਾਬ ਦੀ ਰਾਜਨੀਤੀ ਨੂੰ ਇੱਕ ਨਵੇਂ ਚੱਕਰਵਿਊ ਵਿੱਚ ਲਿਆ ਖੜ੍ਹਾ ਕੀਤਾ ਹੈ।ਸਾਲ 2022 ਦੀਆਂ ਚੋਣਾਂ ਵਿੱਚ 'ਆਪ' ਦੀ ਇਤਿਹਾਸਕ ਅਤੇ ਬੇਮਿਸਾਲ ਜਿੱਤ ਦਾ ਮੁੱਖ ਅਧਾਰ ਪੰਜਾਬ ਦਾ ਸਿੱਖ ਭਾਈਚਾਰਾ ਅਤੇ ਪ੍ਰਵਾਸੀ ਪੰਜਾਬੀ ਬਣੇ ਸਨ, ਜਿਨ੍ਹਾਂ ਨੇ ਬਦਲਾਅ ਦੀ ਉਮੀਦ ਵਿੱਚ ਪਾਰਟੀ ਨੂੰ ਇਕਤਰਫ਼ਾ ਵੋਟਾਂ ਪਾਈਆਂ ਸਨ।ਪਰ ਮੌਜੂਦਾ ਹਾਲਾਤ ਦੱਸਦੇ ਹਨ ਕਿ ਹੁਣ ਉਹ ਪਹਿਲਾਂ ਵਾਲੀ ਸ਼ਿੱਦਤ ਅਤੇ ਉਤਸ਼ਾਹ ਗਾਇਬ ਹੈ। ਮੁੱਖ ਮੰਤਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਰਮਿਆਨ ਪੈਦਾ ਹੋਈ ਤਣਾਅਪੂਰਨ ਸਥਿਤੀ ਕਾਰਨ ਸਿੱਖ ਵੋਟ ਬੈਂਕ ਵਿੱਚ ਵੱਡਾ ਖੋਰਾ ਲੱਗਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ।ਇਹੀ ਕਾਰਨ ਹੈ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ ਇਸ ਸੰਭਾਵੀ ਘਾਟੇ ਨੂੰ ਪੂਰਾ ਕਰਨ ਲਈ ਪੰਜਾਬ ਦੇ ਹਿੰਦੂ ਵੋਟਰਾਂ ਨੂੰ ਭਰਮਾਉਣ ਦੀ ਇੱਕ ਨਵੀਂ ਅਤੇ ਵੱਡੀ ਰਣਨੀਤੀ 'ਤੇ ਕੰਮ ਕਰ ਰਹੇ ਹਨ।




ਆਪਣੇ-ਆਪ ਨੂੰ ਭਾਜਪਾ ਤੋਂ ਵੀ ਵੱਡਾ ਸਨਾਤਨੀ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਕੇਜਰੀਵਾਲ ਵੱਲੋਂ ਸ੍ਰੀ ਅੰਮ੍ਰਿਤਸਰ ਵਿੱਚ ਲਵ-ਕੁਸ਼ ਅਤੇ ਮਾਤਾ ਸੀਤਾ ਜੀ ਦਾ ਮੰਦਿਰ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੂਬੇ ਦੇ 22 ਸ਼ਹਿਰਾਂ ਵਿੱਚ 'ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਲ' ਅਤੇ 'ਹਮਾਰੇ ਰਾਮ' ਵਰਗੇ ਧਾਰਮਿਕ ਨਾਟਕਾਂ ਦੇ ਆਯੋਜਨ ਦੀ ਮੁਹਿੰਮ ਵਿੱਢੀ ਗਈ ਹੈ। ਸਰਕਾਰੀ ਤੌਰ 'ਤੇ ਚਲਾਈ ਜਾ ਰਹੀ ਮੁਫ਼ਤ ਤੀਰਥ ਯਾਤਰਾ ਵਿੱਚ ਸਾਲਾਸਰ-ਖਾਟੂ ਸ਼ਿਆਮ, ਹਰਿਦੁਆਰ-ਰਿਸ਼ੀਕੇਸ਼ ਅਤੇ ਮਥੁਰਾ-ਵ੍ਰਿੰਦਾਵਨ ਵਰਗੇ ਹਿੰਦੂ ਧਾਰਮਿਕ ਸਥਾਨਾਂ ਦੇ ਨਵੇਂ ਰੂਟ ਜੋੜਨਾ ਇਸੇ ਸਿਆਸੀ ਕਵਾਇਦ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਹਿੰਦੂ ਵੋਟਰ ਰਵਾਇਤੀ ਤੌਰ 'ਤੇ ਕਾਂਗਰਸ ਜਾਂ ਉਸ ਸੀਟ 'ਤੇ ਭਾਜਪਾ ਵੱਲ ਝੁਕਦਾ ਹੈ ਜਿੱਥੇ ਉਮੀਦਵਾਰ ਮਜ਼ਬੂਤ ਹੋਵੇ ਅਤੇ ਕੇਜਰੀਵਾਲ ਇਸੇ ਵੋਟ ਬੈਂਕ ਵਿੱਚ ਸੰਨ ਲਾਉਣਾ ਚਾਹੁੰਦੇ ਹਨ। ਪਰ ਚਿੰਤਾ ਦੀ ਗੱਲ ਇਹ ਹੈ ਕਿ ਇਸ ਨਵੀਂ ਵੋਟ-ਰਾਜਨੀਤੀ ਕਾਰਨ ਕਿਤੇ ਪੰਜਾਬ ਦੇ ਗੂੜ੍ਹੇ ਹਿੰਦੂ-ਸਿੱਖ ਭਾਈਚਾਰੇ ਅਤੇ ਸਾਂਝ ਨੂੰ ਕੋਈ ਸਥਾਈ ਨੁਕਸਾਨ ਨਾ ਪਹੁੰਚੇ।

ਆਮ ਆਦਮੀ ਪਾਰਟੀ ਦੀ ਸਰਕਾਰ ਮੁਫ਼ਤ ਬਿਜਲੀ ਅਤੇ ਹੁਣ ਔਰਤਾਂ ਦੇ ਖਾਤੇ ਵਿੱਚ 1000 ਤੋਂ 1500 ਰੁਪਏ ਪ੍ਰਤੀ ਮਹੀਨਾ ਪਾਉਣ ਦੇ ਚਤੁਰਾਈ ਭਰੇ ਵਾਅਦਿਆਂ ਸਿਰ 2027 ਦੀਆਂ ਚੋਣਾਂ ਜਿੱਤਣ ਲਈ ਪੂਰੀ ਤਰ੍ਹਾਂ ਆਸਵੰਦ ਦਿਖਾਈ ਦੇ ਰਹੀ ਹੈ। ਇਸ ਦੇ ਨਾਲ ਹੀ ਸਫ਼ਾਈ ਕਰਮਚਾਰੀਆਂ, ਸਕੂਲ ਅਧਿਆਪਕਾਂ ਅਤੇ ਸਰਪੰਚਾਂ ਵਰਗੇ ਪ੍ਰਭਾਵਸ਼ਾਲੀ ਵਰਗਾਂ ਦੇ ਗਿਲੇ-ਸ਼ਿਕਵੇ ਦੂਰ ਕਰਨ ਦਾ ਭਰੋਸਾ ਦੇ ਕੇ ਇੱਕ ਅਜਿਹਾ ਫਾਰਮੂਲਾ ਘੜਿਆ ਜਾ ਰਿਹਾ ਹੈ ਜਿਸ ਵਿੱਚ ਹਰ ਕਿਸੇ ਲਈ ਕੁਝ ਨਾ ਕੁਝ ਜ਼ਰੂਰ ਹੋਵੇ। ਪਰ ਸਿਆਸੀ ਬੁੱਧੀਜੀਵੀਆਂ ਅਤੇ ਆਰਥਿਕ ਮਾਹਿਰਾਂ ਨੇ ਇਸ 'ਮੁਫ਼ਤਖੋਰੀ' ਦੀ ਸਿਆਸਤ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਅਨੁਸਾਰ, ਸੋਸ਼ਲ ਸਿਕਿਉਰਿਟੀ (ਸਮਾਜਿਕ ਸੁਰੱਖਿਆ) ਅਤੇ ਮੁਫ਼ਤਖੋਰੀ ਵਿੱਚ ਇੱਕ ਬਹੁਤ ਬਾਰੀਕ ਪਰ ਅਹਿਮ ਫ਼ਰਕ ਹੁੰਦਾ ਹੈ। 1980 ਦੇ ਦਹਾਕੇ ਵਿੱਚ ਪ੍ਰਤੀ ਜੀਅ ਆਮਦਨ ਵਿੱਚ ਪੂਰੇ ਦੇਸ਼ ਵਿਚੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਭਾਰੀ ਕਰਜ਼ੇ ਦੀ ਪੰਡ ਹੇਠ ਦਬਿਆ ਹੋਇਆ ਹੈ।ਸਿਆਸੀ ਮਾਹਿਰ ਇਸ ਸਬੰਧੀ ਤਾਮਿਲਨਾਡੂ ਦੀ ਉਦਾਹਰਣ ਦਿੰਦੇ ਹਨ, ਜਿੱਥੇ ਮੁਫ਼ਤ ਦੀਆਂ ਸੌਗਾਤਾਂ ਵੰਡਣ ਵਿੱਚ ਮੋਹਰੀ ਰਹਿਣ ਵਾਲੀਆਂ ਦੋਵੇਂ ਦ੍ਰਾਵਿੜ ਪਾਰਟੀਆਂ ਦੇ ਬਾਵਜੂਦ, ਪਿਛਲੀਆਂ ਚੋਣਾਂ ਵਿੱਚ ਜਨਤਾ ਨੇ ਇਸ ਸਿਆਸਤ ਨੂੰ ਪੂਰੀ ਤਰ੍ਹਾਂ ਨਕਾਰ ਕੇ ਇਤਿਹਾਸ ਸਿਰਜ ਦਿੱਤਾ ਸੀ ਕਿਉਂਕਿ ਵੱਧ ਆਮਦਨ ਦੇ ਬਾਵਜੂਦ ਉਹ ਸੂਬਾ ਵੀ ਕਰਜ਼ਾਈ ਹੋ ਚੁੱਕਾ ਸੀ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਇਹ ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਅੱਜ ਤੱਕ ਇੱਥੇ ਕੋਈ ਠੋਸ ਖੇਤੀ ਨੀਤੀ ਨਹੀਂ ਬਣ ਸਕੀ, ਜਿਸ ਕਾਰਨ ਫ਼ਸਲੀ ਵਿਭਿੰਨਤਾ ਵਰਗੇ ਗੰਭੀਰ ਮੁੱਦੇ ਵੀ ਉਲਝਣਾਂ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਅਜਿਹੀਆਂ ਨੀਤੀਆਂ ਨੇ ਖ਼ੁਦਦਾਰ ਪੰਜਾਬੀਆਂ ਨੂੰ ਮੰਗਤੇ ਬਣਾਉਣ ਦੇ ਰਾਹ ਪਾ ਦਿੱਤਾ ਹੈ, ਜੋ ਸੂਬੇ ਦੇ ਲੰਮੇ ਸਮੇਂ ਦੇ ਵਿਕਾਸ ਲਈ ਵਿਨਾਸ਼ਕਾਰੀ ਸਾਬਤ ਹੋ ਸਕਦਾ ਹੈ।

**ਚੌਕੋਣੇ ਮੁਕਾਬਲੇ ਵਿੱਚ ਫਸੀਆਂ ਸਿਆਸੀ ਧਿਰਾਂ ਦੀ ਮੌਜੂਦਾ ਸਥਿਤੀ**

ਪੰਜਾਬ ਵਿੱਚ ਇਸ ਵੇਲੇ ਸੱਤਾ ਦੀ ਜੰਗ ਬੇਹੱਦ ਰੋਮਾਂਚਕ ਅਤੇ ਅਨਿਸ਼ਚਿਤ ਦੌਰ ਵਿੱਚ ਹੈ, ਜਿੱਥੇ ਕੋਈ ਵੀ ਸਿਆਸੀ ਪਾਰਟੀ ਇਕੱਲੇ ਦਮ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਨਜ਼ਰ ਨਹੀਂ ਆ ਰਹੀ। ਜਿੱਥੇ ਇੱਕ ਪਾਸੇ 'ਆਪ' ਸਰਕਾਰ ਆਪਣੀਆਂ ਮੁਫ਼ਤ ਸਹੂਲਤਾਂ ਦੇ ਦਮ 'ਤੇ ਮਜ਼ਬੂਤ ਹੋਣ ਦਾ ਦਾਅਵਾ ਕਰ ਰਹੀ ਹੈ, ਉੱਥੇ ਹੀ ਮੁੱਖ ਮੰਤਰੀ ਭਗਵੰਤ ਮਾਨ ਸਿਰ ਲੱਗੇ ਬੇਅਦਬੀ ਦੇ ਕਥਿਤ ਦੋਸ਼ਾਂ ਵਾਲੀ ਵਾਇਰਲ ਵੀਡੀਓ ਅਤੇ ਧਾਰਮਿਕ ਟਕਰਾਅ ਕਾਰਨ ਪਾਰਟੀ ਬੈਕਫੁੱਟ 'ਤੇ ਦਿਖਾਈ ਦੇ ਰਹੀ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੂੰਹ ਨਾ ਲਾਉਣ ਦੇ ਦਿੱਤੇ ਗਏ ਆਦੇਸ਼ ਅਤੇ ਪੰਜਾਬ ਭਰ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਉਨ੍ਹਾਂ ਖ਼ਿਲਾਫ਼ ਬੈਨਰ ਲਗਾਉਣ ਦੇ ਹੁਕਮਾਂ ਨੇ ਸੂਬੇ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਗਰਮਾ ਦਿੱਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਟਕਰਾਅ ਦਾ ਸਿੱਧਾ ਨੁਕਸਾਨ ਆਮ ਆਦਮੀ ਪਾਰਟੀ ਦੇ ਸਿੱਖ ਵੋਟ ਬੈਂਕ ਨੂੰ ਹੋਵੇਗਾ, ਜੋ ਪਹਿਲਾਂ ਹੀ ਪਾਰਟੀ ਤੋਂ ਦੂਰ ਹੁੰਦਾ ਪ੍ਰਤੀਤ ਹੋ ਰਿਹਾ ਹੈ। (ਬਾਕੀ ਸਫ਼ਾ 26 'ਤੇ)

## ਹਰਦੀਪ ਸਿੰਘ ਨਿੱਝਰ ਕਤਲ ਕੇਸ ਦਾ ਮਾਮਲਾ

# ਐਫ.ਬੀ.ਆਈ.ਵੱਲੋਂ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈਂ 50,000 ਡਾਲਰ ਦੇ ਇਨਾਮ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਐੱਫ਼ਬੀਆਈ ਨੇ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 50,000 ਡਾਲਰ ਤੱਕ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਉਸ ਦੇ ਖ਼ਿਲਾਫ਼, ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਲ 2023 ਵਿੱਚ ਸਰੀ ਬ੍ਰਿਟਿਸ਼ ਕੋਲੰਬੀਆ ਵਿੱਚ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਦੋਸ਼ ਆਇਦ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਕੀਤਾ ਗਿਆ ਹੈ।




ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਵੀ ਮੁੱਖ ਦੋਸ਼ੀ ਹੈ।ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਤੇ ਪੰਜਾਬ ਪੁਲਿਸ ਨੇ ਉਸ ਨੂੰ ਭਾਰਤ 'ਚ ਮੋਸਟ ਵਾਂਟੇਡ ਕਰਾਰ ਦਿੱਤਾ ਹੈ ਅਤੇ ਪਹਿਲਾਂ ਵੱਖਰੇ ਤੌਰ 'ਤੇ ਨਕਦ ਇਨਾਮਾਂ ਦਾ ਐਲਾਨ ਕੀਤਾ ਹੋਇਆ ਹੈ।

ਐਕਸ 'ਤੇ ਇੱਕ ਪੋਸਟ ਵਿੱਚ, ਐੱਫ਼.ਬੀ.ਆਈ. ਨੇ ਕਿਹਾ ਕਿ ਉਹ ਬਰਾੜ ਬਾਰੇ ਜਾਣਕਾਰੀ ਲਈ ਇਨਾਮ ਦੀ ਪੇਸ਼ਕਸ਼ ਕਰ ਰਹੀ ਹੈ, ਜੋ ਲਾਰੈਂਸ ਬਿਸ਼ਨੋਈ ਆਰਗੇਨਾਈਜ਼ਡ ਕ੍ਰਾਈਮ ਗਰੁੱਪ ਵਿੱਚ ਕਥਿਤ ਸ਼ਮੂਲੀਅਤ ਲਈ ਲੋੜੀਂਦਾ ਹੈ, ਜਿਸ ਨੂੰ ਏਜੰਸੀ ਨੇ ਦੱਖਣੀ ਕੈਲੀਫ਼ੋਰਨੀਆ ਅਤੇ ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਕਈ ਤਰ੍ਹਾਂ ਦੇ ਹਿੰਸਕ ਕੰਮਾਂ ਵਿੱਚ ਸ਼ਾਮਲ ਦੱਸਿਆ ਹੈ। ਬਰਾੜ ਨੂੰ ਹੁਣ ਐਫ਼.ਬੀ.ਆਈ. ਦੀ 'ਮੋਸਟ ਵਾਂਟੇਡ' ਭਗੌੜਿਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।

ਐੱਫ਼.ਬੀ.ਆਈ. ਦੇ ਅਨੁਸਾਰ, ਬਰਾੜ ਲਈ 1 ਜੁਲਾਈ ਨੂੰ ਯੂਐਸ ਡਿਸਟ੍ਰਿਕਟ ਕੋਰਟ, ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫ਼ੋਰਨੀਆ, ਲਾਸ ਏਂਜਲਸ ਵਿੱਚ ਇੱਕ ਸੰਘੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਉਸ 'ਤੇ ਰੈਕੇਟੀਅਰ ਇਨਫ਼ਲੂਐਂਸਡ ਐਂਡ ਕਰਪਟ ਆਰਗੇਨਾਈਜ਼ੇਸ਼ਨਜ਼ ਸਾਜ਼ਿਸ਼, ਜਬਰਦਸਤੀ ਦੁਆਰਾ ਵਣਜ ਵਿੱਚ ਦਖਲ ਦੇਣ ਦੀ ਸਾਜ਼ਿਸ਼ ਅਤੇ ਕੋਸ਼ਿਸ਼, ਅਤੇ ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਰੱਖਣ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਗਏ ਸਨ।ਏਜੰਸੀ ਨੇ ਕਿਹਾ ਕਿ ਬਰਾੜ ਦੇ ਕੈਨੇਡਾ, ਭਾਰਤ ਅਤੇ ਮੈਕਸੀਕੋ ਤੋਂ ਇਲਾਵਾ ਕੈਲੀਫ਼ੋਰਨੀਆ ਦੇ ਸੈਕਰਾਮੈਂਟੋ ਅਤੇ ਫ਼੍ਰੇਸਨੋ ਨਾਲ ਸਬੰਧ ਹਨ।ਇਹ ਇਨਾਮ ਦਾ ਐਲਾਨ 'ਅਪਰੇਸ਼ਨ ਹਾਰਡ ਬਾਲ' ਦੇ ਤੁਰੰਤ ਬਾਅਦ ਆਇਆ ਹੈ, ਜੋ ਅਮਰੀਕੀ ਕੈਨੇਡੀਅਨ ਅਤੇ ਯੂਰਪੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਇੱਕ ਤਾਲਮੇਲ ਵਾਲੀ ਕਾਰਵਾਈ ਹੈ ਜਿਸ ਕਾਰਨ 24 ਗ੍ਰਿਫ਼ਤਾਰੀਆਂ ਹੋਈਆਂ ਅਤੇ ਤਿੰਨ ਭਾਰਤ-ਅਧਾਰਤ ਸੰਗਠਿਤ ਅਪਰਾਧ ਸਿੰਡੀਕੇਟਾਂ ਨਾਲ ਜੁੜੇ 37 ਦੋਸ਼ੀਆਂ ਵਿਰੁੱਧ ਦੋਸ਼ ਪੱਤਰ ਖੋਲ੍ਹੇ ਗਏ।

ਬਿਸ਼ਨੋਈ ਅਤੇ ਬਰਾੜ 'ਤੇ ਨਿੱਝਰ ਦੇ ਕਤਲ ਦਾ ਹੁਕਮ ਦੇਣ ਦਾ ਦੋਸ਼ ਹੈ, ਜਿਸ ਨੂੰ 18 ਜੂਨ, 2023 ਨੂੰ ਸਰੀ ਵਿੱਚ ਇੱਕ ਸਿੱਖ ਗੁਰਦੁਆਰੇ ਦੇ ਬਾਹਰ ਦੋ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਇੱਕ ਅਜਿਹਾ ਕਤਲ ਜਿਸ ਨੇ ਭਾਰਤ-ਕੈਨੇਡਾ ਕੂਟਨੀਤਕ ਸਬੰਧਾਂ ਨੂੰ ਪਹਿਲਾਂ ਹੀ ਤਣਾਅਪੂਰਨ ਕਰ ਦਿੱਤਾ ਸੀ, ਜਦੋਂ ਓਟਾਵਾ ਨੇ ਭਾਰਤੀ ਸਰਕਾਰੀ ਏਜੰਟਾਂ ਅਤੇ ਕਤਲ ਦੇ ਵਿਚਕਾਰ ਸਬੰਧਾਂ ਦਾ ਦੋਸ਼ ਲਗਾਇਆ ਸੀ, ਇੱਕ ਅਜਿਹਾ ਦੋਸ਼ ਜਿਸ ਨੂੰ ਨਵੀਂ ਦਿੱਲੀ ਨੇ ਵਾਰ-ਵਾਰ ਨਕਾਰਿਆ ਹੈ। ਕੈਨੇਡਾ ਨੇ ਸਤੰਬਰ 2025 ਵਿੱਚ ਬਿਸ਼ਨੋਈ ਨੈੱਟਵਰਕ ਨੂੰ ਅਤਿਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਸੀ।

ਬਰਾੜ, ਜਿਸ ਨੂੰ ਦੋਸ਼ ਪੱਤਰ ਵਿੱਚ ਬਿਸ਼ਨੋਈ ਦਾ ਬਚਪਨ ਦਾ ਦੋਸਤ ਅਤੇ ਉੱਤਰੀ ਅਮਰੀਕਾ ਵਿੱਚ ਉੱਦਮ ਦਾ ਮੁਖੀ ਦੱਸਿਆ ਗਿਆ ਹੈ, ਨੂੰ ਲਾਸ ਏਂਜਲਸ ਅਤੇ ਥਾਉਜ਼ੈਂਡ ਓਕਸ ਵਿੱਚ ਪੀੜਤਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਜਬਰਦਸਤੀ ਦੇ ਮਾਮਲਿਆਂ ਦੀ ਇੱਕ ਲੜੀ ਅਤੇ ਇੱਕ ਪ੍ਰਮੁੱਖ ਭਾਰਤੀ ਅਦਾਕਾਰ-ਗਾਇਕ ਦੀ ਵੈਨਕੂਵਰ ਰਿਹਾਇਸ਼ 'ਤੇ 2023 ਵਿੱਚ ਹੋਈ ਗੋਲੀਬਾਰੀ ਦੇ ਸਬੰਧ ਵਿੱਚ ਵੀ ਨਾਮਜ਼ਦ ਕੀਤਾ ਗਿਆ ਹੈ।ਉਹ ਅਜੇ ਵੀ ਫ਼ਰਾਰ ਹੈ, ਅਤੇ ਇਸ ਕੇਸ ਵਿੱਚ ਅਜੇ ਵੀ ਦਸ ਭਗੌੜਿਆਂ ਵਿੱਚੋਂ ਇੱਕ ਹੈ, ਜਿਨ੍ਹਾਂ ਵਿੱਚੋਂ ਸੱਤ ਅਮਰੀਕਾ ਵਿੱਚ ਹਨ।

# ਪੰਜਾਬ ਕਾਂਗਰਸ ਵਿੱਚ ਫੁੱਟ, ਹੁਣ ਰਾਹੁਲ ਗਾਂਧੀ ਦੇ ਹੱਥ ਕਮਾਨ

## ਬਘੇਲ ਦੇ ਆਉਂਦਿਆਂ ਹੀ ਕਾਂਗਰਸ ਵਿੱਚ ਬਗਾਵਤ



ਪੰਜਾਬ ਵਿੱਚ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਕਾਂਗਰਸ ਹਾਈਕਮਾਨ ਸਰਵੇਖਣ ਟੀਮਾਂ ਭੇਜ ਕੇ ਜ਼ਮੀਨੀ ਪੱਧਰ 'ਤੇ ਸਰਗਰਮੀਆਂ ਤੇਜ਼ ਕਰ ਰਹੀ ਹੈ, ਉੱਥੇ ਹੀ ਸੂਬਾਈ ਲੀਡਰਸ਼ਿਪ ਦੀ ਆਪਸੀ ਖਾਨਾਜੰਗੀ ਨੇ ਇਨ੍ਹਾਂ ਸਾਰੀਆਂ ਤਿਆਰੀਆਂ 'ਤੇ ਪਾਣੀ ਫੇਰ ਦਿੱਤਾ ਹੈ।ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਚੰਡੀਗੜ੍ਹ ਵਿੱਚ ਡੇਰੇ ਲਾਈ ਬੈਠੇ ਹਨ, ਪਰ ਪਾਰਟੀ ਦੇ ਦਿੱਗਜ ਆਗੂ—ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਪਰਗਟ ਸਿੰਘ—ਚੰਡੀਗੜ੍ਹ ਦੀਆਂ ਬੈਠਕਾਂ ਦਾ ਬਾਈਕਾਟ ਕਰਕੇ ਦਿੱਲੀ ਦਰਬਾਰ ਵਿੱਚ ਕੁੰਡੀ ਲਾਈ ਬੈਠੇ ਹਨ।ਇਹ ਸਥਿਤੀ ਸਾਬਤ ਕਰਦੀ ਹੈ ਕਿ ਪਾਰਟੀ ਅੰਦਰਲਾ ਕਲੇਸ਼ ਹੁਣ ਉਸ ਮੋੜ 'ਤੇ ਪਹੁੰਚ ਚੁੱਕਾ ਹੈ, ਜਿੱਥੇ ਸੂਬਾ ਪੱਧਰੀ ਗੱਲਬਾਤ ਦੇ ਸਾਰੇ ਰਸਤੇ ਬੰਦ ਨਜ਼ਰ ਆ ਰਹੇ ਹਨ।

**ਖਿੱਚੋਤਾਣ ਤੇਜ਼ ਹੋਣ ਦੇ ਮੁੱਖ ਕਾਰਨ ਕੀ ਹਨ ?**

ਪੰਜਾਬ ਕਾਂਗਰਸ ਦੇ ਦੋ ਧੜਿਆਂ (ਇੱਕ ਪਾਸੇ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਦੂਜੇ ਪਾਸੇ ਚੰਨੀ-ਰੰਧਾਵਾ ਗੱਠਜੋੜ) ਵਿਚਾਲੇ ਚੱਲ ਰਹੇ ਇਸ ਟਕਰਾਅ ਦੇ ਪਿੱਛੇ ਤਿੰਨ ਮੁੱਖ ਕਾਰਨ ਹਨ:

ਹਾਲ ਹੀ ਵਿੱਚ ਹਾਈਕਮਾਨ ਵੱਲੋਂ ਬਣਾਈਆਂ ਗਈਆਂ ਚੋਣ ਕਮੇਟੀਆਂ, ਕੋਰ ਕਮੇਟੀ ਅਤੇ ਹੋਰ ਜਥੇਬੰਦਕ ਨਿਯੁਕਤੀਆਂ ਵਿੱਚ ਸੀਨੀਅਰ ਆਗੂਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਸਮਰਥਕਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ ਅਤੇ ਸੂਬਾ ਪ੍ਰਧਾਨ ਰਾਜਾ ਵੜਿੰਗ ਆਪਣੇ ਪਸੰਦੀਦਾ ਚਿਹਰਿਆਂ ਨੂੰ ਅੱਗੇ ਵਧਾ ਰਹੇ ਹਨ।

ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਹਨ ਅਤੇ ਮੌਜੂਦਾ ਸਮੇਂ ਪ੍ਰਚਾਰ ਕਮੇਟੀ ਦੇ ਚੇਅਰਮੈਨ ਹਨ, ਜਦਕਿ ਰੰਧਾਵਾ ਕੋਰ ਕਮੇਟੀ ਦੇ ਮੁਖੀ ਹਨ। ਦੂਜੇ ਪਾਸੇ ਰਾਜਾ ਵੜਿੰਗ ਸੂਬਾ ਪ੍ਰਧਾਨ ਹਨ। ਇਨ੍ਹਾਂ ਸਾਰੇ ਆਗੂਆਂ ਵਿਚਾਲੇ ਇਹ ਸਪੱਸ਼ਟ ਕਰਨ ਦੀ ਜੰਗ ਚੱਲ ਰਹੀ ਹੈ ਕਿ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਕਮਾਨ ਕਿਸਦੇ ਹੱਥ ਹੋਵੇਗੀ। (ਬਾਕੀ ਸਫ਼ਾ 27 'ਤੇ)

# ਟਰੰਪ ਨੇ ਕ੍ਰਿਪਟੋਕਰੰਸੀ ਅਤੇ ਹੋਰ ਕਾਰੋਬਾਰੀ ਗਤੀਵਿਧੀਆਂ ਤੋਂ 1 ਅਰਬ ਡਾਲਰ ਕਮਾਏ

## ਆਪਣੇ ਲਗਜ਼ਰੀ ਰਿਜ਼ਾਰਟ ਅਤੇ ਗੋਲ੍ਫ ਕਲੱਬਾਂ ਤੋਂ ਵੀ ਟਰੰਪ ਨੇ ਮੋਟੀ ਕਮਾਈ ਕੀਤੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ 2025 ਦੀ ਲਾਜ਼ਮੀ ਵਿੱਤੀ ਰਿਪੋਰਟ ’ਚ ਹੈਰਾਨ ਕਰਨ ਵਾਲੇ ਖੁਲਾਸੇ ਸਾਹਮਣੇ ਆਏ ਹਨ। ਲੱਗਭਗ 927 ਪੰਨਿਆਂ ਦੀ ਇਸ ਰਿਪੋਰਟ ਦੇ ਅਨੁਸਾਰ ਟਰੰਪ ਨੇ ਪਿਛਲੇ ਸਾਲ ਕ੍ਰਿਪਟੋਕਰੰਸੀ ਅਤੇ ਹੋਰ ਕਾਰੋਬਾਰੀ ਗਤੀਵਿਧੀਆਂ ਤੋਂ 1 ਅਰਬ ਡਾਲਰ (ਲੱਗਭਗ 8,500 ਕਰੋੜ ਰੁਪਏ) ਤੋਂ ਵੱਧ ਦੀ ਕਮਾਈ ਕੀਤੀ। ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਵਿਚ ਹਿੱਤਾਂ ਦੇ ਟਕਰਾਅ ਅਤੇ ਸਿਆਸੀ ਨੈਤਿਕਤਾ ਨੂੰ ਲੈ ਕੇ ਬਹਿਸ ਤੇਜ਼ ਹੋ ਗਈ ਹੈ।

**ਟਰੰਪ ਮੀਮ ਕਾਇਨ ਤੋਂ ਹੋਈ ਮੋਟੀ ਕਮਾਈ**

ਰਿਪੋਰਟ ਅਨੁਸਾਰ ਟਰੰਪ ਨੂੰ ਉਨ੍ਹਾਂ ਦੇ ‘ਟਰੰਪ ਮੀਮ ਕਾਇਨ’ ਤੋਂ ਹੀ ਲੱਗਭਗ 63.5 ਕਰੋੜ ਡਾਲਰ (ਲੱਗਭਗ 5,400 ਕਰੋੜ ਰੁਪਏ) ਦੀ ਰਾਇਲਟੀ ਮਿਲੀ। ਇਹ ਕਾਇਨ ਉਨ੍ਹਾਂ ਨੇ ਰਾਸ਼ਟਰਪਤੀ ਅਹੁਦਾ ਸੰਭਾਲਣ ਤੋਂ ਕੁਝ ਦਿਨ ਪਹਿਲਾਂ ਲਾਂਚ ਕੀਤਾ ਸੀ। ਹਾਲਾਂਕਿ ਲਾਂਚ ਹੋਣ ਤੋਂ ਬਾਅਦ ਇਸ ਦੀ ਬਾਜ਼ਾਰੀ ਕੀਮਤ ਵਿੱਚ ਭਾਰੀ ਗਿਰਾਵਟ ਆਈ, ਪਰ ਸ਼ੁਰੂਆਤੀ ਨਿਵੇਸ਼ ਅਤੇ ਪ੍ਰਚਾਰ ਤੋਂ ਟਰੰਪ ਨੂੰ ਜ਼ਬਰਦਸਤ ਮੁਨਾਫ਼ਾ ਹੋਇਆ।

**ਪੁੱਤਰਾਂ ਦੀ ਕੰਪਨੀ ਤੋਂ ਵੀ ਮਿਲਿਆ ਮੋਟਾ ਮੁਨਾਫ਼ਾ**

ਟਰੰਪ ਨੇ ਆਪਣੇ ਪੁੱਤਰਾਂ ਵੱਲੋਂ ਸਥਾਪਿਤ ਕ੍ਰਿਪਟੋ ਕੰਪਨੀ ‘ਵਰਲਡ ਲਿਬਰਟੀ ਫਾਈਨੈਂਸ਼ੀਅਲ’ ਤੋਂ ਵੀ 50 ਕਰੋੜ ਡਾਲਰ (ਲੱਗਭਗ 4,250 ਕਰੋੜ ਰੁਪਏ) ਤੋਂ ਵੱਧ ਦੀ ਆਮਦਨ ਦਿਖਾਈ ਹੈ। ਇਸ ਕੰਪਨੀ ਵਿੱਚ ਟਰੰਪ ਪਰਿਵਾਰ ਤੋਂ ਇਲਾਵਾ ਉਨ੍ਹਾਂ ਦੇ ਵਿਸ਼ੇਸ਼ ਦੂਤ ਸਟੀਵ ਵਿਟਕਾਫ ਦੇ ਬੱਚਿਆਂ ਦੀ ਵੀ ਹਿੱਸੇਦਾਰੀ ਦੱਸੀ ਗਈ ਹੈ।

**ਪਹਿਲਾਂ ਕ੍ਰਿਪਟੋ ਦੇ ਵਿਰੋਧੀ ਸਨ ਟਰੰਪ**

ਦਿਲਚਸਪ ਗੱਲ ਇਹ ਹੈ ਕਿ ਟਰੰਪ ਕਦੇ ਕ੍ਰਿਪਟੋਕਰੰਸੀ ਦੇ ਕੱਟੜ ਆਲੋਚਕ ਰਹੇ ਹਨ। ਸਾਲ 2021 ਵਿੱਚ ਉਨ੍ਹਾਂ ਨੇ ਬਿਟਕਾਇਨ ਨੂੰ ‘ਧੋਖਾ’ ਅਤੇ ‘ਭਵਿੱਖ ਦਾ ਸੰਕਟ’ ਦੱਸਿਆ ਸੀ ਪਰ 2024 ਦੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਆਪਣਾ ਰੁਖ ਬਦਲਦਿਆਂ ਅਮਰੀਕਾ ਨੂੰ ‘ਕ੍ਰਿਪਟੋ ਕੈਪੀਟਲ ਆਫ਼ ਦਿ ਪਲੈਨਿਟ’ ਬਣਾਉਣ ਦਾ ਵਾਅਦਾ ਕੀਤਾ। ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ



ਡਿਜੀਟਲ ਐਸੇਟਸ ਦੇ ਵਿਕਾਸ ਨੂੰ ਸਮਰਥਨ ਦੇਣ ਵਾਲਾ ਹੁਕਮ ਵੀ ਜਾਰੀ ਕੀਤਾ।

**ਮਾਹਿਰਾਂ ਨੇ ਨੈਤਿਕਤਾ ’ਤੇ ਚੁੱਕੇ ਸਵਾਲ**

ਵ੍ਹਾਈਟ ਹਾਊਸ ਦੇ ਸਾਬਕਾ ਐਥਿਕਸ ਵਕੀਲ ਰਿਚਰਡ ਪੇਂਟਰ ਨੇ ਟਰੰਪ ਦੀ ਕਮਾਈ ਨੂੰ ਅਸਾਧਾਰਨ ਦੱਸਦੇ ਹੋਏ ਇਸ ਨੂੰ ਸਪੱਸ਼ਟ ਹਿੱਤਾਂ ਦਾ ਟਕਰਾਅ ਕਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਮੌਜੂਦਾ ਰਾਸ਼ਟਰਪਤੀ ਦਾ ਆਪਣੇ ਕਾਰੋਬਾਰੀ ਹਿੱਤਾਂ ਤੋਂ ਇੰਨਾ ਵੱਡਾ ਫਾਇਦਾ ਉਠਾਉਣਾ ਬੇਮਿਸਾਲ ਹੈ। ਵੈਲਥ ਮੈਨੇਜਮੈਂਟ ਮਾਹਰ ਵਿਲ ਵਾਕਰ-ਅਰਨੌਟ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਅਤੇ ਜਾਰਜ ਬੁਸ਼ ਨੇ ਆਪਣੇ ਕਾਰੋਬਾਰਾਂ ਨੂੰ ਵੱਖ ਕਰ ਦਿੱਤਾ ਸੀ ਪਰ ਟਰੰਪ ਵੱਖਰੇ ਤਰੀਕੇ ਨਾਲ ਕੰਮ ਕਰ ਰਹੇ ਹਨ।

**ਰੀਅਲ ਅਸਟੇਟ ਅਤੇ ਗੋਲ੍ਫ ਕਲੱਬਾਂ ਤੋਂ ਵੀ ਕਰੋੜਾਂ ਦੀ ਆਮਦਨ**

ਕ੍ਰਿਪਟੋ ਤੋਂ ਇਲਾਵਾ ਟਰੰਪ ਨੇ ਆਪਣੇ ਲਗਜ਼ਰੀ ਰਿਜ਼ਾਰਟ ਅਤੇ ਗੋਲ੍ਫ ਕਲੱਬਾਂ ਤੋਂ ਵੀ ਮੋਟੀ ਕਮਾਈ ਕੀਤੀ। ਫਲੋਰਿਡਾ ਸਥਿਤ ‘ਮਾਰ-ਏ-ਲਾਗੋ’ ਕਲੱਬ ਤੋਂ ਉਨ੍ਹਾਂ ਨੂੰ ਲੱਗਭਗ 7.7 ਕਰੋੜ ਡਾਲਰ (ਕਰੀਬ 655 ਕਰੋੜ ਰੁਪਏ) ਅਤੇ ‘ਡੋਰਲ ਗੋਲ੍ਫ ਕਲੱਬ’ ਤੋਂ 12.2 ਕਰੋੜ ਡਾਲਰ (ਲੱਗਭਗ 1,037 ਕਰੋੜ ਰੁਪਏ) ਦੀ ਆਮਦਨ ਹੋਈ। ਇਸ ਤੋਂ ਇਲਾਵਾ ਨਿਊ ਜਰਸੀ, ਫਲੋਰਿਡਾ ਅਤੇ ਸਕਾਟਲੈਂਡ ਸਥਿਤ ਗੋਲ੍ਫ ਕਲੱਬਾਂ ਤੋਂ ਵੀ ਕਰੋੜਾਂ ਡਾਲਰ ਦੀ ਕਮਾਈ ਦਰਜ ਕੀਤੀ ਗਈ ਹੈ।

**ਟਰੰਪ ਬ੍ਰਾਂਡਿਡ ਸਾਮਾਨ ਤੋਂ ਵੀ ਵਰ੍ਹਿਆ ਪੈਸਾ**

ਵਿੱਤੀ ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਟਰੰਪ ਨੇ ਆਪਣੇ ਨਾਂ ’ਤੇ ਵਿਕਣ ਵਾਲੀਆਂ ਘੜੀਆਂ, ਬਾਈਬਲ, ਪ੍ਰਫ਼ਿਊਮ, ਜੁੱਤੀਆਂ ਅਤੇ ਗਿਟਾਰ ਤੋਂ ਵੀ ਲੱਖਾਂ ਡਾਲਰ ਕਮਾਏ। ਸਿਰਫ਼ ਟਰੰਪ ਬ੍ਰਾਂਡਿਡ ਘੜੀਆਂ ਤੋਂ ਹੀ ਕਰੀਬ 47 ਲੱਖ ਡਾਲਰ (ਲੱਗਭਗ 40 ਕਰੋੜ ਰੁਪਏ) ਦੀ ਰਾਇਲਟੀ ਮਿਲੀ।

**ਮੇਲਾਨੀਆ ਟਰੰਪ ਨੇ ਵੀ ਕਮਾਏ ਕਰੋੜਾਂ**

ਫ਼ਸਟ ਲੇਡੀ ਮੇਲਾਨੀਆ ਟਰੰਪ ਨੇ ਵੀ ਆਪਣੀ ਡਾਕੂਮੈਂਟਰੀ ਅਤੇ ਐੱਨ.ਐੱਫ.ਟੀ. ਦੀ ਵਿਕਰੀ ਤੋਂ ਮੋਟੀ ਆਮਦਨ ਦਰਜ ਕੀਤੀ। ਰਿਪੋਰਟ ਦੇ ਅਨੁਸਾਰ, ਉਨ੍ਹਾਂ ਨੂੰ ਡਾਕੂਮੈਂਟਰੀ ਲਾਇਸੈਂਸ ਸਮਝੌਤੇ ਤੋਂ 1.07 ਕਰੋੜ ਡਾਲਰ (ਕਰੀਬ 91 ਕਰੋੜ ਰੁਪਏ) ਅਤੇ ਐੱਨ.ਐੱਫ.ਟੀ. ਵਿਕਰੀ ਤੋਂ 60 ਲੱਖ ਡਾਲਰ (ਲੱਗਭਗ 51 ਕਰੋੜ ਰੁਪਏ) ਪ੍ਰਾਪਤ ਹੋਏ।

**ਟਰੰਪ ਦੀ ਕੁੱਲ ਜਾਇਦਾਦ ’ਚ ਤੇਜ਼ ਉਛਾਲ**

ਫ਼ੋਰਬਸ ਮੈਗਜ਼ੀਨ ਦੇ ਅਨੁਸਾ, ਟਰੰਪ ਦੀ ਕੁੱਲ ਜਾਇਦਾਦ ਹੁਣ ਵੱਧ ਕੇ ਲੱਗਭਗ 6 ਅਰਬ ਡਾਲਰ (ਕਰੀਬ 51 ਹਜ਼ਾਰ ਕਰੋੜ ਰੁਪਏ) ਤੱਕ ਪਹੁੰਚ ਗਈ ਹੈ, ਜਦਕਿ ਬਲੂਮਬਰਗ ਇੰਡੈਕਸ ਇਸ ਨੂੰ 7.6 ਅਰਬ ਡਾਲਰ ਭਾਵ ਕਰੀਬ 64 ਹਜ਼ਾਰ ਕਰੋੜ ਰੁਪਏ ਦੱਸਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਕ੍ਰਿਪਟੋ ਨਿਵੇਸ਼ ਅਤੇ ਡਿਜੀਟਲ ਕਾਰੋਬਾਰ ਨੇ ਟਰੰਪ ਦੀ ਜਾਇਦਾਦ ਵਿਚ ਸਭ ਤੋਂ ਵੱਡਾ ਵਾਧਾ ਕੀਤਾ ਹੈ।

**ਵ੍ਹਾਈਟ ਹਾਊਸ ਨੇ ਦੋਸ਼ਾਂ ਨੂੰ ਕੀਤਾ ਖਾਰਜ**

ਵ੍ਹਾਈਟ ਹਾਊਸ ਨੇ ਇਨ੍ਹਾਂ ਕਮਾਈਆਂ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੇ ਹਿੱਤਾਂ ਦੇ ਟਕਰਾਅ ਤੋਂ ਇਨਕਾਰ ਕੀਤਾ ਹੈ। ਡਿਪਟੀ ਪ੍ਰੈੱਸ ਸਕੱਤਰ ਐਨਾ ਕੇਲੀ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਅਮਰੀਕਾ ਨੂੰ ਦੁਨੀਆ ਦੀ ਕ੍ਰਿਪਟੋ ਰਾਜਧਾਨੀ ਬਣਾਉਣ ਦੀ ਦਿਸ਼ਾ ਵਿਚ ਕੰਮ ਕੀਤਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਟਰੰਪ ਪਰਿਵਾਰ ਨੇ ਕਦੇ ਵੀ ਨਿੱਜੀ ਫਾਇਦੇ ਲਈ ਸਰਕਾਰੀ ਅਹੁਦੇ ਦੀ ਵਰਤੋਂ ਨਹੀਂ ਕੀਤੀ।

# ਟਰੰਪ ਵੱਲੋਂ ਨਵਾਂ ਅਮਰੀਕੀ ਪਾਸਪੋਰਟ ਜਾਰੀ




ਵਾਸ਼ਿੰਗਟਨ/ਏ.ਟੀ.ਨਿਊਜ਼: ਟਰੰਪ ਨੇ ਇੱਕ ਸੀਮਤ ਐਡੀਸ਼ਨ ਦਾ ਨਵਾਂ ਅਮਰੀਕੀ ਪਾਸਪੋਰਟ ਪੇਸ਼ ਕੀਤਾ ਹੈ, ਜਿਸ ਵਿੱਚ ਉਨ੍ਹਾਂ ਦੀ ਗੰਭੀਰ ਮੁਦਰਾ ਵਾਲੀ ਤਸਵੀਰ ਸ਼ਾਮਲ ਹੈ। ਉਹ ਕਿਸੇ ਵੀ ਮੌਜੂਦਾ ਅਮਰੀਕੀ ਰਾਸ਼ਟਰਪਤੀ ਵਿੱਚੋਂ ਪਹਿਲੇ ਅਜਿਹੇ ਰਾਸ਼ਟਰਪਤੀ ਹੋਣਗੇ, ਜਿਨ੍ਹਾਂ ਦੀ ਤਸਵੀਰ ਪਾਸਪੋਰਟ ਵਿੱਚ ਹੋਵੇਗੀ।

ਟਰੰਪ ਨੇ ਆਪਣੇ ‘ਟਰੂਥ ਸੋਸ਼ਲ’ ਪਲੇਟਫਾਰਮ ’ਤੇ ਪਾਸਪੋਰਟ ਦੀ ਇੱਕ ਮੌਕ-ਅੱਪ (ਨਮੂਨਾ) ਤਸਵੀਰ ਸਾਂਝੀ ਕਰਦੇ ਹੋਏ ਲਿਖਿਆ, ‘ਅਮਰੀਕਾ ਦਾ ਨਵਾਂ ਪਾਸਪੋਰਟ’, ਜਿਸ ਵਿੱਚ ਲਿਖਿਆ ਹੈ - ‘ਸਵਾਗਤ ਹੈ ਪਰ ਤਮੀਜ਼ ਨਾਲ ਰਹਿਣਾ’।

ਪਾਸਪੋਰਟ ਵਿੱਚ ਟਰੰਪ ਦੀ ਤਸਵੀਰ ਦਿਖਾਈ ਗਈ ਹੈ, ਜਿਸ ਵਿੱਚ ਉਹ ਮੇਜ਼ ’ਤੇ ਝੁਕੇ ਹੋਏ ਗੁੱਸੇ/ਗੰਭੀਰ ਮੁਦਰਾ ਵਿੱਚ ਹਨ। ਇਸ ’ਤੇ ਉਨ੍ਹਾਂ ਦੇ ਦਸਤਖਤ ਵੀ ਹਨ ਅਤੇ ਬੈਕਗ੍ਰਾਊਂਡ ਵਿੱਚ ਆਜ਼ਾਦੀ ਦੇ ਐਲਾਨਨਾਮੇ ਦਾ ਟੈਕਸਟ ਹੈ। ਇਹ ਤਸਵੀਰ ਵ੍ਹਾਈਟ ਹਾਊਸ ਦੇ ਫੋਟੋਗ੍ਰਾਫਰ ਡੈਨੀਅਲ ਟੋਰੋਕ ਦੁਆਰਾ ਲਈ ਗਈ ਜਾਪਦੀ ਹੈ। ਦੂਜੇ ਪਾਸੇ 1776 ਵਿੱਚ ਐਲਾਨਨਾਮੇ ’ਤੇ ਦਸਤਖਤ ਕਰਨ ਦੀ ਪੇਂਟਿੰਗ ਅਤੇ ‘ਯੂਨਾਈਟਿਡ ਸਟੇਟਸ ਆਫ ਅਮਰੀਕਾ 250’ ਲਿਖਿਆ ਹੋਇਆ ਹੈ। ਵ੍ਹਾਈਟ ਹਾਊਸ ਨੇ ਇਸ ਨੂੰ ‘ਪੈਟ੍ਰੀਅਟ ਪਾਸਪੋਰਟ’ ਦਾ ਨਾਂਅ ਦਿੱਤਾ ਹੈ। ਸਟੇਟ ਡਿਪਾਰਟਮੈਂਟ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਕਸਟਮ ਆਰਟਵਰਕ ਵਾਲਾ ਇਹ ਯਾਦਗਾਰੀ ਪਾਸਪੋਰਟ ਸਿਰਫ਼ ਵਾਸ਼ਿੰਗਟਨ ਵਿੱਚ ਵਿਅਕਤੀਗਤ ਤੌਰ ’ਤੇ ਮਿਲਣ ’ਤੇ ਹੀ ਸੀਮਤ ਗਿਣਤੀ ਵਿੱਚ ਮਿਲੇਗਾ।ਟਰੰਪ ਨੇ ਸਰਕਾਰੀ ਸੰਸਥਾਵਾਂ ’ਤੇ ਆਪਣਾ ਨਿੱਜੀ ਪ੍ਰਭਾਵ ਵਧਾਇਆ ਹੈ। ਕਈ ਸਰਕਾਰੀ ਇਮਾਰਤਾਂ ’ਤੇ ਉਨ੍ਹਾਂ ਦੇ ਬੈਨਰ ਲੱਗੇ ਹੋਏ ਹਨ। ਇੱਕ ਡਾਲਰ ਦੇ ਨੋਟ ’ਤੇ ਉਨ੍ਹਾਂ ਦੇ ਦਸਤਖਤ ਆਉਣ ਵਾਲੇ ਹਨ ਅਤੇ ਉਨ੍ਹਾਂ ਨੇ ਕੇਨੇਡੀ ਸੈਂਟਰ ਦਾ ਨਾਂਅ ਵੀ ਆਪਣੇ ਨਾਂਅ ’ਤੇ ਰੱਖਣ ਦੀ ਕੋਸ਼ਿਸ਼ ਕੀਤੀ ਸੀ (ਹਾਲਾਂਕਿ ਅਦਾਲਤ ਨੇ ਇਸ ’ਤੇ ਰੋਕ ਲਗਾ ਦਿੱਤੀ)।

# ਮਾਈਕਰੋਸਾਫਟ ਵੱਲੋਂ 4,800 ਨੌਕਰੀਆਂ ਵਿੱਚ ਕਟੌਤੀ

ਰੈੱਡਮੰਡ (ਵਾਸ਼ਿੰਗਟਨ)/ਏ.ਟੀ.ਨਿਊਜ਼: ਮਾਈਕਰੋਸਾਫਟ ਆਪਣੀ ਵਿਸ਼ਵਵਿਆਪੀ ਕਰਮਚਾਰੀ ਗਿਣਤੀ ਦੇ ਲਗਪਗ 2.1 ਪ੍ਰਤੀਸ਼ਤ ਯਾਨੀ 4,800 ਨੌਕਰੀਆਂ ਵਿੱਚ ਕਟੌਤੀ ਕਰ ਰਿਹਾ ਹੈ, ਜਿਸ ਵਿੱਚ ਇਸਦੇ ਐਕਸਬਾਕਸ ਵੀਡੀਓ ਗੇਮ ਕਾਰੋਬਾਰ ਦੇ ਕਰਮਚਾਰੀਆਂ ਦੀ ਇੱਕ ਵੱਡੀ ਗਿਣਤੀ ਵੀ ਸ਼ਾਮਲ ਹੈ।




ਕੰਪਨੀ ਦੇ ਬੁਲਾਰੇ ਨੇ ਕਿਹਾ ਕਿ ਛਾਂਟੀ ਵਿੱਚ 1,600 ਐਕਸਬਾਕਸ ਕਰਮਚਾਰੀ ਸ਼ਾਮਲ ਹਨ ਅਤੇ ਇੱਕ ਵਿਆਪਕ ਪੁਨਰਗਠਨ ਦੇ ਹਿੱਸੇ ਵਜੋਂ ਇਸ ਸਾਲ ਹੋਰ ਵੀ ਛਾਂਟੀ ਕੀਤੀ ਜਾਵੇਗੀ। ਇਸ ਕਾਰਵਾਈ ਦਾ ਉਦੇਸ਼ ਐਕਸਬਾਕਸ ਨੂੰ ‘ਰੀਸੈਟ’ ਕਰਨਾ ਹੈ ਕਿਉਂਕਿ ਇਸਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਗੇਮਿੰਗ ਡਿਵੀਜ਼ਨ ਦੀ ਵਾਗਡੋਰ ਸੰਭਾਲਣ ਵਾਲੀ ਐਕਸਬਾਕਸ ਦੀ ਸੀ.ਈ.ਓ. ਆਸ਼ਾ ਸ਼ਰਮਾ ਦੇ ਇੱਕ ਮੀਮੋ ਵਿੱਚ ਕਿਹਾ ਗਿਆ ਹੈ, ‘ਸਾਡਾ ਕਾਰੋਬਾਰ ਅੱਜ ਸਿਹਤਮੰਦ ਨਹੀਂ ਹੈ।’ ‘ਅਸੀਂ ਅਜਿਹੇ ਮੁਨਾਫ਼ੇ (ਮਾਰਜਿਨ) ’ਤੇ ਕੰਮ ਕਰ ਰਹੇ ਹਾਂ ਜੋ ਤੁਲਨਾਤਮਕ ਪਲੇਟਫਾਰਮ ਅਤੇ ਪ੍ਰਕਾਸ਼ਨ ਕਾਰੋਬਾਰਾਂ ਨਾਲੋਂ 3-10 ਗੁਣਾ ਘੱਟ ਹਨ।’

ਸ਼ਰਮਾ ਨੇ ਕਿਹਾ ਕਿ ਇਹ ਉਦਯੋਗ, ਜਿਸ ਵਿੱਚ ਐਕਸਬਾਕਸ ਸੋਨੀ ਦੇ ਪਲੇਅਸਟੇਸ਼ਨ ਅਤੇ ਨਿਨਟੈਂਡੋ ਦੇ ਸਵਿੱਚ ਨਾਲ ਮੁਕਾਬਲਾ ਕਰਦਾ ਹੈ, ਇੱਕ ਗੰਭੀਰ ‘ਹਾਰਡਵੇਅਰ ਸੰਕਟ’ ਦਾ ਸਾਹਮਣਾ ਕਰ ਰਿਹਾ ਹੈ ਕਿਉਂਕਿ ਕੰਸੋਲ ਦੇ ਹਿੱਸਿਆਂ (ਕੰਪੋਨੈਂਟਸ) ਲਈ ਲਾਗਤਾਂ ਅਸਮਾਨ ਨੂੰ ਛੂਹ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਪਿਛਲੇ ਹਫ਼ਤੇ ਸ਼ੁਰੂ ਹੋਏ ਵਿੱਤੀ ਸਾਲ ਦੌਰਾਨ 1,600 ਹੋਰ ਨੌਕਰੀਆਂ ਦੀ ਕਟੌਤੀ ਦੀ ਉਮੀਦ ਕੀਤੀ ਜਾ ਸਕਦੀ ਹੈ। ਕੰਪਨੀ ਚਾਰ ਵੀਡੀਓ ਗੇਮ ਡਿਵੈਲਪਮੈਂਟ ਸਟੂਡੀਓਜ਼ ਨੂੰ ਵੀ ਵੱਖ ਕਰ ਰਹੀ ਹੈ ਜਿਨ੍ਹਾਂ ਨੂੰ ਪਹਿਲਾਂ ਮਾਈਕਰੋਸਾਫਟ ਦੁਆਰਾ ਹਾਸਲ ਕੀਤਾ ਗਿਆ ਸੀ।

ਐਕਸਬਾਕਸ ਵਿੱਚ ਕੀਤੀ ਗਈ ਕਟੌਤੀ ਮਾਈਕਰੋਸਾਫਟ ਦੀ ਵਿਆਪਕ ਛਾਂਟੀ ਤੋਂ ਇਲਾਵਾ ਹੈ, ਜਿਸ ਨੂੰ ਸਾਫਟਵੇਅਰ ਦਿੱਗਜ ਕੰਪਨੀ ਦੀ ਚੀਫ਼ ਪੀਪਲ ਅਫਸਰ ਐਮੀ ਕੋਲਮੈਨ ਨੇ ਗਾਹਕਾਂ ਦੀਆਂ ਲੋੜਾਂ ਵਿੱਚ ਅਣਦੱਸੀਆਂ ਤਬਦੀਲੀਆਂ ਨਾਲ ਜੋੜਿਆ ਹੈ।

ਕੋਲਮੈਨ ਨੇ ਇੱਕ ਬਲਾਗ ਪੋਸਟ ਵਿੱਚ ਲਿਖਿਆ, ‘ਮੈਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੀ ਹਾਂ ਕਿ ਅੱਜ ਖਤਮ ਕੀਤੀਆਂ ਗਈਆਂ ਭੂਮਿਕਾਵਾਂ ਨੂੰ ਏ.ਆਈ. ਨਾਲ ਨਹੀਂ ਬਦਲਿਆ ਜਾ ਰਿਹਾ ਹੈ।’

ਇਹ ਛਾਂਟੀ ਉਨ੍ਹਾਂ ਸਵੈ-ਇੱਛਤ ਬਾਇਆਊਟਸ ਤੋਂ ਬਾਅਦ ਹੋਈ ਹੈ, ਜੋ ਮਾਈਕਰੋਸਾਫਟ ਨੇ ਮਈ ਵਿੱਚ ਲਗਪਗ 8,750 ਲੋਕਾਂ ਨੂੰ ਦੇਣੇ ਸ਼ੁਰੂ ਕੀਤੇ ਸਨ। ਕੋਲਮੈਨ ਨੇ ਕਿਹਾ ਕਿ ਯੋਗ ਕਰਮਚਾਰੀਆਂ ਵਿੱਚੋਂ 30 ਫੀਸਦੀ ਤੋਂ ਵੱਧ ਨੇ ਉਨ੍ਹਾਂ ਸਵੈ-ਇੱਛਤ ਸੇਵਾਮੁਕਤੀ ਦੀਆਂ ਪੇਸ਼ਕਸ਼ਾਂ ਨੂੰ ਸਵੀਕਾਰ ਕਰ ਲਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ’ਚ ਧੂਮਧਾਮ ਨਾਲ ਮਨਾਇਆ 159ਵਾਂ ਸਥਾਪਨਾ ਦਿਵਸ

ਵਿਨੀਪੈਗ/ਏ.ਟੀ.ਨਿਊਜ਼: ਕੈਨੇਡਾ ਦਾ 159ਵਾਂ ਸਥਾਪਨਾ ਦਿਵਸ ਪਿਛਲੇ ਦਿਨੀਂ ਵਿਨੀਪੈਗ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਦੇਸ਼-ਭਗਤੀ, ਬਹੁ-ਸੱਭਿਆਚਾਰਕ ਏਕਤਾ ਅਤੇ ਭਾਈਚਾਰਕ ਸਾਂਝ ਦੇ ਮਾਹੌਲ ਵਿੱਚ ਉਤਸ਼ਾਹ ਨਾਲ ਮਨਾਇਆ ਗਿਆ। ਸ਼ਹਿਰ ਦੇ ਇਤਿਹਾਸਕ ਸਥਾਨ ‘ਦਿ ਫੋਰਕਸ’ ਵਿਖੇ ਹਜ਼ਾਰਾਂ ਲੋਕ ਇਕੱਠੇ ਹੋਏ ਤੇ ਸੰਗੀਤ, ਸੱਭਿਆਚਾਰਕ ਪੇਸ਼ਕਾਰੀਆਂ, ਨਾਗਰਿਕਤਾ ਸਮਾਰੋਹ ਅਤੇ ਸ਼ਾਨਦਾਰ ਆਤਿਸ਼ਬਾਜ਼ੀ ਰਾਹੀਂ ਕੈਨੇਡਾ ਦੀ ਵਿਭਿੰਨਤਾ ਦਾ ਜਸ਼ਨ ਮਨਾਇਆ। ਇਸ ਮੌਕੇ ਵੱਖ-ਵੱਖ ਦੇਸ਼ਾਂ ਤੋਂ ਆਏ ਦੋ ਦਰਜਨ ਤੋਂ ਵੱਧ ਲੋਕਾਂ ਨੇ ਕੈਨੇਡੀਅਨ ਨਾਗਰਿਕਤਾ ਦੀ ਸਹੁੰ ਚੁੱਕੀ, ਜਿਸ ਨੇ ਇਸ ਸਮਾਗਮ ਨੂੰ ਹੋਰ ਵੀ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ।




ਸਮਾਗਮ ਦੀ ਸ਼ੁਰੂਆਤ ‘ਫ਼ਸਟ ਨੇਸ਼ਨਜ਼’, ‘ਮੈਟੀਸ’ ਅਤੇ ‘ਇਨੂਇਟ’ ਭਾਈਚਾਰਿਆਂ ਦੇ ਬਜ਼ੁਰਗਾਂ ਵੱਲੋਂ ਰਵਾਇਤੀ ਸਵਾਗਤੀ ਰਸਮ ਨਾਲ ਕੀਤੀ ਗਈ। ਆਯੋਜਕਾਂ ਨੇ ਕਿਹਾ ਕਿ ‘ਦਿ ਫੋਰਕਸ’ ਸਦੀਆਂ ਤੋਂ ਵੱਖ-ਵੱਖ ਸੱਭਿਆਚਾਰਾਂ ਅਤੇ ਲੋਕਾਂ ਦੇ ਮਿਲਾਪ ਦਾ ਪ੍ਰਤੀਕ ਰਿਹਾ ਹੈ, ਇਸ ਲਈ ਇੱਥੇ ਹਰ ਵੱਡੇ ਸਮਾਗਮ ਦੀ ਸ਼ੁਰੂਆਤ ਆਦਿਵਾਸੀ ਪਰੰਪਰਾਵਾਂ ਨੂੰ ਸਨਮਾਨ ਦੇ ਕੇ ਕੀਤੀ ਜਾਂਦੀ ਹੈ।

ਦਿਨ ਭਰ ਇੱਥੇ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਲਾਈਵ ਸੰਗੀਤ, ਸੱਭਿਆਚਾਰਕ ਨਾਚ, ਕਹਾਣੀ ਕਥਨ (ਸਟੋਰੀ ਟੈਲਿੰਗ), ਸਥਾਨਕ ਹਸਤਕਲਾ ਪ੍ਰਦਰਸ਼ਨੀਆਂ, ਫੂਡ ਟਰੱਕਾਂ ਅਤੇ ਬੱਚਿਆਂ ਲਈ ਮਨੋਰੰਜਕ ਗਤੀਵਿਧੀਆਂ ਨੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ। ਵੱਖ-ਵੱਖ ਭਾਈਚਾਰਿਆਂ ਦੇ ਕਲਾਕਾਰਾਂ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਕੈਨੇਡਾ ਦੀ ਬਹੁ-ਸੱਭਿਆਚਾਰਕ ਪਛਾਣ ਨੂੰ ਮੰਚ ’ਤੇ ਜੀਵੰਤ ਕਰ ਦਿੱਤਾ।

ਵਿਨੀਪੈਗ ਦੇ ਮੇਅਰ ਸਕਾਟ ਗਿਲਿੰਗਹਮ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ‘ਕੈਨੇਡਾ ਡੇਅ’ ਸਿਰਫ਼ ਦੇਸ਼ ਦੀ ਸਥਾਪਨਾ ਦਾ ਜਸ਼ਨ ਨਹੀਂ, ਸਗੋਂ ਵਿਭਿੰਨਤਾ, ਆਪਸੀ ਸਤਿਕਾਰ ਅਤੇ ਏਕਤਾ ਨੂੰ ਸਲਾਮ ਕਰਨ ਦਾ ਦਿਨ ਹੈ। ਉਨ੍ਹਾਂ ਕਿਹਾ ਕਿ ਵਿਨੀਪੈਗ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਬਹੁ-ਸੱਭਿਆਚਾਰਕ ਆਬਾਦੀ ਹੈ, ਜੋ ਇਸ ਸ਼ਹਿਰ ਨੂੰ ਇੱਕ ਵਿਲੱਖਣ ਪਛਾਣ ਦਿੰਦੀ ਹੈ।

ਇਸ ਵਾਰ ਦੇ ਸਮਾਗਮਾਂ ਵਿੱਚ ਵਿਨੀਪੈਗ ਦੇ ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਦੀ ਮਜ਼ਬੂਤ ਹਾਜ਼ਰੀ ਵੀ ਖ਼ਾਸ ਤੌਰ ’ਤੇ ਦੇਖਣ ਨੂੰ ਮਿਲੀ। ਵੱਡੀ ਗਿਣਤੀ ਵਿੱਚ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਸਮੇਤ ਇਨ੍ਹਾਂ ਜਸ਼ਨਾਂ ਵਿੱਚ ਸ਼ਾਮਲ ਹੋਏ। ਕਈਆਂ ਨੇ ਕਿਹਾ ਕਿ ਕੈਨੇਡਾ ਨੇ ਉਨ੍ਹਾਂ ਨੂੰ ਸੁਰੱਖਿਅਤ ਜੀਵਨ, ਬਰਾਬਰ ਦੇ ਮੌਕੇ ਅਤੇ ਨਵਾਂ ਭਵਿੱਖ ਦਿੱਤਾ ਹੈ, ਇਸ ਲਈ ‘ਕੈਨੇਡਾ ਡੇਅ’ ਉਨ੍ਹਾਂ ਲਈ ਸਿਰਫ਼ ਇੱਕ ਕੌਮੀ ਦਿਹਾੜਾ ਨਹੀਂ, ਸਗੋਂ ਧੰਨਵਾਦ ਪ੍ਰਗਟ ਕਰਨ ਦਾ ਵੀ ਮੌਕਾ ਹੈ। ਸਮਾਗਮਾਂ ਦੌਰਾਨ ਪੰਜਾਬੀ ਬੋਲੀ, ਰਵਾਇਤੀ ਪਹਿਰਾਵੇ ਅਤੇ ਭਾਈਚਾਰਕ ਮਿਲਾਪ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ।

ਉਧਰ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ‘ਕੈਨੇਡਾ ਡੇਅ’ ਸੰਦੇਸ਼ ਵਿੱਚ ਕਿਹਾ ਕਿ ਦੇਸ਼ ਦੀ ਅਸਲ ਤਾਕਤ ਇਸ ਦੇ ਲੋਕਾਂ ਦੀ ਵਿਭਿੰਨਤਾ, ਆਪਸੀ ਸਤਿਕਾਰ ਅਤੇ ਏਕਤਾ ਵਿੱਚ ਵੱਸਦੀ ਹੈ। ਦੂਜੇ ਪਾਸੇ, ਰਾਜਧਾਨੀ ਓਟਾਵਾ ਵਿੱਚ ਭਾਰੀ ਮੀਂਹ, ਗਰਜ-ਚਮਕ ਅਤੇ ਹੜ੍ਹ ਵਰਗੇ ਹਾਲਾਤ ਕਾਰਨ ਸ਼ਾਮ ਦੇ ਮੁੱਖ ‘ਕੈਨੇਡਾ ਡੇਅ’ ਸਮਾਗਮ ਰੱਦ ਕਰਨੇ ਪਏ। ਇਸ ਦੇ ਉਲਟ, ਵਿਨੀਪੈਗ ਵਿੱਚ ਮੌਸਮ ਅਨੁਕੂਲ ਰਿਹਾ ਅਤੇ ਲੋਕਾਂ ਨੇ ਪੂਰੇ ਉਤਸ਼ਾਹ ਨਾਲ ਕੈਨੇਡਾ ਦੇ 159ਵੇਂ ਸਥਾਪਨਾ ਦਿਵਸ ਦਾ ਜਸ਼ਨ ਮਨਾਇਆ।

## ਕੈਨੇਡਾ ਦੇ ਵਿਗਿਆਨੀਆਂ ਨੇ ਮੰਗਲ ਗ੍ਰਹਿ ’ਤੇ ਲੱਭਿਆ ਗਾਰਨੈਟ ਖਣਿਜ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਦੀ ਬਰੌਕ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਮੰਗਲ ਗ੍ਰਹਿ ਨਾਲ ਸਬੰਧਿਤ ਇੱਕ ਉਲਕਾਪਿੰਡ ਵਿੱਚ ਪਹਿਲੀ ਵਾਰ ਗਾਰਨੈਟ ਖਣਿਜ ਦੀ ਮੌਜੂਦਗੀ ਦਾ ਸਬੂਤ ਲੱਭਿਆ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਖੋਜ ਮੰਗਲ ਗ੍ਰਹਿ ਦੇ ਲਗਪਗ 4.5 ਅਰਬ ਸਾਲ ਪੁਰਾਣੇ ਭੂ-ਵਿਗਿਆਨਕ ਇਤਿਹਾਸ, ਅੰਦਰੂਨੀ ਬਣਤਰ ਅਤੇ ਉੱਥੇ ਵਾਪਰੀਆਂ ਭੂਗੋਲਿਕ ਪ੍ਰਕਿਰਿਆਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ।



ਇਹ ਅਧਿਐਨ ਬਰੌਕ ਯੂਨੀਵਰਸਿਟੀ ਦੀ ਧਰਤੀ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਡਾ. ਤਾਨਿਆ ਕਿਜੋਵਸਕੀ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਵਿਗਿਆਨੀਆਂ ਦੀ ਟੀਮ ਨੇ ਕੀਤਾ ਹੈ। ਖੋਜ ਦੇ ਨਤੀਜੇ ਵਿਗਿਆਨਕ ਰਸਾਲੇ ਵਿੱਚ ਪ੍ਰਕਾਸ਼ਿਤ ਹੋਏ ਹਨ।

ਵਿਗਿਆਨੀਆਂ ਨੇ ਮੰਗਲ ਗ੍ਰਹਿ ਤੋਂ ਆਏ ਉਲਕਾਪਿੰਡ ਦੇ ਬਹੁਤ ਛੋਟੇ ਨਮੂਨੇ ਦਾ ਲੇਜ਼ਰ ਰਮਨ ਸਪੈਕਟਰੋਸਕੋਪੀ, ਸਕੈਨਿੰਗ ਇਲੈਕਟ੍ਰਾਨ ਮਾਈਕ੍ਰੋਸਕੋਪੀ ਅਤੇ ਹੋਰ ਅਤਿ-ਆਧੁਨਿਕ ਤਕਨੀਕਾਂ ਨਾਲ ਵਿਸ਼ਲੇਸ਼ਣ ਕੀਤਾ। ਸ਼ੁਰੂਆਤੀ ਜਾਂਚ ਵਿੱਚ ਇਹ ਨਮੂਨਾ ਆਮ ਪਾਇਰੋਕਸੀਨ ਖਣਿਜ ਵਰਗਾ ਲੱਗਿਆ ਪਰ ਵਿਸਥਾਰਪੂਰਵਕ ਜਾਂਚ ਦੌਰਾਨ ਇਸ ਵਿੱਚ ਗਾਰਨੈਟ ਦੇ ਬਹੁਤ ਬਾਰੀਕ ਕਣ ਮਿਲੇ। ਮੰਗਲ ਗ੍ਰਹਿ ਦੇ ਕਿਸੇ ਵੀ ਜਾਣੇ-ਪਛਾਣੇ ਨਮੂਨੇ ਵਿੱਚ ਗਾਰਨੈਟ ਦੀ ਇਹ ਪਹਿਲੀ ਪੁਸ਼ਟੀ ਹੈ। ਡਾ. ਕਿਜੋਵਸਕੀ ਨੇ ਕਿਹਾ ਕਿ ਗਾਰਨੈਟ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਮੰਗਲ ਗ੍ਰਹਿ ’ਤੇ ਕਿਸੇ ਸਮੇਂ ਚਟਾਨਾਂ ਉੱਚ ਤਾਪਮਾਨ ਅਤੇ ਭਾਰੀ ਦਬਾਅ ਹੇਠ ਬਦਲੀਆਂ ਹੋਣਗੀਆਂ। ਧਰਤੀ ’ਤੇ ਇਹ ਖਣਿਜ ਆਮ ਤੌਰ ’ਤੇ ਰੂਪਾਂਤਰਿਤ (ਮੈਟਾਮਾਰਫਿਕ) ਚਟਾਨਾਂ ਵਿੱਚ ਮਿਲਦਾ ਹੈ ਅਤੇ ਇਸ ਨੂੰ ਗਹਿਰਾਈ ਵਿੱਚ ਵਾਪਰਨ ਵਾਲੀਆਂ ਭੂਗੋਲਿਕ ਪ੍ਰਕਿਰਿਆਵਾਂ ਦਾ ਮਹੱਤਵਪੂਰਨ ਸੰਕੇਤਕ ਮੰਨਿਆ ਜਾਂਦਾ ਹੈ।

(ਬਾਕੀ ਸਫ਼ਾ 27 ’ਤੇ)

# ਕੈਨੇਡਾ ਸਰਕਾਰ ਨਾਟੋ ਦੇ ਨਵੇਂ ਰੱਖਿਆ ਖ਼ਰਚ ਟੀਚਿਆਂ ਨੂੰ ਲੈ ਕੇ ਵਧਦੇ ਵਿਵਾਦਾਂ ਵਿੱਚ ਘਿਰੀ

ਵਿੰਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਦੀ ਲਿਬਰਲ ਸਰਕਾਰ ਨਾਟੋ ਦੇ ਨਵੇਂ ਰੱਖਿਆ ਖ਼ਰਚ ਟੀਚਿਆਂ ਨੂੰ ਲੈ ਕੇ ਵਧਦੇ ਵਿਵਾਦਾਂ ਵਿੱਚ ਘਿਰ ਗਈ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਇਸ ਦਹਾਕੇ ਦੇ ਅੰਤ ਤੱਕ ਦੇਸ਼ ਦੀ ਕੁੱਲ ਘਰੇਲੂ ਉਤਪਾਦ ਦਾ 4 ਫ਼ੀਸਦੀ ਹਿੱਸਾ ਰੱਖਿਆ ਖ਼ਰਚ ’ਤੇ ਲਗਾਉਣ ਲਈ ਪਹਿਲਾਂ ਹੀ ਵਿੱਤੀ ਪ੍ਰਬੰਧ ਕਰ ਚੁੱਕਾ ਹੈ। ਪਰ ਜਦੋਂ ਇਸ ਦਾਅਵੇ ਦੇ ਸਮਰਥਨ ਵਿੱਚ ਸਰਕਾਰ ਕੋਲੋਂ ਅੰਕੜੇ ਮੰਗੇ ਗਏ ਤਾਂ ਵਿੱਤ ਮੰਤਰਾਲੇ ਨੇ ਉਨ੍ਹਾਂ ਨੂੰ ਜਨਤਕ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਰਕਾਰ ਦੇ ਇਸ ਰਵੱਈਏ ਕਾਰਨ ਵਿਰੋਧੀ ਧਿਰ ਅਤੇ ਅਰਥਸ਼ਾਸਤਰੀਆਂ ਨੇ ਸਰਕਾਰ ਦੀ ਪਾਰਦਰਸ਼ਤਾ ’ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ।



‘ਗਲੋਬਲ ਨਿਊਜ਼’ ਦੀ ਰਿਪੋਰਟ ਮੁਤਾਬਕ, ਮਈ ਮਹੀਨੇ ਓਟਾਵਾ ਵਿੱਚ ਹੋਈ ‘ਕੈਨਸੈੱਕ’ ਰੱਖਿਆ ਕਾਨਫ਼ਰੰਸ ਅਤੇ ਜੂਨ ਵਿੱਚ ਹੋਈ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਸੀ ਕਿ ਕੈਨੇਡਾ ਨਾਟੋ ਵੱਲੋਂ ਨਿਰਧਾਰਿਤ ਸਮਾਂ-ਸੀਮਾ ਤੋਂ ਪਹਿਲਾਂ ਹੀ 4 ਫ਼ੀਸਦੀ ਰੱਖਿਆ ਖ਼ਰਚ ਦੇ ਟੀਚੇ ਤੱਕ ਪਹੁੰਚ ਜਾਵੇਗਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕੈਨੇਡਾ ਪਹਿਲਾਂ ਹੀ ਨਾਟੋ ਵੱਲੋਂ ਬੁਨਿਆਦੀ ਢਾਂਚੇ ਲਈ ਨਿਰਧਾਰਿਤ 1.5 ਫ਼ੀਸਦੀ ਖ਼ਰਚ ਦਾ ਟੀਚਾ ਪੂਰਾ ਕਰ ਰਿਹਾ ਹੈ। ਹਾਲਾਂਕਿ ਜਦੋਂ ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਦੇ ਦਫ਼ਤਰ ਤੋਂ ਇਸ ਦਾਅਵੇ ਨਾਲ ਸਬੰਧਿਤ ਵਿਸਥਾਰਪੂਰਵਕ ਵਿੱਤੀ ਅੰਕੜੇ ਮੰਗੇ ਗਏ ਤਾਂ ਸਰਕਾਰ ਨੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ। ਮੰਤਰੀ ਦੇ ਬੁਲਾਰੇ ਨੇ ਸਿਰਫ਼ ਇਹ ਕਿਹਾ ਕਿ ਸਰਕਾਰ ਆਉਣ ਵਾਲੀਆਂ ਘੋਸ਼ਣਾਵਾਂ ਤੋਂ ਪਹਿਲਾਂ ਕੋਈ ਵਾਧੂ ਵੇਰਵਾ ਜਾਰੀ ਨਹੀਂ ਕਰਨਾ ਚਾਹੁੰਦੀ, ਜਿਸ ਕਾਰਨ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਸਰਕਾਰ ਕੋਲ ਵਾਸਤਵ ਵਿੱਚ ਕੋਈ ਠੋਸ ਵਿੱਤੀ ਯੋਜਨਾ ਮੌਜੂਦ ਹੈ ਜਾਂ ਨਹੀਂ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨੀਦਰਲੈਂਡ ਵਿੱਚ ਹੋਏ ਨਾਟੋ ਸਿਖਰ ਸੰਮੇਲਨ ਦੌਰਾਨ ਕੈਨੇਡਾ ਨੇ 2035 ਤੱਕ ਰੱਖਿਆ ਖ਼ਰਚ ਨੂੰ ਜੀਡੀਪੀ ਦੇ 5 ਫ਼ੀਸਦੀ ਤੱਕ ਲਿਜਾਣ ਦਾ ਵਾਅਦਾ ਕੀਤਾ ਸੀ। ਇਸ ਵਿੱਚੋਂ 3.5 ਫ਼ੀਸਦੀ ਸਿੱਧੇ ਫ਼ੌਜੀ ਖ਼ਰਚ ਲਈ ਅਤੇ 1.5 ਫ਼ੀਸਦੀ ਸੜਕਾਂ, ਬੰਦਰਗਾਹਾਂ, ਸੰਚਾਰ ਅਤੇ ਹੋਰ ਅਜਿਹੇ ਬੁਨਿਆਦੀ ਢਾਂਚਿਆਂ ਲਈ ਰੱਖਿਆ ਜਾਣਾ ਹੈ, ਜਿਨ੍ਹਾਂ ਦੀ ਵਰਤੋਂ ਫ਼ੌਜੀ ਲੋੜਾਂ ਲਈ ਵੀ ਕੀਤੀ ਜਾ ਸਕੇ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਸ ਟੀਚੇ ਨੂੰ ਹਾਸਲ ਕਰਨ ਲਈ ਕੈਨੇਡਾ ਨੂੰ ਮੌਜੂਦਾ ਖ਼ਰਚ ਵਿੱਚ ਭਾਰੀ ਵਾਧਾ ਕਰਨਾ ਪਵੇਗਾ। ਸੰਸਦੀ ਬਜਟ ਅਧਿਕਾਰੀ ਦੇ ਅੰਦਾਜ਼ਿਆਂ ਮੁਤਾਬਕ, ਰੱਖਿਆ ਖ਼ਰਚ ਨੂੰ ਜੀਡੀਪੀ ਦੇ 3.5 ਫ਼ੀਸਦੀ ਤੱਕ ਵਧਾਉਣ ਲਈ ਅਗਲੇ ਦਹਾਕੇ ਦੌਰਾਨ ਹਰ ਸਾਲ 33.5 ਅਰਬ ਡਾਲਰ ਦੇ ਵਾਧੂ ਖ਼ਰਚ ਦੀ ਲੋੜ ਪਵੇਗੀ।

ਕੁਈਨਜ਼ ਯੂਨੀਵਰਸਿਟੀ ਦੇ ਲੋਕ ਨੀਤੀ ਪ੍ਰੋਫੈਸਰ ਅਤੇ ਸਾਬਕਾ ਐਸੋਸੀਏਟ ਡਿਪਟੀ ਵਿੱਤ ਮੰਤਰੀ ਡੌਨ ਡਰਮੰਡ ਨੇ ਸਰਕਾਰ ਦੇ ਇਸ ਰਵੱਈਏ ਦੀ ਤਿੱਖੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ 49 ਸਾਲਾਂ ਦੇ ਅਰਥਸ਼ਾਸਤਰੀ ਕੈਰੀਅਰ ਵਿੱਚ ਉਨ੍ਹਾਂ ਨੇ ਬਜਟ ਨਾਲ ਜੁੜੇ ਕਿਸੇ ਵੀ ਮਹੱਤਵਪੂਰਨ ਮਾਮਲੇ ਵਿੱਚ ਇੰਨੀ ਘੱਟ ਪਾਰਦਰਸ਼ਤਾ ਕਦੇ ਨਹੀਂ ਵੇਖੀ। ਡਰਮੰਡ ਅਨੁਸਾਰ ਜੇ ਸਰਕਾਰ ਕੋਲ ਰੱਖਿਆ ਖ਼ਰਚ ਸਬੰਧੀ ਅੰਕੜੇ ਅਤੇ ਯੋਜਨਾ ਮੌਜੂਦ ਹੈ, ਤਾਂ ਉਹ ਜਨਤਕ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸੰਸਦ ਅਤੇ ਆਮ ਲੋਕ ਇਸ ਦੀ ਜਾਂਚ ਕਰ ਸਕਣ।

(ਬਾਕੀ ਸਫ਼ਾ 27 ’ਤੇ)

# ਓਨਟਾਰੀਓ ਸਰਕਾਰ ਵੱਲੋਂ ‘ਇਮੀਗ੍ਰੇਸ਼ਨ ਢਾਂਚੇ’ ਵਿੱਚ ਬਦਲਾਅ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਪੜ੍ਹਾਈ ਅਤੇ ਰੁਜ਼ਗਾਰ ਲਈ ਜਾਣ ਵਾਲੇ ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ ਲਈ ਲੰਬੇ ਸਮੇਂ ਬਾਅਦ ਰਾਹਤ ਦੀ ਖ਼ਬਰ ਹੈ। ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਦੇ ਵਿਚਕਾਰ ਓਨਟਾਰੀਓ ਸਰਕਾਰ ਨੇ ਆਪਣੇ ਇਮੀਗ੍ਰੇਸ਼ਨ ਢਾਂਚੇ ਵਿੱਚ ਬਦਲਾਅ ਕੀਤਾ ਹੈ ਅਤੇ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਪ੍ਰੋਗਰਾਮ ਨਾਲ ਪੜ੍ਹਾਈ ਪੂਰੀ ਕਰ ਕੇ ਨੌਕਰੀ ਹਾਸਲ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਲਈ ਸਥਾਈ ਨਿਵਾਸ ਦਾ ਰਸਤਾ ਮਜ਼ਬੂਤ ਹੋਣ ਦੀ ਉਮੀਦ ਹੈ।

ਓਨਟਾਰੀਓ ਸਰਕਾਰ ਨੇ ਓਨਟਾਰੀਓ ਇਮੀਗ੍ਰੈਂਟ ਨਾਮਜ਼ਦ ਪ੍ਰੋਗਰਾਮ ਦਾ ਪੁਨਰਗਠਨ ਸ਼ੁਰੂ ਕੀਤਾ ਹੈ। ਜਿਸ ਦੇ ਤਹਿਤ ਅੱਠ ਮੌਜੂਦਾ ਇਮੀਗ੍ਰੇਸ਼ਨ ਸਟ੍ਰੀਮਾਂ ਨੂੰ ਚਾਰ ਨਵੀਆਂ ਸਟ੍ਰੀਮਾਂ ਦੁਆਰਾ ਬਦਲਿਆ ਜਾਵੇਗਾ। ਫਿਲਹਾਲ ਓਨਟਾਰੀਓ ਵਰਕਫੋਰਸ ਪ੍ਰਾਇਓਰਿਟੀ ਸਟ੍ਰੀਮ ਲਾਗੂ ਹੋ ਚੁੱਕੀ ਹੈ, ਜਦੋਂ ਕਿ ਹੋਰ ਸਟ੍ਰੀਮਾਂ ਪੜਾਅ ਵਾਰ ਲਾਗੂ ਕੀਤੀਆਂ ਜਾਣਗੀਆਂ।



ਨਵੀਂ ਸਟ੍ਰੀਮ ਤਹਿਤ ਕਿਰਤ ਬਾਜ਼ਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੁਨਰਮੰਦ ਵਿਦੇਸ਼ੀ ਨਾਗਰਿਕਾਂ ਨੂੰ ਤਰਜੀਹ ਦਿੱਤੀ ਹੋਵੇਗੀ। ਓਨਟਾਰੀਓ ਦੀ ਮਾਨਤਾ ਪ੍ਰਾਪਤ ਕੰਪਨੀ ਤੋਂ ਨੌਕਰੀ ਦਾ ਪ੍ਰਸਤਾਵ ਮਿਲਣ ’ਤੇ ਭਾਰਤੀ ਵਿਦਿਆਰਥੀ ਸੂਬਾਈ ਨਾਮਜ਼ਦਗੀ (ਪੀਐਨਪੀ) ਲਈ ਯੋਗ ਹੋ ਸਕਦੇ ਹਨ। ਹਾਲਾਂਕਿ ਅੰਤਿਮ ਪੀਆਰ ਦੀ ਪ੍ਰਵਾਨਗੀ ਕੈਨੇਡੀਅਨ ਸੰਘੀ ਸਰਕਾਰ ਦੁਆਰਾ ਦਿੱਤੀ ਜਾਵੇਗੀ, ਪਰ ਪੀ.ਆਰ. ਪ੍ਰਾਪਤ ਕਰਨ ਨਾਲ ਅਰਜ਼ੀ ਮਜ਼ਬੂਤ ਹੋਵੇਗੀ ਭਾਰਤ ਤੋਂ ਹਰ ਸਾਲ ਵੱਡੀ ਗਿਣਤੀ ਵਿੱਚ ਵਿਦਿਆਰਥੀ ਟੋਰਾਂਟੋ, ਓਟਾਵਾ, ਬਰੈਂਪਟਨ, ਹੈਮਿਲਟਨ, ਲੰਡਨ, ਕਿਚਨਰ ਅਤੇ ਮਿਸੀਸਾਗਾ ਵਿੱਚ ਪੜ੍ਹਾਈ ਕਰਨ ਲਈ ਜਾਂਦੇ ਹਨ। ਨਵੇਂ ਪ੍ਰੋਗਰਾਮ ਵਿੱਚ ਪੜ੍ਹਾਈ ਤੋਂ ਬਾਅਦ ਕੰਮ ਦੇ ਤਜਰਬੇ ਹਾਸਲ ਕਰਨ ਵਾਲੇ ਅਤੇ ਪਹਿਲਾਂ ਤੋਂ ਨੌਕਰੀ ਕਰ ਰਹੇ ਉਮੀਦਵਾਰਾਂ ਨੂੰ ਤਰਜੀਹ ਮਿਲ ਸਕਦੀ ਹੈ। ਭਾਸ਼ਾ ਅਤੇ ਵਿਦਿਅਕ ਯੋਗਤਾ ਲੋੜਾਂ ਨਾਲ ਜੁੜੀਆਂ ਕੁਝ ਸ਼ਰਤਾਂ ਨੂੰ ਵੀ ਵਧੇਰੇ ਵਿਹਾਰਕ ਬਣਾਇਆ ਗਿਆ ਹੈ।

ਸਰਕਾਰ ਦੇ ਅਨੁਸਾਰ ਸੂਚਨਾ ਤਕਨਾਲੋਜੀ, ਨਿਰਮਾਣ, ਆਵਾਜਾਈ, ਸਿਹਤ ਸੰਭਾਲ, ਨਿਰਮਾਣ, ਖੇਤੀਬਾੜੀ ਅਤੇ ਤਕਨੀਕੀ ਖੇਤਰਾਂ ਵਿੱਚ ਕਾਮਿਆਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਇਹ ਬਦਲਾਅ ਕੀਤਾ ਗਿਆ ਹੈ। ਕਿਰਤ, ਇਮੀਗ੍ਰੇਸ਼ਨ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰੀ ਡੇਵਿਡ ਪਿਚਿਨੀ ਨੇ ਕਿਹਾ ਕਿ ਨਵਾਂ ਢਾਂਚਾ ਅਸਲ ਕੰਮ ਦੇ ਤਜਰਬੇ ਵਾਲੇ ਉਮੀਦਵਾਰਾਂ ਨੂੰ ਤਰਜੀਹ ਦੇਵੇਗਾ। 2025 ਵਿੱਚ ਓ.ਆਈ.ਐਨ.ਪੀ. ਦੇ ਤਹਿਤ 10,750 ਤੋਂ ਵੱਧ ਲੋਕਾਂ ਨੂੰ ਸੂਬਾਈ ਨਾਮਜ਼ਦਗੀ ਮਿਲੀ ਸੀ, ਜ਼ਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੀ ਸੀ।

# ਖੇਤਾਂ ਦੇ ਪੁੱਤ ਖੇਤੀ ਤੋਂ ਕਿਉਂ ਹੋਣ ਲੱਗੇ ਦੂਰ ?

## .ਫਸਲਾਂ ਨੂੰ ਮਾਰ ਗਿਆ ਕਦੇ ਸੋਕਾ ਤੇ ਕਦੇ ਡੋਬਾ

### ਆਬਾਦੀ 'ਚ ਵਾਧੇ ਅਤੇ ਕੰਕਰੀਟ ਦੇ ਜੰਗਲਾਂ ਕਾਰਨ ਘੱਟ ਗਿਐ ਖੇਤੀ ਹੇਠ ਰਕਬਾ

ਜਗਮੋਹਨ ਸਿੰਘ 'ਲੱਕੀ'

**ਕੀ ਕਦੇ ਕਿਸੇ ਸ਼ਹਿਰੀ ਵਸਨੀਕ ਨੇ ਸੋਚਿਆ ਹੈ ਕਿ ਜਿਸ ਬਰਸਾਤ ਦੇ ਪੈਣ ਦੌਰਾਨ ਉਹ ਆਨੰਦ ਮਾਣਦਿਆਂ ਸਮੋਸੇ, ਗਰਮ ਪਕੌੜੇ, ਜਲੇਬੀਆਂ ਅਤੇ ਹੋਰ ਪਦਾਰਥ ਖਾ ਕੇ ਖੁਸ਼ੀ ਮਨਾਉਂਦੇ ਹਨ, ਉਸੇ ਬਰਸਾਤ ਦੇ ਪੈਣ ਕਾਰਨ ਪੁੱਤਾਂ ਵਾਂਗੂੰ ਪਾਲ਼ੀਆਂ ਫਸਲਾਂ ਦਾ ਨੁਕਸਾਨ ਹੁੰਦਿਆਂ ਵੇਖ ਕੇ ਕਿਸਾਨਾਂ ਦੇ ਹੰਝੂ ਨਿਕਲ ਰਹੇ ਹੁੰਦੇ ਹਨ। ਉਹਨਾਂ ਦੇ ਚਿਹਰਿਆਂ ਤੇ ਉਦਾਸੀ ਅਤੇ ਦੁੱਖ ਦੀ ਡੂੰਘੀ ਪਰਤ ਸਮਾ ਜਾਂਦੀ ਹੈ। ਉਹਨਾਂ ਦੀ ਖੁਸ਼ੀ ਕਿਧਰੇ ਉੱਡ ਪੁੱਡ ਜਾਂਦੀ ਹੈ ਅਤੇ ਦਿਲ ਨੂੰ ਡੋਬੂ ਜਿਹੇ ਪੈਣ ਲੱਗਦੇ ਹਨ।**

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੇ ਵੱਡੀ ਗਿਣਤੀ ਵਸਨੀਕ ਖੇਤੀ ਬਾੜੀ ਅਤੇ ਇਸ ਦੇ ਨਾਲ ਸਬੰਧਿਤ ਕੰਮ ਧੰਦਿਆਂ ਨਾਲ ਜੁੜੇ ਹੋਏ ਹਨ। ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਅਹਿਮ ਧੁਰਾ ਹੈ। ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੇ ਬੀਤੇ ਸਮੇਂ ਦੌਰਾਨ ਦੇਸ਼ 'ਚ ਅੰਨ ਸੰਕਟ ਦੌਰਾਨ ਹਰੀ ਕ੍ਰਾਂਤੀ ਲਿਆਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ ਭਾਵੇਂ ਕਿ ਪੰਜਾਬ ਨੂੰ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪਈ ਹੈ। ਹਰੀ ਕ੍ਰਾਂਤੀ ਲਿਆਉਣ ਲਈ ਪੰਜਾਬ ਦੇ ਕਿਸਾਨਾਂ ਵੱਲੋਂ ਸ਼ੁਰੂ ਕੀਤੀ ਗਈ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕਾਰਨ ਪੰਜਾਬ ਦੀ ਧਰਤੀ ਜ਼ਹਿਰੀਲੀ ਹੁੰਦੀ ਜਾ ਰਹੀ ਹੈ। ਦੂਜੇ ਪਾਸੇ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਕੰਮ ਕਰਨ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਉਹਨਾਂ ਦੀਆਂ ਫ਼ਸਲਾਂ ਦਾ ਸਹੀ ਭਾਅ ਨਹੀਂ ਮਿਲ ਰਿਹਾ। ਹਰ ਹਾੜੀ ਸਾਉਣੀ ਦੇ ਸੀਜ਼ਨ ਵੇਲੇ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਰੁਲਦੀ ਹੈ। ਪੰਜਾਬ ਵਿੱਚ ਆਈਆਂ ਵੱਖ- ਵੱਖ ਸਰਕਾਰਾਂ ਪੰਜਾਬ ਦੇ ਕਿਸਾਨਾਂ ਦੀ ਹਾਲਤ ਸੁਧਾਰਨ ਦੇ ਵੱਡੇ ਵੱਡੇ ਦਾਅਵੇ ਕਰਦੀਆਂ ਹਨ ਪਰ ਕਿਸਾਨਾਂ ਦੀ ਹਾਲਤ ਦਿਨੋਂ ਦਿਨ ਨਿਘਰਦੀ ਜਾ ਰਹੀ ਹੈ ਅਤੇ ਖੇਤੀ ਘਾਟੇ ਵਾਲਾ ਸੌਦਾ ਬਣਦੀ ਜਾ ਰਹੀ ਹੈ। ਕਿਸਾਨਾਂ ਲਈ ਜ਼ਰੂਰੀ ਖੇਤੀ ਮਸ਼ੀਨਰੀ ਟਰੈਕਟਰ, ਲੇਜ਼ਰ ਲੈਂਡ ਲੈਵਲਰ, ਹੈਪੀ ਸੀਡਰ, ਸੀਡ ਡਰਿੱਲ ਤੇ ਹਰਵੈਸਟਰ ਕੰਬਾਇਨ ਬਹੁਤ ਮਹਿੰਗੇ ਹੋ ਗਏ ਹਨ। ਇਸ ਤਰ੍ਹਾਂ ਕੀਟਨਾਸ਼ਕ ਦਵਾਈਆਂ, ਸੋਧੇ ਹੋਏ ਬੀਜ ਤੇ ਰਸਾਇਣਿਕ ਖਾਦਾਂ ਦੇ ਭਾਅ ਵੀ ਬਹੁਤ ਜ਼ਿਆਦਾ ਵਧ ਗਏ ਹਨ, ਜਿਸ ਕਾਰਨ ਕਿਸਾਨਾਂ 'ਤੇ ਬਹੁਤ ਆਰਥਿਕ ਬੋਝ ਪੈ ਰਿਹਾ ਹੈ। ਲੇਬਰ ਦਾ ਖਰਚਾ ਵੀ ਬਹੁਤ ਜ਼ਿਆਦਾ ਹੋ ਗਿਆ ਹੈ। ਕਿਸਾਨਾਂ ਨੂੰ ਫ਼ਸਲਾਂ ਦੇ ਬੀਜ ਮਹਿੰਗੇ ਭਾਅ ਵੀ ਮਿਲਦੇ ਹਨ ਅਤੇ ਅਕਸਰ ਇਹ ਬੀਜ ਨਕਲੀ ਨਿਕਲਦੇ ਹਨ। ਮੌਸਮ ਵੀ ਅਕਸਰ ਫ਼ਸਲਾਂ ਦੇ ਅਨੁਕੂਲ ਨਹੀਂ ਰਹਿੰਦਾ। ਪੰਜਾਬ ਵਿੱਚ ਕਦੇ ਘੱਟ ਮੀਂਹ ਪੈਣ ਕਾਰਨ ਸੋਕਾ ਪੈ ਜਾਂਦਾ ਹੈ ਅਤੇ ਕਦੇ ਬਰਸਾਤਾਂ ਵਧੇਰੇ ਪੈਣ ਕਾਰਨ ਹੜ੍ਹ ਆ ਜਾਂਦੇ ਹਨ। ਅਜਿਹੇ ਦੌਰ ਦੌਰਾਨ ਕਿਸਾਨਾਂ ਦੀ ਆਰਥਿਕ ਹਾਲਤ ਦਿਨੋਂ ਦਿਨ ਡਾਵਾਂਡੋਲ ਹੋ ਰਹੀ ਹੈ।

ਆਬਾਦੀ ਵਿੱਚ ਵਾਧੇ ਕਾਰਨ ਜ਼ਮੀਨ ਦੀਆਂ ਵੰਡੀਆਂ ਪੈ ਰਹੀਆਂ ਹਨ। ਜਿਹੜੇ ਕਿਸਾਨਾਂ ਕੋਲ ਕਈ ਦਹਾਕੇ ਪਹਿਲਾਂ 10-12 ਏਕੜ ਜ਼ਮੀਨ ਹੁੰਦੀ ਸੀ, ਉਹ ਜ਼ਮੀਨ ਹੁਣ ਉਹਨਾਂ ਦੇ ਬੱਚਿਆਂ ਵਿੱਚ ਵੰਡੀ ਜਾਣ ਕਰਕੇ ਪੰਜ ਜਾਂ ਤਿੰਨ ਏਕੜ ਰਹਿ ਗਈ ਹੈ। ਪੰਜਾਬ ਦੇ 75 ਫ਼ੀਸਦੀ ਕਿਸਾਨ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਪੰਜ ਏਕੜ ਜਾਂ ਇਸ ਤੋਂ ਘੱਟ ਜ਼ਮੀਨ ਹੈ। ਇਸ ਦੇ ਬਾਵਜੂਦ ਇਹਨਾਂ ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਮਹਿੰਗੀ ਮਸ਼ੀਨਰੀ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਸ ਕਾਰਨ ਕਿਸਾਨਾਂ ਸਿਰ ਕਰਜ਼ਾ ਚੜ ਜਾਂਦਾ ਹੈ।

ਕਰਜ਼ੇ ਤੋਂ ਦੁਖੀ ਹੋ ਕੇ ਅਕਸਰ ਕੁਝ ਕਿਸਾਨ ਖ਼ੁਦਕਸ਼ੀ ਕਰ ਲੈਂਦੇ ਹਨ। ਤਾਜ਼ਾ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਪਿਛਲੇ ਸਾਲ ਨਾਲੋਂ ਇਸ ਸਾਲ ਖ਼ੁਦਕਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਵਿੱਚ 40 ਫ਼ੀਸਦੀ ਵਾਧਾ ਹੋਇਆ ਹੈ। ਕਿਸਾਨਾਂ ਵੱਲੋਂ ਖ਼ੁਦਕਸ਼ੀਆਂ ਕਰਨ ਦਾ ਰੁਝਾਨ 1987 ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ, ਜੋ ਕਿ ਹੁਣ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹਰ ਦਿਨ ਅਖ਼ਬਾਰਾਂ ਵਿੱਚ ਕਿਸੇ ਨਾ ਕਿਸੇ ਕਿਸਾਨ ਜਾਂ ਖੇਤ ਮਜ਼ਦੂਰ ਵੱਲੋਂ ਖ਼ੁਦਕਸ਼ੀ ਕਰਨ ਦੀ ਖ਼ਬਰ ਆ ਜਾਂਦੀ ਹੈ। ਸਰਕਾਰੀ ਫ਼ਾਈਲਾਂ ਵਿੱਚ ਦੇਸ਼ ਵਿੱਚ ਹੁਣ ਤਕ ਖ਼ੁਦਕਸ਼ੀ ਕਰ ਗਏ ਕਿਸਾਨਾਂ ਦੀ ਗਿਣਤੀ 3,01,116 ਦਰਜ਼ ਹੈ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ ਪੰਜਾਬ ਅੰਦਰ 57 ਕਿਸਾਨਾਂ ਵੱਲੋਂ ਖ਼ੁਦਕਸ਼ੀ ਕੀਤੀ ਗਈ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਸਾਲ 2013 ਤੇ 2014 ਦੌਰਾਨ ਕੁੱਲ 147 ਕਿਸਾਨਾਂ ਨੇ ਖ਼ੁਦਕਸ਼ੀ ਕੀਤੀ। ਇਹਨਾਂ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਸਾਲ 1995 ਤੋਂ ਲੈ ਕੇ 2014 ਤੱਕ 968 ਕਿਸਾਨਾਂ ਤੇ ਮਜ਼ਦੂਰਾਂ ਨੇ ਖ਼ੁਦਕਸ਼ੀਆਂ ਕੀਤੀਆਂ। ਪਰ ਅਸਲੀਅਤ ਇਸ ਤੋਂ ਵੱਖਰੀ ਹੋ ਸਕਦੀ ਹੈ ਕਿਉਂਕਿ ਪੰਜਾਬ ਵਿੱਚ ਖ਼ੁਦਕਸ਼ੀ ਕਰਨ ਵਾਲਿਆਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਵਧੇਰੇ ਹੋ ਸਕਦੀ ਹੈ।

ਕਿਸੇ ਵੀ ਸਰਕਾਰ ਅਤੇ ਸਰਕਾਰੀ ਅਧਿਕਾਰੀ ਕੋਲ ਇਹ ਸੋਚ ਦਾ ਸਮਾਂ ਨਹੀਂ ਹੈ ਕਿ ਪੰਜਾਬ ਦੇ ਮਿਹਨਤਕਸ਼ ਕਿਸਾਨ ਖ਼ੁਦਕਸ਼ੀਆਂ ਕਿਉਂ ਕਰ ਰਹੇ ਹਨ ? ਇਸ ਤੋਂ ਇਲਾਵਾ ਕਿਸੇ ਵੀ ਸਰਕਾਰ ਨੇ ਅਜੇ ਤੱਕ ਇਹ ਪਤਾ ਲਗਾਉਣ ਦਾ ਯਤਨ ਨਹੀਂ ਕੀਤਾ ਕਿ ਪੰਜਾਬ ਦੇ ਖੇਤਾਂ ਦੇ ਪੁੱਤਰ ਆਖਰ ਖੇਤੀ ਤੋਂ ਕਿਉਂ ਦੂਰ ਹੋ ਰਹੇ ਹਨ ? ਪੰਜਾਬ ਦੇ ਵੱਡੀ ਗਿਣਤੀ ਕਿਸਾਨਾਂ ਦੇ ਬੱਚੇ ਵਿਦੇਸ਼ ਗਏ ਹੋਏ ਹਨ, ਜਿੱਥੇ ਕਿ ਉਹ ਹੋਰਨਾਂ ਕਿੱਤਿਆਂ ਦੇ ਨਾਲ ਨਾਲ ਗੋਰਿਆਂ ਦੇ ਖੇਤਾਂ ਵਿੱਚ ਵੀ ਕੰਮ ਧੰਦੇ ਕਰਦਿਆਂ ਸਖ਼ਤ ਮਿਹਨਤ ਕਰਦੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਹੜੇ ਕਿਸਾਨ ਪੁੱਤਰ ਵਿਦੇਸ਼ ਜਾ ਕੇ ਗੋਰਿਆਂ ਦੇ ਖੇਤਾਂ ਵਿੱਚ ਸਖ਼ਤ ਮਿਹਨਤ ਕਰ ਸਕਦੇ ਹਨ ਤਾਂ ਉਹ ਪੰਜਾਬ ਵਿੱਚ ਖੇਤੀ ਕਿਉਂ ਨਹੀਂ ਕਰਦੇ ਤਾਂ ਇਸ ਸਵਾਲ ਦਾ ਜਵਾਬ ਇਹ ਦਿੱਤਾ ਜਾ ਸਕਦਾ ਹੈ ਕਿ ਪੰਜਾਬ ਵਿੱਚ ਕਿਸਾਨਾਂ ਨੂੰ ਉਹਨਾਂ ਦੀਆਂ ਫ਼ਸਲਾਂ ਦਾ ਲਾਹੇਵੰਦ ਭਾਅ ਨਹੀਂ ਮਿਲਦਾ ਅਤੇ ਹਰ ਵਾਰ ਕਿਸਾਨਾਂ ਨੂੰ ਫ਼ਸਲਾਂ ਵਿੱਚ ਘਾਟਾ ਪੈਂਦਾ ਹੈ। ਕੁਝ ਸਮੇਂ ਬਾਅਦ ਬੀਜਾਂ, ਕੀੜੇਮਾਰ ਦਵਾਈਆਂ, ਰਸਾਇਣਿਕ ਖਾਦਾਂ ਦੇ ਭਾਅ ਅਤੇ ਹੋਰ ਖੇਤੀ ਖ਼ਰਚਿਆਂ ਵਿੱਚ ਵਾਧਾ ਹੋ ਜਾਂਦਾ ਹੈ, ਜਿਸ ਕਾਰਨ ਕਿਸਾਨ ਅਤੇ ਉਹਨਾਂ ਦੇ ਬੱਚੇ ਖੇਤੀ ਵਿੱਚ ਘਾਟਾ ਖਾਣ ਦੀ ਥਾਂ ਵਿਦੇਸ਼ ਜਾਣ ਜਾਂ ਪੰਜਾਬ ਵਿੱਚ ਕੋਈ ਹੋਰ ਕੰਮ ਧੰਦਾ ਕਰਨ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਦੇ ਕਿਸਾਨਾਂ ਨੂੰ ਉਸ ਸਮੇਂ ਵੱਡਾ ਦੁੱਖ ਹੁੰਦਾ ਹੈ ਜਦੋਂ ਖੇਤਾਂ ਵਿੱਚ ਉਹਨਾਂ ਵੱਲੋਂ ਪੁੱਤਾਂ ਵਾਂਗੂ ਪਾਲੀ ਫਸਲ ਕੁਦਰਤੀ ਕਰੋਪੀ ਦੀ ਭੇਂਟ ਚੜ ਜਾਂਦੀ ਹੈ ਜਾਂ ਉਸ ਫਸਲ ਦਾ ਮੰਡੀਆਂ ਵਿੱਚ ਪੂਰਾ ਭਾਅ ਨਹੀਂ ਮਿਲਦਾ। ਝੋਨੇ ਦੇ ਸੀਜ਼ਨ ਦੌਰਾਨ ਅਕਸਰ ਕਿਸਾਨ ਮੰਡੀਆਂ ਵਿੱਚ ਰੁਲਦੇ ਹਨ। ਵੱਡੀ ਗਿਣਤੀ ਕਿਸਾਨ ਅਜਿਹੇ ਹਨ, ਜਿਨ੍ਹਾਂ ਨੇ ਲੰਬੇ ਸਮੇਂ ਤੋਂ ਦਿਵਾਲੀ ਆਪਣੇ ਘਰਾਂ ਅੰਦਰ ਨਹੀਂ ਮਨਾਈ ਕਿਉਂਕਿ ਦਿਵਾਲੀ ਵਾਲੇ ਦਿਨ ਉਹ ਝੋਨੇ ਦੀ ਫਸਲ ਨੂੰ ਵੇਚਣ ਲਈ ਮੰਡੀਆਂ ਵਿੱਚ ਬੈਠੇ ਹੁੰਦੇ ਹਨ। ਰਾਤ ਸਮੇਂ ਝੋਨੇ ਦੀ ਫਸਲ ਦੀ ਰਾਖੀ ਲਈ ਉਹਨਾਂ ਨੂੰ ਫਸਲ ਨੇੜੇ ਮੰਡੀਆਂ ਵਿੱਚ ਹੀ ਸੌਣਾ ਪੈਂਦਾ ਹੈ। ਇਸ ਕਰਕੇ ਦਿਵਾਲੀ ਵਰਗੇ ਵੱਡੇ ਅਤੇ ਪਵਿੱਤਰ ਤਿਉਹਾਰ ਮੌਕੇ ਵੀ ਕਿਸਾਨ ਆਪਣੇ ਪਰਿਵਾਰਾਂ ਤੋਂ ਦੂਰ ਮੰਡੀਆਂ ਵਿੱਚ ਰਹਿਣ ਲਈ ਮਜਬੂਰ ਹੁੰਦੇ ਹਨ।

ਹੁਣ ਇੱਥੇ ਜੇ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਯੂਨੀਅਨਾਂ ਦੀ ਗੱਲ ਨਾ ਕੀਤੀ ਤਾਂ ਗੱਲ ਅਧੂਰੀ ਰਹੇਗੀ।

ਪੰਜਾਬ ਵਿੱਚ ਅੱਧੇ ਸੈਂਕੜੇ ਤੋਂ ਵੱਧ ਕਿਸਾਨ ਜਥੇਬੰਦੀਆਂ ਅਤੇ ਯੂਨੀਅਨਾਂ ਹਨ ਪਰ ਇਹਨਾਂ ਯੂਨੀਅਨਾਂ ਵਿੱਚ ਏਕੇ ਵੀ ਵੱਡੀ ਘਾਟ ਹੈ ਅਤੇ ਸਾਰੀਆਂ ਜਥੇਬੰਦੀਆਂ ਆਪੋ ਆਪਣੀ ਡਫਲੀ ਵਜਾ ਰਹੀਆਂ ਹਨ। ਇਹਨਾਂ ਕਿਸਾਨ ਜਥੇਬੰਦੀਆਂ ਨੇ ਏਕਾ ਕਰਕੇ ਕੁਝ ਸਾਲ ਪਹਿਲਾਂ ਵੱਡਾ ਕਿਸਾਨ ਅੰਦੋਲਨ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਸੀ ਪਰ ਇਹ ਕਿਸਾਨ ਜਥੇਬੰਦੀਆਂ ਪੰਜਾਬ ਨੂੰ ਨਵੀਂ ਲੀਡਰਸ਼ਿਪ ਦੇਣ ਵਿੱਚ ਅਸਫਲ ਹੋ ਗਈਆਂ, ਜਿਸ ਕਾਰਨ ਵੱਖ ਵੱਖ ਸਿਆਸੀ ਪਾਰਟੀਆਂ ਕਿਸਾਨਾਂ ਦੀਆਂ ਵੋਟਾਂ ਲੈ ਕੇ ਰਾਜ ਕਰਨ ਵਿੱਚ ਸਫਲ ਹੋ ਰਹੀਆਂ ਹਨ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਆਪਸੀ ਮਤਭੇਦ ਭੁਲਾ ਕੇ ਕਿਸਾਨਾਂ ਦੀ ਭਲਾਈ ਲਈ ਕੰਮ ਕਰਨ ਅਤੇ ਆਪਣੇ ਏਕੇ ਨਾਲ ਸਰਕਾਰ ਨੂੰ ਮਜਬੂਰ ਕਰ ਦੇਣ ਕਿ ਉਹ ਆਪਣੀਆਂ ਨੀਤੀਆਂ ਨੂੰ ਕਿਸਾਨ ਪੱਖੀ ਬਣਾਵੇ ਅਤੇ ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਲਾਹੇਵੰਦ ਭਾਅ ਦੇਵੇ। ਇਸ ਤੋਂ ਇਲਾਵਾ ਪੰਜਾਬ ਤੇ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਭਲਾਈ ਫੋਕੇ ਦਾਅਵੇ ਕਰਨ ਦੀ ਥਾਂ ਕਿਸਾਨਾਂ ਲਈ ਜ਼ਰੂਰੀ ਖੇਤੀ ਮਸ਼ੀਨਰੀ ਟਰੈਕਟਰ, ਲੇਜ਼ਰ ਲੈਂਡ ਲੈਵਲਰ, ਹੈਪੀ ਸੀਡਰ, ਸੀਡ ਡਰਿੱਲ ਤੇ ਹਰਵੈਸਟਰ ਕੰਬਾਇਨ, ਕੀਟਨਾਸ਼ਕ ਦਵਾਈਆਂ, ਸੋਧੇ ਹੋਏ ਬੀਜ ਤੇ ਰਸਾਇਣਿਕ ਖਾਦਾਂ ਦੇ ਭਾਅ ਘੱਟ ਕਰੇ ਤਾਂ ਕਿ ਕਿਸਾਨਾਂ ਨੂੰ ਕੁਝ ਰਾਹਤ ਮਿਲੇ। ਇਸ ਦੇ ਨਾਲ ਹੀ ਕਿਸਾਨਾਂ ਨੂੰ ਸਰਕਾਰਾਂ ਵੱਲੋਂ 'ਸਵਾਮੀਨਾਥਨ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਅਨੁਸਾਰ ਫਸਲਾਂ ਦਾ ਭਾਅ ਦੇਣਾ ਚਾਹੀਦਾ ਹੈ।



### ਖ਼ੁਸ਼ਹਾਲ ਵੀ ਹਨ ਅਨੇਕਾਂ ਕਿਸਾਨ

ਦੂਜੇ ਪਾਸੇ ਕਿਸਾਨਾਂ ਦਾ ਇੱਕ ਵਰਗ ਅਜਿਹਾ ਵੀ ਹੈ ਜਿਹਨਾਂ ਦੀ ਫ਼ਸਲ ਹਰ ਵਾਰ ਭਰਪੂਰ ਹੁੰਦੀ ਹੈ। ਇਹ ਕਿਸਾਨ ਕਾਫ਼ੀ ਖੁਸ਼ਹਾਲ ਹਨ ਅਤੇ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਦਾ ਆਨੰਦ ਮਾਣਦੇ ਹਨ। ਇਹਨਾਂ ਕਿਸਾਨਾਂ ਕੋਲ ਕਈ ਕਈ ਏਕੜ ਜ਼ਮੀਨਾਂ ਹਨ ਅਤੇ ਉਥੇ ਚੰਗੀ ਫ਼ਸਲ ਹੁੰਦੀ ਹੈ, ਜਿਸ ਨਾਲ ਇਹਨਾਂ ਕਿਸਾਨਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ। ਇਹ ਕਿਸਾਨ ਸਰਕਾਰੀ ਸਕੀਮਾਂ ਦਾ ਲਾਭ ਲੈਣ ਤੋਂ ਵੀ ਗੁਰੇਜ਼ ਕਰਦੇ ਹਨ। ਇਹ ਖੁਸ਼ਹਾਲ ਕਿਸਾਨ ਅਕਸਰ ਦੂਜੇ ਛੋਟੇ ਕਿਸਾਨਾਂ ਦੀ ਆਰਥਿਕ ਸਹਾਇਤਾ ਵੀ ਕਰਦੇ ਹਨ। ਇਹਨਾਂ ਕਿਸਾਨਾਂ ਦੇ ਖੇਤਾਂ ਵਿੱਚ ਹੀ ਆਲੀਸ਼ਾਨ ਘਰ ਹਨ ਅਤੇ ਉਹਨਾਂ ਘਰਾਂ ਵਿੱਚ ਆਧੁਨਿਕ ਸਹੂਲਤਾਂ ਮੌਜੂਦ ਹਨ।





# ਪੰਜਾਬ ਦਾ ਦਰਦ ਖ਼ਤਰਾ ਕਿਵੇਂ ਬਣ ਗਿਆ ਸਰਕਾਰਾਂ ਲਈ ?

ਬਲਰਾਜ ਪੰਨੂੰ

ਪੰਜਾਬ ਦੇ ਉੱਤੇ ਹੋਏ ਜਬਰ ਦੀ ਜਦੋਂ ਕੋਈ ਕਹਾਣੀ ਛਿੜਦੀ ਹੈ ਤਾਂ ਭਾਰਤ ਦੇ ਬਾਕੀ ਹਿੱਸਿਆਂ ਦੇ ਵਿੱਚ ਇਹ ਚਰਚਾ ਦਾ ਵਿਸ਼ਾ ਬਣਦੀ ਹੈ ਤੇ ਲੋਕ ਹੈਰਾਨ ਵੀ ਹੁੰਦੇ ਨੇ ਕਿ ਪੰਜਾਬ ਕਿਸ ਤਰ੍ਹਾਂ ਲੁੱਟਿਆ ਗਿਆ ? ਜਵਾਨੀ ਦਾ ਘਾਣ, ਬੇਬਸ ਮਾਪੇ, ਪ੍ਰਸ਼ਾਸਨ ਦੀ ਗੁੰਡਾਗਰਦੀ, ਪੁਲਿਸ ਦਾ ਇੱਕ ਘਿਣੌਣਾ ਰੂਪ ਉਹ ਵੇਖ ਸੁਣ ਕੇ ਪ੍ਰੇਸ਼ਾਨ ਵੀ ਹੁੰਦੇ ਨੇ ਤੇ ਹੈਰਾਨ ਵੀ। ਉਹ ਸੋਚਦੇ ਨੇ ਕਿ ਪੰਜਾਬ ਕਿਵੇਂ ਟੁੱਟਿਆ ਤੇ ਕਿਵੇਂ ਉੱਠਿਆ। ਇਸ ਸਮੇਂ ਨੱਬੇ ਦੇ ਦਹਾਕੇ ਦੀ ਕਹਾਣੀ ਨੇ ਲੋਕਾਂ ਦੇ ਹਿਰਦੇ ਵਲੂੰਧਰ ਦਿੱਤੇ ਨੇ। ਪੰਜਾਬ ਨੇ ਤਾਂ ਇਹ ਦੁੱਖ ਆਪਣੇ ਪਿੰਡੇ 'ਤੇ ਹੰਢਾਇਆ ਪਰ ਪੰਜਾਬ ਤੋਂ ਬਾਹਰ ਦੇ ਹਿੱਸਿਆਂ ਦੇ ਲੋਕਾਂ ਨੂੰ ਸਾਫ਼ ਪਤਾ ਲੱਗ ਗਿਆ ਹੈ ਕਿ ਕਿਸ ਤਰ੍ਹਾਂ ਅਣਦਾੜ੍ਹੀਏ ਮੁੰਡਿਆਂ ਨੂੰ ਘਰਾਂ 'ਚੋਂ ਵਾਰਸਾਂ ਦੇ ਸਾਹਮਣੇ ਚੁੱਕ ਕੇ ਮਾਰ ਕੇ ਲਾਵਾਰਸ ਬਣਾ ਦਿੱਤਾ ਤੇ ਵਾਰਸਾਂ ਦੇ ਘਰ ਬਾਰ ਉਜਾੜ ਕੇ ਜਿਉਂਦਿਆਂ ਹੀ ਉਹਨਾਂ ਨੂੰ ਲਾਸ਼ਾਂ ਬਣਾ ਦਿੱਤਾ। ਉਹ ਲਾਸ਼ਾਂ ਜੋ ਨਿਆਂ ਦੇ ਲਈ ਦਰ ਦਰ ਭਟਕਦੀਆਂ ਰਹੀਆਂ ਤੇ ਅੱਜ ਵੀ ਆਪਣੀ ਜ਼ਿੰਦਗੀ ਦੇ ਸਾਹ ਪੂਰੇ ਕਰ ਰਹੀਆਂ ਹਨ। ਕਿਸ ਤਰ੍ਹਾਂ ਪੁਲਿਸ ਨੇ ਮਨੁੱਖਤਾ ਦਾ ਘਾਣ ਕੀਤਾ ਕਿ ਅੱਜ ਤੱਕ ਪੰਜਾਬ ਦੇ ਲੋਕਾਂ ਦਾ ਪੰਜਾਬ ਪੁਲਿਸ 'ਤੇ ਵਿਸ਼ਵਾਸ ਹੀ ਨਹੀਂ ਬਣ ਸਕਿਆ। ਇੱਕ ਨਫ਼ਰਤ ਦੀ ਲਕੀਰ ਦੋਵਾਂ ਧਿਰਾਂ ਦੇ ਵਿੱਚ ਖਿੱਚੀ ਗਈ ਹੈ ਕਿਉਂਕਿ ਮਾਪੇ ਇਨਸਾਫ਼ ਦੇ ਲਈ ਦਰ ਦਰ ਠੋਕਰਾਂ ਖਾ ਰਹੇ ਸਨ ਤੇ ਓਹੀ ਪੁਲਿਸ ਵਾਲੇ ਉਹਨਾਂ ਦੇ ਪੁੱਤਾਂ ਦੀਆਂ ਲਾਸ਼ਾਂ ਦੇ ਸਿਰ 'ਤੇ ਆਪਣੇ ਸਟਾਰਾਂ 'ਚ ਵਾਧਾ ਕਰ ਰਹੇ ਸਨ। ਅੱਤਵਾਦ ਦੇ ਨਾਲ ਲੜਦੇ ਲੜਦੇ ਪੁਲਿਸ ਵਾਲੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਏ ਤੇ ਇਸ ਹੈਵਾਨੀਅਤ ਨੇ ਅੱਧੇ ਪੰਜਾਬ ਦੀ ਜਵਾਨੀ ਨੂੰ ਮੂੰਹ ਵਿੱਚ ਪਾ ਲਿਆ। ਅਸੀਂ ਗੱਲ ਕਰ ਰਹੇ ਹਾਂ ਫ਼ਿਲਮ ਸਤਲੁਜ ਦੀ ਭਾਵ ਜਸਵੰਤ ਸਿੰਘ ਖਾਲੜਾ ਦੀ। ਇੱਕ ਸਾਧਾਰਨ ਬੈਂਕ ਵਿੱਚ ਕੰਮ ਕਰਨ ਵਾਲੇ ਨੇ ਸਬੂਤਾਂ ਸਮੇਤ ਸਰਕਾਰਾਂ ਨੂੰ ਵਿਖਾ ਦਿੱਤਾ ਕਿ ਤੁਹਾਡੀ ਨੌਕਰਸ਼ਾਹੀ ਨੇ ਪੱਚੀ ਹਜ਼ਾਰ ਨੌਜਵਾਨਾਂ ਦਾ ਕਤਲ ਕੀਤਾ ਹੈ ਪਰ ਵਜ੍ਹਾ ਕੀ ਹੈ ? ਸਤਲੁਜ ਉਸ ਵਿਅਕਤੀ ਦੀ ਕਹਾਣੀ ਹੈ ਜਿਸ ਨੇ ਸਵਾਲ ਪੁੱਛਣ ਵਰਗਾ ਜੁਰਮ ਕੀਤਾ। ਉਹ ਸ਼ਖ਼ਸ ਜਿਸ ਨੇ ਕੇ.ਪੀ.ਐਸ.ਗਿੱਲ ਵਰਗੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਏਸ ਕਹਿਰ ਦਾ ਹਿਸਾਬ ਮੰਗਿਆ। ਖੁੱਲ੍ਹੀ ਡੀਬੇਟ ਦੀ ਮੰਗ ਕੀਤੀ ਪਰ ਜਸਵੰਤ ਸਿੰਘ ਖਾਲੜਾ ਨੂੰ ਜਵਾਬ ਤਾਂ ਮਿਲਿਆ ਤੇ ਉਹੀ ਖੌਫ਼ਨਾਕ ਤੇ ਦਰਦਨਾਕ ਮੌਤ ਦੇ ਰੂਪ ਵਿੱਚ। ਇਸ ਗੱਲ ਨੂੰ ਕਈ ਵਰ੍ਹੇ ਬੀਤ ਗਏ ਨੇ ਪਰ ਸਰਕਾਰ ਨੇ ਇੱਕ ਵਾਰੀ ਜਸਵੰਤ ਸਿੰਘ ਖਾਲੜਾ ਨੂੰ ਫ਼ੇਰ ਕੋਹ ਕੋਹ ਕੇ ਮਾਰ ਦਿੱਤਾ ਹੈ, ਉਸ ਦੀ ਫ਼ਿਲਮ 'ਤੇ ਰੋਕ ਲਗਾ ਕੇ। ਅੱਜ ਵੀ ਬਹੁਤ ਸਾਰੇ ਲੋਕ ਇਹੀ ਗੱਲ ਕਹਿੰਦੇ ਨੇ ਕਿ ਉਸ ਸਮੇਂ ਪੁਲਿਸ ਨੂੰ ਮਜਬੂਰੀ ਵਿੱਚ ਕੁਝ ਕਦਮ ਚੁੱਕਣੇ ਪਏ ਤਾਂ ਪੰਜਾਬ ਬੱਚ ਗਿਆ ਪਰ ਪੁੱਛਣਾਂ ਇਹ ਬਣਦੈ ਕਿ ਐਸੀ ਕੀ ਮਜਬੂਰੀ ਹੈ ਕਿ ਉਸ ਸੱਚ ਨੂੰ ਹਰ ਪਲੇਟਫ਼ਾਰਮ ਤੋਂ ਹਟਾਇਆ ਜਾ ਰਿਹੈ ? ਸੱਚ ਦਾ ਸਾਹਮਣਾ ਸਰਕਾਰਾਂ ਦੇ ਲਈ ਏਨਾ ਔਖਾ ਕਿਉਂ ਹੈ ? ਅਸਲ ਵਿੱਚ ਏਸ ਸਮੇਂ ਏਸ ਫ਼ਿਲਮ ਦਾ ਆਉਣਾ ਕਈ ਸਵਾਲਾਂ ਨੂੰ ਜਨਮ ਦਿੰਦਾ ਹੈ। 2022 ਦੇ ਵਿੱਚ ਇਸ ਫ਼ਿਲਮ ਦੀ ਸ਼ੂਟਿੰਗ ਕੰਪਲੀਟ ਹੋਈ। ਇਸ ਫ਼ਿਲਮ ਦੀ ਜਾਨ ਦਿਲਜੀਤ ਦੋਸਾਂਝ ਤੇ ਅਰਜਨ ਰਾਮਪਾਲ ਵਰਗੇ ਨੇ। ਇਸ ਫ਼ਿਲਮ ਦਾ ਨਾਂਅ ਸ਼ੁਰੂ ਵਿੱਚ ਘੱਲੂਘਾਰਾ ਸੀ। ਇਹ ਸ਼ਬਦ 1746, 1762 ਅਤੇ 1984 ਦੀ ਸਿੱਖ ਨਸਲਕੁਸ਼ੀ ਲਈ ਵਰਤਿਆ ਗਿਆ। ਸਭ ਤੋਂ ਪਹਿਲਾਂ ਤਾਂ ਸੀ.ਬੀ.ਐਫ.ਸੀ.ਨੇ ਕਿਹਾ ਕਿ ਟਾਈਟਲ 'ਘੱਲੂਘਾਰਾ' ਨਹੀਂ ਚੱਲੇਗਾ। ਫ਼ਿਰ ਨਾਂਅ ਰੱਖਿਆ 'ਪੰਜਾਬ 95'। ਫ਼ਿਰ ਕਿਹਾ ਗਿਆ ਕਿ ਇਸ ਫ਼ਿਲਮ ਦੇ ਵਿੱਚ 127 ਕੱਟ ਲੱਗਣਗੇ। ਜਦੋਂਕਿ ਨਾਰਮਲ ਫ਼ਿਲਮ ਦੇ ਵਿੱਚ 10 ਤੋਂ 12 ਕੱਟ ਮੰਨੇ ਜਾਂਦੇ ਹਨ। ਫ਼ਿਲਮ ਦੀ ਅਸਲੀ ਰੂਹ ਇਨ੍ਹਾਂ ਕੱਟਾਂ ਦੇ ਵਿੱਚ ਖਤਮ ਹੋ ਜਾਂਦੀ। ਫ਼ਿਰ ਇਹ ਕਿਹਾ ਗਿਆ ਕਿ ਪੰਜਾਬ ਪੁਲਿਸ ਦਾ ਨਾਂਅ ਹਟਾਉਣ, ਅਸਲੀ ਜਗ੍ਹਾਵਾਂ ਦਾ ਨਾਂਅ ਹਟਾਉਣ ਅਤੇ ਖਾਲੜਾ ਜੀ ਦੀ ਜਾਂਚ ਪੜਤਾਲ ਦੀ ਰਿਪੋਰਟ ਤੱਕ ਨੂੰ ਹਟਾਉਣ ਲਈ ਕਹਿ ਦਿੱਤਾ। ਉਮੀਦ ਤਾਂ ਉਦੋਂ ਵੀ ਜਾਗੀ ਸੀ ਜਦੋਂ ਪੰਜਾਬ 95 ਟੋਰਾਂਟੋ ਫ਼ਿਲਮ ਫ਼ੇਅਰ ਦੇ ਲਈ ਚੁਣੀ ਗਈ ਸੀ। ਇਸ ਫ਼ਿਲਮ ਦਾ ਵਰਲਡ ਪ੍ਰੀਮੀਅਰ ਹੋਣ ਵਾਲਾ ਸੀ ਫ਼ੇਰ ਪਤਾ ਨਹੀਂ ਕੀ ਪ੍ਰੈੱਸ਼ਰ ਪਿਆ ਕਿ ਬਿਨਾਂ ਕੋਈ ਆਫ਼ੀਸ਼ੀਅਲ ਸਟੇਟਮੈਂਟ ਦੇ ਫ਼ਿਲਮ ਨੂੰ ਰੋਕ ਦਿੱਤਾ ਗਿਆ। ਸੋਚਿਆ ਜਾਵੇ ਤਾਂ ਇਹ ਫ਼ਿਲਮ ਦੀ ਇੰਟਰਨੈਸ਼ਨਲ ਹੱਤਿਆ ਸੀ ਪਰ ਹੁਣ ਬਿਨਾਂ ਕਿਸੇ ਪ੍ਰਮੋਸ਼ਨ ਦੇ ਚੁੱਪ ਚਾਪ ਓਟੀਟੀ ਜ਼ੀ 5 'ਤੇ ਜ਼ੀਰੋ ਕੱਟ ਦੇ ਨਾਲ ਰਿਲੀਜ਼ ਕਰ ਦਿੱਤੀ ਗਈ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਓਟੀਟੀ ਸੈਂਸਰ ਬੋਰਡ ਦੇ ਪ੍ਰੀਵਿਊ ਵਿੱਚ ਨਹੀਂ ਆਉਂਦਾ। ਦਿਲਜੀਤ ਦੋਸਾਂਝ ਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਖ਼ੁਦ ਕਿਹਾ ਕਿ ਇਸ ਫ਼ਿਲਮ ਦੇ ਵਿੱਚ ਕੋਈ ਕੱਟ ਨਹੀਂ ਹੈ। ਦੋ ਦਿਨ ਬਾਅਦ ਫ਼ਿਲਮ ਨੂੰ ਓਟੀਟੀ ਪਲੇਟਫ਼ਾਰਮ ਤੋਂ ਹਟਾ ਦਿੱਤਾ ਗਿਆ ਪਰ ਸਵਾਲ ਇਹ ਖੜ੍ਹਾ ਹੈ ਕਿ ਕਿਸ ਦੇ ਆਰਡਰ 'ਤੇ ? ਵੈਸੇ ਤਾਂ ਕਿਹਾ ਜਾ ਰਿਹਾ ਹੈ ਕਿ ਇਹ ਨੈਸ਼ਨਲ ਸਿਕਿਓਰਟੀ ਦਾ ਮਸਲਾ ਹੈ। ਦੁਸ਼ਮਣ ਇਸ ਦਾ ਫ਼ਾਇਦਾ ਉਠਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੂੰ ਕੇਰਲਾ ਸਟੋਰੀ ਤੋਂ ਦਿੱਕਤ ਨਹੀਂ ਪਰ ਸੱਚੀ ਘਟਨਾ 'ਤੇ ਆਧਾਰਿਤ ਫ਼ਿਲਮ ਤੋਂ ਤਕਲੀਫ਼ ਹੈ। ਡਿਜੀਟਲ ਇੰਡੀਆ ਦੇ ਜ਼ਰੀਏ ਅੱਜ ਸਤਲੁਜ ਫ਼ਿਲਮ ਹਰ ਘਰ ਹਰ ਗਲੀ ਹਰ ਮੋੜ 'ਤੇ ਪਹੁੰਚ ਗਈ ਹੈ। ਇਹ ਸੱਚ ਗੱਲ ਹੈ ਕਿ ਸੱਚ ਬੋਲਣਾ ਮਹਿੰਗਾ ਪੈਂਦਾ ਹੈ ਤੇ ਏਸ ਸੱਚ ਬਾਰੇ ਖਾਲੜਾ ਜੀ ਭਲੀ-ਭਾਂਤੀ ਜਾਣੂ ਸਨ। ਤੇ ਇਹ ਉਦੋਂ ਵਾਪਰਿਆ ਜਦੋਂ ਸਤੰਬਰ 1995 ਵਿੱਚ ਪੁਲਿਸ ਵਾਲਿਆਂ ਨੇ ਉਹਨਾਂ ਨੂੰ ਵੈਨ ਦੇ ਵਿੱਚ ਅਗਵਾ ਉਸੇ ਤਰ੍ਹਾਂ ਹੀ ਕੀਤਾ ਸੀ ਜਿਵੇਂ ਹਜ਼ਾਰਾਂ ਨੌਜਵਾਨਾਂ ਨੂੰ। ਡੇਢ ਮਹੀਨੇ ਬਾਅਦ ਉਹਨਾਂ ਦੀ ਮੌਤ ਦੀ ਖ਼ਬਰ ਆਉਂਦੀ ਹੈ। ਸੀ.ਬੀ.ਆਈ. ਨੇ 6 ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾਅ ਦਿੱਤਾ। 135 ਪੁਲਿਸ ਵਾਲੇ ਅਜੇ ਵੀ ਦੋਸ਼ੀ ਨੇ ਪਰ ਛੋਟੇ ਅਹੁਦਿਆਂ ਵਾਲੇ ਨੇ। ਉੱਚੇ ਅਹੁਦਿਆਂ ਵਾਲੇ ਅੱਜ ਵੀ ਆਜ਼ਾਦ ਘੁੰਮ ਰਹੇ ਨੇ। ਸਰਕਾਰ ਨਹੀਂ ਚਾਹੁੰਦੀ ਕਿ ਤੁਸੀਂ ਇਹ ਗੱਲਾਂ ਸਮਝੋ ਤੇ ਮਹਿਸੂਸ ਕਰੋ। ਸਰਕਾਰ ਤਾਂ ਚਾਹੁੰਦੀ ਹੈ ਕਿ ਤੁਸੀਂ ਧੁਰੰਧਰ ਵੇਖੋ, ਨੋਟਬੰਦੀ ਦੀ ਵਾਹ ਵਾਹ ਕਰੋ, ਕੇਰਲਾ ਸਟੋਰੀ ਵੇਖੋ। ਕੁੱਲ ਮਿਲਾ ਕੇ ਸਰਕਾਰ ਕਹਿੰਦੀ ਹੈ ਕਿ ਤੁਸੀਂ ਕੁਝ ਵੀ ਵੇਖੋ ਪਰ ਸਿਸਟਮ ਦੇ ਗੰਦੇ ਤੇ ਨੀਚ ਸੱਚ ਨੂੰ ਨਾ ਵੇਖੋ। ਕਿਉਂਕਿ ਸਰਕਾਰ ਸਵਾਲਾਂ ਤੋਂ ਡਰਦੀ ਹੈ। ਆਜ਼ਾਦੀ ਮਿਲੀ ਨੂੰ 80 ਸਾਲ ਹੋਣ ਵਾਲੇ ਨੇ ਪਰ ਸਰਕਾਰ ਨੇ ਗਲਤੀਆਂ ਤੋਂ ਕੁਝ ਵੀ ਨਹੀਂ ਸਿੱਖਿਆ। ਸਰਕਾਰ ਔਰੰਗਜ਼ੇਬ ਦੀ ਗੱਲ ਕਰਦੀ ਹੈ, ਬਾਬਰ ਦੀ ਗੱਲ ਕਰਦੀ ਹੈ। ਕਈ ਸਦੀਆਂ ਪਿਛਾਂਹ ਦੀ ਗੱਲ ਕਰਦੀ ਹੈ ਪਰ 30 ਸਾਲ ਪੁਰਾਣੇ ਸੱਚ ਤੋਂ ਪਰਦਾ ਚੁੱਕੇ ਜਾਣ 'ਤੇ ਖੌਫ਼ਜ਼ਦਾ ਹੋ ਜਾਂਦੀ ਹੈ। ਸਤਲੁਜ ਪੰਜਾਬ ਦੀ ਕਹਾਣੀ ਹੈ। ਪੰਜਾਬ ਦੇ ਪਿੰਡੇ 'ਤੇ ਪਏ ਨਾ ਮਿਟਣ ਵਾਲੇ ਜ਼ਖ਼ਮਾਂ ਦੀ ਕਹਾਣੀ ਹੈ। ਸਤਲੁਜ ਓਹ ਕਹਾਣੀ ਹੈ, ਜਿੱਥੇ ਸਰਕਾਰੀ ਪਾਵਰ ਨੂੰ ਗਲਤ ਤਰੀਕੇ ਦੇ ਨਾਲ ਵਰਤਿਆ ਜਾਂਦਾ ਹੈ। ਸੋ ਹਰ ਇੱਕ ਦਾ ਫ਼ਰਜ਼ ਬਣਦਾ ਹੈ ਕਿ ਸੱਚਾਈ ਦਾ ਸਾਥ ਦੇਣ ਦਾ। ਸੋ ਮੂਵੀ ਵੇਖੋ, ਗੱਲ ਕਰੋ, ਸਵਾਲ ਕਰੋ। ਜੋ ਪੰਜਾਬ ਨਾਲ ਹੋਇਆ, ਉਹ ਹੋਰ ਅੱਗੇ ਨਾ ਵਾਪਰੇ। ਸੱਚ ਤਾਂ ਇਹ ਕਿ ਪੰਜਾਬ ਦੀ ਸੱਚਾਈ ਦੋ ਦਿਨ ਵੇਖਣ ਦੀ ਵੀ ਸਰਕਾਰਾਂ ਕੋਲ ਹਿੰਮਤ ਨਹੀਂ ਪਈ ਤੇ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦਾ ਦਰਦ ਖਤਰਾ ਕਿਵੇਂ ਬਣ ਗਿਆ ਸਰਕਾਰਾਂ ਲਈ। ਸੱਚ ਬੋਲਣ ਦੀ ਸਜ਼ਾ ਜਸਵੰਤ ਸਿੰਘ ਖਾਲੜਾ ਨੂੰ ਤਾਂ ਮਿਲੀ ਹੀ ਹੁਣ ਖਾਲੜਾ ਦੀ ਕਹਾਣੀ ਨੂੰ ਵੀ ਸਰਕਾਰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।




# ਅਮਰੀਕਾ ਦੀ 250ਵੀਂ ਵਰ੍ਹੇਗੰਢ ਮੌਕੇ 50 ਸੂਬਿਆਂ 'ਚ ਕੀਤੇ ਗਏ ਸ਼ਾਨਦਾਰ ਅਤੇ ਇਤਿਹਾਸਕ ਸਮਾਗਮ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਪਿਛਲੇ ਦਿਨੀਂ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਇਤਿਹਾਸਕ ਉਤਸ਼ਾਹ ਨਾਲ ਮਨਾਈ। ਸਾਲ 1776 'ਚ ਆਜ਼ਾਦੀ ਦੇ ਐਲਾਨ 'ਤੇ ਦਸਤਖਤ ਦੇ 250 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਆਯੋਜਿਤ ਇਸ ਵਿਸ਼ੇਸ਼ ਸਮਾਰੋਹ ਨੂੰ ਅਧਿਕਾਰਤ ਤੌਰ 'ਤੇ 'ਸੈਮੀਕੁਇਨਸੈਂਟੇਨੀਅਲ' ਨਾਂਅ ਦਿੱਤਾ ਗਿਆ। ਇਹ ਮੌਕਾ ਅਮਰੀਕੀ ਇਤਿਹਾਸ ਵਿਚ ਬੇਹੱਦ ਦੁਰਲੱਭ ਮੰਨਿਆ ਜਾਂਦਾ ਹੈ, ਕਿਉਂਕਿ ਅਜਿਹਾ ਆਯੋਜਨ ਹਰ 250 ਸਾਲਾਂ 'ਚ ਸਿਰਫ਼ ਇਕ ਵਾਰ ਆਉਂਦਾ ਹੈ। ਇਸ ਮੌਕੇ ਦੇਸ਼ ਦੇ ਸਾਰੇ 50 ਸੂਬਿਆਂ ਵਿੱਚ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ ਹੈ।



**ਕੀ ਹੈ 'ਸੈਮੀਕੁਇਨਸੈਂਟੇਨੀਅਲ' ਦਾ ਅਰਥ ?**

'ਸੈਮੀਕੁਇਨਸੈਂਟੇਨੀਅਲ' ਦਾ ਅਰਥ ਕਿਸੇ ਇਤਿਹਾਸਕ ਘਟਨਾ ਦੇ 250 ਸਾਲ ਪੂਰੇ ਹੋਣਾ ਹੈ। ਅਮਰੀਕਾ ਵਿੱਚ ਇਹ ਸ਼ਬਦ 4 ਜੁਲਾਈ 1776 ਨੂੰ ਫਿਲਾਡੈਲਫੀਆ ਵਿੱਚ 56 ਨੁਮਾਇੰਦਿਆਂ ਵੱਲੋਂ ਆਜ਼ਾਦੀ ਦੇ ਐਲਾਨਨਾਮੇ (ਡਿਕਲਾਰੇਸ਼ਨ ਆਫ਼ ਇੰਡੀਪੈਂਡੇਂਸ) 'ਤੇ ਦਸਤਖਤ ਕੀਤੇ ਜਾਣ ਦੀ 250ਵੀਂ ਵਰ੍ਹੇਗੰਢ ਲਈ ਵਰਤਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 1926 ਵਿਚ 150ਵੀਂ ਵਰ੍ਹੇਗੰਢ (ਸੈਸਕੁਇਸੈਂਟੇਨੀਅਲ) ਅਤੇ 1976 ਵਿਚ 200ਵੀਂ ਵਰ੍ਹੇਗੰਢ (ਬਾਈਸੈਂਟੇਨੀਅਲ) ਮਨਾਈ ਗਈ ਸੀ।

**ਕਿਵੇਂ ਮਿਲੀ ਸੀ ਬ੍ਰਿਟੇਨ ਤੋਂ ਆਜ਼ਾਦੀ ?**

ਅਮਰੀਕਾ ਦੀ ਆਜ਼ਾਦੀ ਦੀ ਲੜਾਈ ਦੀ ਸ਼ੁਰੂਆਤ ਫ੍ਰੈਂਚ ਅਤੇ ਇੰਡੀਅਨ ਜੰਗ ਤੋਂ ਬਾਅਦ ਹੋਈ, ਜਦੋਂ ਬ੍ਰਿਟੇਨ ਨੇ ਜੰਗ ਦਾ ਖਰਚਾ ਕੱਢਣ ਲਈ ਕਾਲੋਨੀਆਂ 'ਤੇ ਨਵੇਂ ਟੈਕਸ ਲਾਏ। 'ਅਗਵਾਈ ਤੋਂ ਬਿਨਾਂ ਕੋਈ ਟੈਕਸ ਨਹੀਂ' ਦੇ ਨਾਅਰੇ ਨਾਲ ਕਾਲੋਨੀਆਂ 'ਚ ਵਿਰੋਧ ਤੇਜ਼ ਹੋ ਗਿਆ। 1773 ਦੀ ਬੋਸਟਨ ਟੀ ਪਾਰਟੀ ਅਤੇ ਉਸ ਤੋਂ ਬਾਅਦ ਵਧਦੇ ਟਕਰਾਅ ਨੇ ਸੰਘਰਸ਼ ਨੂੰ ਜੰਗ ਦਾ ਰੂਪ ਦੇ ਦਿੱਤਾ। ਅਪ੍ਰੈਲ 1775 ਵਿਚ ਲੈਕਸਿੰਗਟਨ ਅਤੇ ਕਾਨਕਾਰਡ ਦੀਆਂ ਲੜਾਈਆਂ ਤੋਂ ਬਾਅਦ ਆਜ਼ਾਦੀ ਅੰਦੋਲਨ ਤੇਜ਼ ਹੋਇਆ ਅਤੇ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਜਾਰੀ ਕੀਤਾ ਗਿਆ।

**ਇਤਿਹਾਸਕ ਸਮਾਗਮਾਂ ਦੀ ਲੜੀ**

ਇਸ ਵਾਰ ਦੇ ਸਮਾਗਮ ਦਾ ਆਯੋਜਨ ਅਮਰੀਕੀ ਕਾਂਗਰਸ ਵੱਲੋਂ ਸਾਲ 2016 ਵਿੱਚ ਗਠਿਤ ਅਮਰੀਕਾ-250 ਕਮਿਸ਼ਨ ਦੀ ਦੇਖ-ਰੇਖ ਵਿਚ ਕੀਤਾ ਜਾ ਰਿਹਾ ਹੈ। ਪੂਰੇ ਦੇਸ਼ ਵਿੱਚ ਵਿਰਾਸਤੀ ਪ੍ਰਦਰਸ਼ਨੀਆਂ, ਫੌਜੀ ਪਰੇਡਾਂ, ਸੱਭਿਆਚਾਰਕ ਪ੍ਰੋਗਰਾਮ, ਨੇਵੀ ਆਯੋਜਨ, ਸੂਬਾ ਪੱਧਰੀ ਮੇਲੇ, ਯਾਦਗਾਰੀ ਸਿੱਕੇ ਜਾਰੀ ਕਰਨਾ ਅਤੇ ਇਤਿਹਾਸ 'ਤੇ ਆਧਾਰਿਤ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਫਿਲਾਡੈਲਫੀਆ, ਵਾਸ਼ਿੰਗਟਨ ਡੀ.ਸੀ., ਬੋਸਟਨ ਅਤੇ ਚਾਰਲਸਟਨ ਵਰਗੇ ਇਤਿਹਾਸਕ ਸ਼ਹਿਰ ਇਨ੍ਹਾਂ ਸਮਾਰੋਹਾਂ ਦੇ ਮੁੱਖ ਕੇਂਦਰ ਬਣੇ ਹੋਏ ਹਨ।

**ਲੋਕਤੰਤਰ ਅਤੇ ਆਜ਼ਾਦੀ ਦੇ ਮੁੱਲਾਂ ਦਾ ਸੰਦੇਸ਼**

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵਰ੍ਹੇਗੰਢ ਸਿਰਫ਼ ਇੱਕ ਇਤਿਹਾਸਕ ਘਟਨਾ ਦਾ ਜਸ਼ਨ ਨਹੀਂ ਹੈ, ਸਗੋਂ ਲੋਕਤੰਤਰ, ਆਜ਼ਾਦੀ ਅਤੇ ਸਵੈ-ਸ਼ਾਸਨ ਵਰਗੇ ਮੂਲ ਅਮਰੀਕੀ ਆਦਰਸ਼ਾਂ 'ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਵੀ ਹੈ। ਇਹ ਸਮਾਰੋਹ ਦੇਸ਼ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਉਸ ਦੇ ਇਤਿਹਾਸ ਵਿਚ ਆਏ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੰਘਰਸ਼ਾਂ ਨੂੰ ਵੀ ਯਾਦ ਕਰਨ ਦਾ ਜ਼ਰੀਆ ਬਣ ਰਿਹਾ ਹੈ।

**ਅਮਰੀਕਾ ਲਈ ਇਤਿਹਾਸਕ ਪੜਾਅ ਬਣਿਆ 2026**

250ਵੀਂ ਵਰ੍ਹੇਗੰਢ ਨੂੰ ਅਮਰੀਕਾ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾ ਰਿਹਾ ਹੈ। (ਬਾਕੀ ਸਫ਼ਾ 26 'ਤੇ)

## ਅਮਰੀਕਾ ਦੇ 250ਵੇਂ ਆਜ਼ਾਦੀ ਦਿਵਸ ਦੀ ਪਰੇਡ 'ਚ ਸਿੱਖ ਭਾਈਚਾਰੇ ਨੇ ਲਿਆ ਹਿੱਸਾ



ਡੈਲਸ-ਫੋਰਟ ਵਰਥ (ਟੈਕਸਾਸ)/ ਏ.ਟੀ.ਨਿਊਜ਼: ਅਮਰੀਕਾ ਦੇ 250ਵੇਂ ਆਜ਼ਾਦੀ ਦਿਵਸ ਮੌਕੇ ਡੈਲਸ-ਫੋਰਟ ਵਰਥ ਖੇਤਰ ਦੀਆਂ ਸਿੱਖ ਸੰਗਤਾਂ ਅਤੇ ਪੰਜਾਬੀ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਆਜ਼ਾਦੀ ਦਿਵਸ ਦੀ ਵਿਸ਼ਾਲ ਪਰੇਡ ਵਿੱਚ ਸ਼ਮੂਲੀਅਤ ਕੀਤੀ। ਤਿੰਨ ਘੰਟਿਆਂ ਤੱਕ ਚੱਲੀ ਇਸ ਸ਼ਾਨਦਾਰ ਪਰੇਡ ਵਿੱਚ ਸਿੱਖ ਭਾਈਚਾਰੇ ਨੇ ਆਪਣੀਆਂ ਰਵਾਇਤੀ ਪੱਗਾਂ, ਅਮਰੀਕੀ ਝੰਡਿਆਂ ਅਤੇ ਜੋਸ਼-ਉਤਸ਼ਾਹ ਨਾਲ ਹਾਜ਼ਰੀ ਲਗਾ ਕੇ ਆਪਣੀ ਵੱਖਰੀ ਪਹਿਚਾਣ ਦਰਜ ਕਰਵਾਈ।

ਪਰੇਡ ਦੌਰਾਨ ਲਗਭਗ ਢਾਈ ਲੱਖ ਤੋਂ ਵੱਧ ਲੋਕਾਂ ਦੀ ਹਾਜ਼ਰੀ ਰਹੀ। ਰਸਤੇ ਭਰ ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਸਿੱਖ ਭਾਈਚਾਰੇ ਦਾ ਤਾੜੀਆਂ ਵਜਾ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਅਨੁਸ਼ਾਸਨ, ਪਹਿਰਾਵੇ ਅਤੇ ਦੇਸ਼-ਪ੍ਰੇਮ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਸਮਾਗਮ ਵਿੱਚ ਸ਼ਾਮਲ ਸਿੱਖ ਆਗੂਆਂ ਨੇ ਕਿਹਾ ਕਿ ਪੱਗ ਸਿੱਖਾਂ ਦੀ ਸ਼ਾਨ ਅਤੇ ਪਹਿਚਾਣ ਹੈ, ਜਿਸ ਨੂੰ ਮਾਣ ਨਾਲ ਧਾਰਨ ਕਰਕੇ ਅਜਿਹੇ ਰਾਸ਼ਟਰੀ ਸਮਾਗਮਾਂ ਵਿੱਚ ਸ਼ਾਮਲ ਹੋਣਾ ਨਾ ਸਿਰਫ਼ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਉਜਾਗਰ ਕਰਦਾ ਹੈ, ਸਗੋਂ ਅਮਰੀਕਾ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਸਾਂਝੇਦਾਰੀ ਦਾ ਵੀ ਪ੍ਰਗਟਾਵਾ ਕਰਦਾ ਹੈ।

ਪਰੇਡ ਵਿੱਚ ਪੰਜਾਬੀ ਭਾਈਚਾਰੇ ਦੀ ਸ਼ਾਨਦਾਰ ਭਾਗੀਦਾਰੀ ਨੇ ਇਹ ਸੰਦੇਸ਼ ਦਿੱਤਾ ਕਿ ਸਿੱਖ ਅਤੇ ਪੰਜਾਬੀ ਅਮਰੀਕੀ ਸਮਾਜ ਦਾ ਅਟੁੱਟ ਹਿੱਸਾ ਹਨ ਅਤੇ ਦੇਸ਼ ਦੀ ਤਰੱਕੀ, ਵਿਭਿੰਨਤਾ ਅਤੇ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਹਮੇਸ਼ਾ ਯੋਗਦਾਨ ਪਾਉਂਦੇ ਰਹਿਣਗੇ। ਇਹ ਇਤਿਹਾਸਕ ਸਮਾਗਮ ਹਾਜ਼ਰ ਸੰਗਤਾਂ ਲਈ ਮਾਣ ਅਤੇ ਯਾਦਗਾਰ ਪਲ ਬਣ ਗਿਆ।

# ਸ੍ਰੀ ਹਰਿਮੰਦਰ ਸਾਹਿਬ ਕਿਸੇ ਸਿਆਸੀ ਪਾਰਟੀ ਦਾ ਮੰਚ ਨਹੀਂ: ਪ੍ਰੋ. ਸਰਚਾਂਦ ਸਿੰਘ ਖਿਆਲਾ

## ਜਥੇ. ਗੜਗੱਜ ਤੇ ਸ਼੍ਰੋਮਣੀ ਕਮੇਟੀ ਦੱਸੇ ਕਿ ਐਕਟ 1956 ਦੀ ਖੁੱਲ੍ਹੀ ਹਮਾਇਤ ਪਿੱਛੇ ਕਿਹੜੀ ਮਜਬੂਰੀ ਤੇ ਰਾਜਨੀਤੀ ਕੰਮ ਕਰ ਰਹੀ ਹੈ ?

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ 'ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਐਕਟ, 1956' ਨੂੰ ਮਹਾਰਾਸ਼ਟਰ ਸਰਕਾਰ ਵੱਲੋਂ ਰੱਦ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਕੀਤੀ ਜਾ ਰਹੀ ਬਿਆਨਬਾਜ਼ੀ 'ਤੇ ਹੈਰਾਨੀ ਪ੍ਰਗਟ ਕਰਦਿਆਂ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਸ ਐਕਟ ਨੂੰ ਸਿੱਖੀ ਸਪਿਰਟ ਤੇ ਭਾਵਨਾ ਦੇ ਅਨੁਕੂਲ ਨਾ ਮੰਨਦਿਆਂ 58 ਸਾਲ ਪਹਿਲਾਂ ਮਤਾ ਕੀਤਾ ਗਿਆ ਸੀ, ਉਸ ਦੀ ਅੱਜ ਇਨ੍ਹਾਂ ਵੱਲੋਂ ਖੁੱਲ੍ਹ ਕੇ ਕੀਤੀ ਜਾ ਰਹੀ ਹਮਾਇਤ ਪਿੱਛੇ ਕਿਹੜੀ ਮਜਬੂਰੀ ਅਤੇ ਕਿਹੜੀ ਰਾਜਨੀਤੀ ਕੰਮ ਕਰ ਰਹੀ ਹੈ?

ਪ੍ਰੋ. ਖਿਆਲਾ ਨੇ ਆਪਣੇ ਦਾਅਵੇ ਅਤੇ ਦਲੀਲ ਨੂੰ ਪੁਖ਼ਤਾ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਅਤੀਤ ਦੌਰਾਨ ਪਾਸ ਕੀਤੇ ਗਏ ਮਤਿਆਂ ਅਤੇ ਚੁੱਕੇ ਗਏ ਕਦਮਾਂ 'ਤੇ ਝਾਤ ਮਾਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ 27 ਅਕਤੂਬਰ 1968 ਨੂੰ ਸਾਲਾਨਾ ਜਨਰਲ ਇਜਲਾਸ ਦੌਰਾਨ 'ਤਖ਼ਤ ਹਜ਼ੂਰ ਸਾਹਿਬ ਐਕਟ 1956' ਸੰਬੰਧੀ ਪਾਸ ਕੀਤੇ ਗਏ ਮਤੇ 'ਚ ਕਿਹਾ ਕਿ ਇਸ ਐਕਟ ਵਿੱਚ ਕੁਝ ਅਜਿਹੀਆਂ ਤਰੁੱਟੀਆਂ ਹਨ, ਜੋ ਸਿੱਖ ਧਰਮ ਤੇ ਮਾਨ-ਮਰਯਾਦਾ ਦੇ ਪੂਰਨ ਭਾਂਤਿ ਅਨੁਕੂਲ ਨਹੀਂ। ਇਸ ਬੋਰਡ ਦੀ ਬਣਤਰ ਵਿੱਚ ਮੈਂਬਰਾਂ ਦੀ ਨਾਮਜ਼ਦਗੀ ਸਿੱਖੀ ਸਪਿਰਟ ਤੇ ਭਾਵਨਾ ਦੇ ਅਨੁਕੂਲ ਨਹੀਂ, ਜਿਹਾ ਕਿ ਪੰਜਾਬ ਦੇ ਗੁਰਦੁਆਰਾ ਐਕਟ ਵਿੱਚ ਅੰਕਿਤ ਹੈ। ਇਸ ਲਈ ਇਹ ਸਮਾਗਮ ਮੰਗ ਕਰਦਾ ਹੈ ਕਿ ਇਸ ਐਕਟ ਅਨੁਸਾਰ ਨਾਮਜ਼ਦ ਅਤੇ ਹੋਰ ਮੈਂਬਰਾਂ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੋਵੇ ਅਤੇ ਸ਼ਰਾਬ ਪੀਣਾ ਸਪੱਸ਼ਟ ਅੱਖਰਾਂ ਵਿੱਚ ਵਰਜਿਤ ਹੋਵੇ। ਇਸ ਦੇ ਨਾਲ ਹੀ ਇਜਲਾਸ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਉਕਤ ਐਕਟ ਵਿੱਚ ਲੋੜੀਂਦੀਆਂ ਤਰਮੀਮਾਂ ਕਰਵਾਉਣ ਲਈ ਮਹਾਰਾਸ਼ਟਰ ਸਰਕਾਰ ਨਾਲ ਸ਼ੀਘਰ ਗੱਲਬਾਤ ਆਰੰਭ ਕਰਨ ਦਾ ਅਧਿਕਾਰ ਵੀ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਇਸ ਤੱਥ ਸੰਬੰਧੀ ਹੋਰ ਜਾਣਕਾਰੀ ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ) ਵੱਲੋਂ ਪ੍ਰਕਾਸ਼ਿਤ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਪ੍ਰਸਤੁਤ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ' ਵਿੱਚ 27 ਅਕਤੂਬਰ 1968 ਦੇ ਸਾਲਾਨਾ ਜਨਰਲ ਇਜਲਾਸ ਅਧੀਨ 'ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ (ਨਾਂਦੇੜ-ਦੱਖਣ) ਦੀ ਸਿੱਖੀ ਮਰਯਾਦਾ ਕਾਇਮ ਰੱਖਣ ਬਾਰੇ ਮਤਾ' ਸਿਰਲੇਖ ਹੇਠ ਦੇਖੀ ਜਾ ਸਕਦੀ ਹੈ।

ਪ੍ਰੋ. ਖਿਆਲਾ ਨੇ ਸਵਾਲ ਕੀਤਾ ਕਿ ਜੋ ਐਕਟ 58 ਸਾਲ ਪਹਿਲਾਂ ਸਿੱਖੀ ਦੇ ਅਨੁਕੂਲ ਨਹੀਂ ਸੀ, ਉਹ ਅੱਜ ਸਿੱਖੀ ਸਿਧਾਂਤਾਂ ਦੇ ਅਨੁਕੂਲ ਕਿਵੇਂ ਹੋ ਗਿਆ? ਕੀ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਸਾਹਿਬ ਨੂੰ ਹੁਣ ਉਕਤ ਐਕਟ ਵਿੱਚ ਬੋਰਡ ਮੈਂਬਰਾਂ ਦਾ ਗੈਰ-ਅੰਮ੍ਰਿਤਧਾਰੀ ਹੋਣਾ ਅਤੇ ਸ਼ਰਾਬ ਪੀਣ ਜਾਂ ਸਿਗਰਟਨੋਸ਼ੀ ਕਰਨ 'ਤੇ ਕੋਈ ਇਤਰਾਜ਼ ਨਹੀਂ ਰਿਹਾ?

ਉਨ੍ਹਾਂ ਸਪੱਸ਼ਟ ਕੀਤਾ ਕਿ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਸਿੱਖ ਸੰਸਥਾਵਾਂ ਅਤੇ



ਸਮੁੱਚੇ ਸਿੱਖ ਭਾਈਚਾਰੇ ਦੀ ਸਹਿਮਤੀ ਤੋਂ ਬਿਨਾਂ ਨਵਾਂ ਐਕਟ, 2026 ਲਾਗੂ ਨਹੀਂ ਕਰੇਗੀ। ਇਸ ਸਬੰਧੀ ਸਹਿਮਤੀ ਦਾ ਮਾਹੌਲ ਬਣਾਉਣ ਅਤੇ ਸਾਰੇ ਸੰਬੰਧਤ ਪੱਖਾਂ ਦੇ ਵਿਚਾਰ ਪ੍ਰਾਪਤ ਕਰਨ ਲਈ ਵਿਆਪਕ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਸ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਆਪਣੇ ਬਿਆਨ 'ਚ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਇੱਕ ਪਾਸੇ ਭਗਵੰਤ ਮਾਨ ਦੀ ਸਰਕਾਰ ਨੂੰ ਸਮਰਥਨ ਦੇ ਕੇ ਸੱਤਾ ਵਿੱਚ ਬਣਾਈ ਰੱਖਣ ਵਾਲੇ ਵਿਧਾਇਕਾਂ ਅਤੇ ਆਗੂਆਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਓ-ਭਗਤ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨਾਲ ਲੰਗਰ ਵੀ ਛਕਿਆ ਜਾਂਦਾ ਹੈ, ਪਰ ਦੂਜੇ ਪਾਸੇ ਬੀਤੇ ਦਿਨ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਨਿਰਦੋਸ਼ ਸ਼ਰਧਾਲੂਆਂ ਨੂੰ ਸਿਰਫ਼ ਇਸ ਲਈ ਰੋਕਿਆ ਗਿਆ ਕਿ ਉਨ੍ਹਾਂ ਦੇ ਗਲਾਂ ਵਿੱਚ ਮੁੱਖ ਮੰਤਰੀ ਦੀ ਤਸਵੀਰ ਵਾਲੇ ਸ਼ਨਾਖ਼ਤੀ ਕਾਰਡ ਸਨ। ਉਨ੍ਹਾਂ ਦੀ ਇੱਛਾ ਦੇ ਵਿਰੁੱਧ ਉਹ ਕਾਰਡ ਜ਼ਬਰਦਸਤੀ ਉਤਾਰ ਕੇ ਉਨ੍ਹਾਂ ਵਿੱਚ ਬੇਚੈਨੀ ਅਤੇ ਅਸਹਿਜਤਾ ਪੈਦਾ ਕਰਨਾ ਬਹੁਤ ਹੀ ਅਪਮਾਨਜਨਕ ਸੀ। ਸਵਾਲ ਖੜ੍ਹਾ ਹੁੰਦਾ ਹੈ ਕਿ ਆਮ ਸ਼ਰਧਾਲੂਆਂ ਨਾਲ ਵੱਖਰਾ ਸਲੂਕ ਕਿਉਂ? ਕੀ ਉਕਤ ਨੌਜਵਾਨਾਂ ਦਾ ਜ਼ੋਰ ਵੀ ਕੇਵਲ ਨਿਰਦੋਸ਼ ਸ਼ਰਧਾਲੂਆਂ 'ਤੇ ਹੀ ਚਲਦਾ ਹੈ?

ਪ੍ਰੋ. ਖਿਆਲਾ ਨੇ ਸ਼੍ਰੋਮਣੀ ਕਮੇਟੀ ਨੂੰ ਸਵਾਲ ਕੀਤਾ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਤੇ ਪੰਥਕ ਮਰਯਾਦਾ ਦੀ ਵਿਆਖਿਆ ਹੁਣ ਰਾਜਨੀਤਿਕ ਸੁਵਿਧਾ ਅਨੁਸਾਰ ਕੀਤੀ ਜਾ ਰਹੀ ਹੈ? ਜੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ-ਦੋਖੀ' ਅਤੇ 'ਪੰਥ ਵਿਰੋਧੀ' ਕਰਾਰ ਦਿੰਦਿਆਂ ਸਿੱਖ ਸੰਗਤ ਨੂੰ ਉਨ੍ਹਾਂ ਦਾ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਨਾ ਕਰਨ ਲਈ ਆਦੇਸ਼ ਜਾਰੀ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਦਾ ਜ਼ੋਰਦਾਰ ਪ੍ਰਚਾਰ ਵੀ ਕੀਤਾ ਅਤੇ ਪੰਥਕ ਇਕੱਠ ਬੁਲਾ ਕੇ ਇਸ 'ਆਦੇਸ਼' 'ਤੇ ਸਖ਼ਤੀ ਨਾਲ ਅਮਲ ਕਰਨ 'ਤੇ ਵੀ ਜ਼ੋਰ ਦਿੱਤਾ, ਤਾਂ ਫਿਰ ਇਸ ਦੀ ਪਾਲਣਾ ਵਿੱਚ ਦੋਹਰੇ ਮਾਪਦੰਡ ਕਿਉਂ ਅਪਣਾਏ ਜਾ ਰਹੇ ਹਨ?

ਪ੍ਰੋ. ਖਿਆਲਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਪੱਸ਼ਟ ਕਰੇ ਕਿ ਇਹ ਕਾਰਵਾਈ ਕਰਨ ਵਾਲੇ ਨੌਜਵਾਨ ਕੌਣ ਸਨ? ਕੀ ਉਹ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਨ? ਕੀ ਉਨ੍ਹਾਂ ਨੂੰ ਕਿਸੇ ਅਧਿਕਾਰੀ ਜਾਂ ਪ੍ਰਬੰਧਕ ਦੀ ਹਮਾਇਤ ਪ੍ਰਾਪਤ ਸੀ? ਜੇ ਨਹੀਂ, ਤਾਂ ਪਵਿੱਤਰ ਕੰਪਲੈਕਸ ਵਿੱਚ ਸ਼ਰਧਾਲੂਆਂ ਨੂੰ ਅਪਮਾਨਿਤ ਕਰਨ ਦੀ ਇਜਾਜ਼ਤ ਕਿਸ ਨੇ ਦਿੱਤੀ? ਅਤੇ ਜੇ ਇਹ ਸਭ ਕੁਝ ਸ਼੍ਰੋਮਣੀ ਕਮੇਟੀ ਦੀ ਜਾਣਕਾਰੀ ਵਿੱਚ ਹੋਇਆ, ਤਾਂ ਕੀ ਇਸ ਨੂੰ ਉਸ ਦੀ ਮੌਨ ਸਹਿਮਤੀ ਮੰਨਿਆ ਜਾਵੇ?

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਪੰਥ ਲਈ ਸਰਵਉੱਚ ਹਨ। ਉਨ੍ਹਾਂ ਦੀ ਪਾਲਣਾ ਚੋਣਵੇਂ ਢੰਗ ਨਾਲ ਨਹੀਂ ਹੋ ਸਕਦੀ। ਜੇ ਇੱਕ ਪਾਸੇ ਆਮ ਸ਼ਰਧਾਲੂਆਂ ਨੂੰ ਮੁੱਖ ਮੰਤਰੀ ਨਾਲ ਜੋੜ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਦੂਜੇ ਪਾਸੇ ਉਸੇ ਮੁੱਖ ਮੰਤਰੀ ਦੀ ਸਰਕਾਰ ਦੇ ਰਾਜਨੀਤਿਕ ਭਾਈਵਾਲਾਂ ਦੇ ਹੱਕ 'ਚ ਨਿਭਾਈ ਗਈ ਭੂਮਿਕਾ ਕਿਵੇਂ ਜਾਇਜ਼ ਠਹਿਰਾਈ ਜਾ ਸਕਦੀ ਹੈ? ਪੰਥਕ ਸੰਸਥਾਵਾਂ ਦੀ ਭਰੋਸੇਯੋਗਤਾ ਇੱਕੋ ਜਿਹੇ ਸਿਧਾਂਤਾਂ ਅਤੇ ਇੱਕੋ ਜਿਹੇ ਮਾਪਦੰਡਾਂ ਨਾਲ ਹੀ ਕਾਇਮ ਰਹਿ ਸਕਦੀ ਹੈ। ਸ਼੍ਰੋਮਣੀ ਕਮੇਟੀ ਇਹ ਯਕੀਨੀ ਬਣਾਏ ਕਿ ਭਵਿੱਖ ਵਿੱਚ ਕਿਸੇ ਵੀ ਸ਼ਰਧਾਲੂ ਨਾਲ ਉਸ ਦੀ ਰਾਜਨੀਤਿਕ ਪਛਾਣ ਦੇ ਆਧਾਰ 'ਤੇ ਭੇਦਭਾਵ ਜਾਂ ਅਪਮਾਨਜਨਕ ਵਿਹਾਰ ਨਾ ਹੋਵੇ।

ਪ੍ਰੋ. ਖਿਆਲਾ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਕਿਸੇ ਰਾਜਨੀਤਿਕ ਪਾਰਟੀ ਦਾ ਮੰਚ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਰੂਹਾਨੀਅਤ ਦਾ ਕੇਂਦਰ ਹੈ। ਇੱਥੇ ਆਉਣ ਵਾਲਾ ਹਰ ਸ਼ਰਧਾਲੂ ਸਤਿਕਾਰ, ਸੁਰੱਖਿਆ ਅਤੇ ਬਰਾਬਰੀ ਦਾ ਹੱਕਦਾਰ ਹੈ।

### ਐਨ.ਸੀ.ਬੀ. ਦਾ ਵੱਡਾ ਖੁਲਾਸਾ

# ਦੇਸ਼ 'ਚੋਂ ਫੜੀ ਗਈ 58 ਫ਼ੀਸਦੀ ਹੈਰੋਇਨ ਇਕੱਲੇ ਪੰਜਾਬ ਦੀ

## ਸਰਹੱਦ ਪਾਰੋਂ 5 ਸਾਲਾਂ ਵਿੱਚ 100 ਗੁਣਾ ਵਧੇ ਡਰੋਨ ਤਸਕਰੀ ਦੇ ਮਾਮਲੇ, ਪੰਜਾਬ ਸਭ ਤੋਂ ਵੱਡਾ ਨਿਸ਼ਾਨਾ

ਪੰਜਾਬ ਲੰਬੇ ਸਮੇਂ ਤੋਂ ਨਸ਼ਿਆਂ ਦੀ ਮਾਰ ਝੱਲ ਰਿਹਾ ਹੈ, ਪਰ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਤਾਜ਼ਾ ਰਿਪੋਰਟ ਨੇ ਜੋ ਖੁਲਾਸੇ ਕੀਤੇ ਹਨ, ਉਹ ਬੇਹੱਦ ਚਿੰਤਾਜਨਕ ਅਤੇ ਅੱਖਾਂ ਖੋਲ੍ਹਣ ਵਾਲੇ ਹਨ। ਰਿਪੋਰਟ ਮੁਤਾਬਕ ਪੰਜਾਬ ਇਸ ਵੇਲੇ ਨਸ਼ੇ ਦੀ 'ਦੂਜੀ ਖ਼ਤਰਨਾਕ ਲਹਿਰ' ਦੇ ਮੁਹਾਣੇ 'ਤੇ ਖੜ੍ਹਾ ਹੈ। ਰਵਾਇਤੀ ਨਸ਼ਿਆਂ (ਜਿਵੇਂ ਹੈਰੋਇਨ) ਦੇ ਨਾਲ-ਨਾਲ ਹੁਣ 'ਫਾਰਮਾ ਓਪੀਓਇਡਜ਼' ਯਾਨੀ ਮੈਡੀਕਲ ਨਸ਼ੇ, ਖਾਸ ਕਰਕੇ ਕੋਡੀਨ ਆਧਾਰਿਤ ਕਫ਼ ਸਿਰਪ (ਖੰਘ ਦੀ ਦਵਾਈ), ਨੌਜਵਾਨੀ ਦੇ ਖੂਨ ਵਿੱਚ ਜ਼ਹਿਰ ਘੋਲ ਰਹੇ ਹਨ।

ਦੂਜੇ ਪਾਸੇ, ਪਾਕਿਸਤਾਨੀ ਸਰਹੱਦ ਤੋਂ ਆਧੁਨਿਕ ਤਕਨਾਲੋਜੀ ਯਾਨੀ ਡਰੋਨਾਂ ਰਾਹੀਂ ਹੋ ਰਹੀ ਤਸਕਰੀ ਨੇ ਸੂਬੇ ਅਤੇ ਦੇਸ਼ ਦੀ ਸੁਰੱਖਿਆ ਏਜੰਸੀਆਂ ਦੇ ਨੱਕ ਵਿੱਚ ਦਮ ਕਰ ਦਿੱਤਾ ਹੈ। ਇਹ ਸਥਿਤੀ ਸਿਰਫ਼ ਇੱਕ ਸਮਾਜਿਕ ਬੁਰਾਈ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਲਈ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ।

**ਘਰਾਂ ਤੱਕ ਪਹੁੰਚਿਆ 'ਕਾਨੂੰਨੀ' ਜ਼ਹਿਰ**

ਐਨ.ਸੀ.ਬੀ. ਦੇ ਅੰਕੜਿਆਂ ਅਨੁਸਾਰ ਸਾਲ 2025 ਦੌਰਾਨ ਇਕੱਲੇ ਪੰਜਾਬ ਵਿੱਚੋਂ ਕੋਡੀਨ ਆਧਾਰਿਤ ਕਫ਼ ਸਿਰਪ ਦੀਆਂ



8,95,508 ਬੋਤਲਾਂ ਬਰਾਮਦ ਹੋਈਆਂ ਹਨ। ਇਹ ਅੰਕੜਾ ਦੇਸ਼ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਸਭ ਤੋਂ ਵੱਧ ਹੈ। ਬਿਊਪ੍ਰੇਨੋਰਫਿਨ, ਟਰਾਮਾਡੋਲ ਅਤੇ ਅਲਪ੍ਰਾਜ਼ੋਲਮ ਵਰਗੀਆਂ ਕਾਨੂੰਨੀ ਦਵਾਈਆਂ ਕੁਝ ਬੇਈਮਾਨ ਮੈਡੀਕਲ ਸਟੋਰਾਂ ਅਤੇ ਫਾਰਮੇਸੀ ਨੈੱਟਵਰਕ ਦੀ ਮਿਲੀਭੁਗਤ ਨਾਲ ਗ਼ੈਰ-ਕਾਨੂੰਨੀ ਤੌਰ ਉੱਪਰ ਬਾਜ਼ਾਰ ਵਿੱਚ ਵੇਚੀਆਂ ਜਾ ਰਹੀਆਂ ਹਨ।

ਹੈਰੋਇਨ ਵਰਗੇ ਮਹਿੰਗੇ ਨਸ਼ਿਆਂ ਦੇ ਮੁਕਾਬਲੇ ਇਹ ਮੈਡੀਕਲ ਨਸ਼ੇ ਆਸਾਨੀ ਨਾਲ ਅਤੇ ਘੱਟ ਕੀਮਤ 'ਤੇ ਉਪਲਬਧ ਹੋ ਜਾਂਦੇ ਹਨ, ਜਿਸ ਕਾਰਨ ਨੌਜਵਾਨ ਅਤੇ ਵਿਦਿਆਰਥੀ ਇਸ ਦਲਦਲ ਵਿੱਚ ਤੇਜ਼ੀ ਨਾਲ ਫਸ ਰਹੇ ਹਨ। 2011 ਤੋਂ 2025 ਦਰਮਿਆਨ ਫਾਰਮਾ ਡਰੱਗਜ਼ ਦੀ ਬਰਾਮਦਗੀ ਵਿੱਚ 77 ਫ਼ੀਸਦੀ ਦਾ ਵਾਧਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਮੈਡੀਕਲ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵੇਂ ਸਿਖਰਾਂ 'ਤੇ ਹਨ।

**ਡਰੋਨ ਤਸਕਰੀ: 5 ਸਾਲਾਂ ਵਿੱਚ 100 ਗੁਣਾ ਵਾਧਾ ਕਿਉਂ?**

ਸਰਹੱਦ ਪਾਰ ਬੈਠੇ ਤਸਕਰਾਂ ਨੇ ਹੁਣ ਨਸ਼ਾ ਸਪਲਾਈ ਕਰਨ ਲਈ ਕੰਡਿਆਲੀ ਤਾਰ ਜਾਂ ਜ਼ਮੀਨੀ ਰਸਤਿਆਂ ਦੀ ਬਜਾਏ ਅਸਮਾਨੀ ਰਸਤਾ ਚੁਣ ਲਿਆ ਹੈ। ਸਾਲ 2021 ਵਿੱਚ ਜਿੱਥੇ ਡਰੋਨ ਤਸਕਰੀ ਦੇ ਸਿਰਫ਼ 3 ਮਾਮਲੇ ਸਨ, ਉੱਥੇ 2025 ਵਿੱਚ ਇਹ ਵੱਧ ਕੇ 305 ਹੋ ਗਏ—ਯਾਨੀ ਪੂਰਾ 100 ਗੁਣਾ ਵਾਧਾ। ਇਸ ਅਸਧਾਰਨ ਵਾਧੇ ਦੇ ਮੁੱਖ ਕਾਰਨ ਹੇਠ ਲਿਖੇ ਹਨ: ਰਵਾਇਤੀ ਤਸਕਰੀ ਵਿੱਚ ਤਸਕਰਾਂ ਦੇ ਫੜੇ ਜਾਣ ਜਾਂ ਮੁਕਾਬਲੇ ਵਿੱਚ ਮਾਰੇ ਜਾਣ ਦਾ ਖ਼ਤਰਾ ਹੁੰਦਾ ਸੀ। ਡਰੋਨ ਰਾਹੀਂ ਤਸਕਰ ਸਰਹੱਦ ਤੋਂ ਦੂਰ ਬੈਠ ਕੇ ਹੀ ਖੇਪ ਭੇਜ ਦਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਆਪਣੀ ਜਾਨ ਜਾਂ ਪਛਾਣ ਦਾ ਖ਼ਤਰਾ ਨਾਮਾਤਰ ਰਹਿ ਜਾਂਦਾ ਹੈ।

ਬਾਜ਼ਾਰ ਵਿੱਚ ਹੁਣ ਵਪਾਰਕ ਅਤੇ ਚੀਨੀ ਡਰੋਨ ਬਹੁਤ ਆਸਾਨੀ ਨਾਲ ਅਤੇ ਸਸਤੇ ਮਿਲ ਜਾਂਦੇ ਹਨ। ਇਹ ਡਰੋਨ ਭਾਰੀ ਵਜ਼ਨ (ਪੇਲੋਡ) ਚੁੱਕਣ ਅਤੇ ਰਾਤ ਦੇ ਹਨੇਰੇ ਵਿੱਚ ਜੀ.ਪੀ.ਐਸ. ਰਾਹੀਂ ਨਿਸ਼ਚਿਤ ਲੋਕੇਸ਼ਨ 'ਤੇ ਪਹੁੰਚਣ ਵਿੱਚ ਮਾਹਿਰ ਹੁੰਦੇ ਹਨ।

ਰੇਡਾਰ ਅਤੇ ਰਵਾਇਤੀ ਸੁਰੱਖਿਆ ਪ੍ਰਣਾਲੀਆਂ ਅਕਸਰ ਬਹੁਤ ਨੀਵੀਂ ਉਚਾਈ 'ਤੇ ਉੱਡਣ ਵਾਲੇ ਛੋਟੇ ਡਰੋਨਾਂ ਨੂੰ ਫੜਨ ਵਿੱਚ ਅਸਫਲ ਰਹਿੰਦੀਆਂ ਹਨ। ਇਸੇ ਕਾਰਨ 2025 ਵਿੱਚ ਡਰੋਨਾਂ ਰਾਹੀਂ 468 ਕਿਲੋਗ੍ਰਾਮ ਨਸ਼ਾ (ਜਿਸ ਵਿੱਚ 449.751 ਕਿਲੋਗ੍ਰਾਮ ਇਕੱਲੀ ਹੈਰੋਇਨ ਪੰਜਾਬ ਵਿਚੋਂ ਸੀ) ਭਾਰਤ ਧੱਕਿਆ ਗਿਆ।

**ਹੈਰੋਇਨ ਦਾ ਗੜ੍ਹ ਅਜੇ ਵੀ ਪੰਜਾਬ**

ਇਨ੍ਹਾਂ ਸਾਰੇ ਨਵੇਂ ਨਸ਼ਿਆਂ ਦੇ ਬਾਵਜੂਦ, ਹੈਰੋਇਨ ਦੀ ਤਸਕਰੀ ਵਿੱਚ ਪੰਜਾਬ ਅਜੇ ਵੀ ਦੇਸ਼ ਦਾ ਸਭ ਤੋਂ

### ਮੈਡੀਕਲ ਦਵਾਈਆਂ ਸਿਹਤ ਦਾ ਕੀ ਨੁਕਸਾਨ ਕਰਦੀਆਂ ਹਨ ?

ਇਹ ਸਾਰੀਆਂ ਦਵਾਈਆਂ (ਬਿਊਪ੍ਰੇਨੋਰਫਿਨ, ਟਰਾਮਾਡੋਲ ਅਤੇ ਅਲਪ੍ਰਾਜ਼ੋਲਮ) ਡਾਕਟਰੀ ਵਿਗਿਆਨ ਵਿੱਚ ਬਹੁਤ ਗੰਭੀਰ ਬੀਮਾਰੀਆਂ ਜਾਂ ਅਸਹਿ ਦਰਦ ਦੇ ਇਲਾਜ ਲਈ ਬਣਾਈਆਂ ਗਈਆਂ ਹਨ। ਪਰ ਜਦੋਂ ਇਨ੍ਹਾਂ ਦੀ ਵਰਤੋਂ ਬਿਨਾਂ ਡਾਕਟਰੀ ਸਲਾਹ ਦੇ, ਨਸ਼ੇ ਜਾਂ ਆਦਤ ਵਜੋਂ ਕੀਤੀ ਜਾਂਦੀ ਹੈ, ਤਾਂ ਇਹ ਸਰੀਰ ਅਤੇ ਦਿਮਾਗ ਦਾ ਨਾਸ ਕਰ ਦਿੰਦੀਆਂ ਹਨ।

ਟਰਾਮਾਡੋਲ ਅਤੇ ਬਿਊਪ੍ਰੇਨੋਰਫਿਨ ਦੋਵੇਂ ਓਪੀਓਇਡਜ਼ ਸ਼੍ਰੇਣੀ ਦੀਆਂ ਦਵਾਈਆਂ ਹਨ, ਜੋ ਬਹੁਤ ਤੇਜ਼ ਦਰਦ ਤੋਂ ਰਾਹਤ ਪਾਉਣ ਲਈ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਅਸਰ ਸਿੱਧਾ ਅਫ਼ੀਮ ਜਾਂ ਹੈਰੋਇਨ ਵਰਗਾ ਹੁੰਦਾ ਹੈ।

ਇਨ੍ਹਾਂ ਨਸ਼ੀਲੀਆਂ ਦਵਾਈਆਂ ਦਾ ਸਭ ਤੋਂ ਘਾਤਕ ਨੁਕਸਾਨ ਇਹ ਹੈ ਕਿ ਇਹ ਦਿਮਾਗ ਦੇ ਉਸ ਹਿੱਸੇ ਨੂੰ ਸੁੰਨ ਕਰ ਦਿੰਦੀਆਂ ਹਨ ਜੋ ਸਾਹ ਲੈਣ ਦੀ ਪ੍ਰਕਿਰਿਆ ਨੂੰ ਕੰਟਰੋਲ ਕਰਦਾ ਹੈ। ਓਵਰਡੋਜ਼ (ਵੱਧ ਮਾਤਰਾ) ਲੈਣ ਨਾਲ ਸਾਹ ਪੂਰੀ ਤਰ੍ਹਾਂ ਰੁਕ ਸਕਦਾ ਹੈ, ਜਿਸ ਨਾਲ ਇਨਸਾਨ ਦੀ ਮੌਕੇ 'ਤੇ ਹੀ ਮੌਤ ਹੋ ਜਾਂਦੀ ਹੈ।

ਟਰਾਮਾਡੋਲ ਦੀ ਜ਼ਿਆਦਾ ਵਰਤੋਂ ਨਾਲ ਦਿਮਾਗ ਦੀ ਬਿਜਲਈ ਪ੍ਰਣਾਲੀ ਵਿਗੜ ਜਾਂਦੀ ਹੈ, ਜਿਸ ਨਾਲ ਮਰੀਜ਼ ਨੂੰ ਮਿਰਗੀ ਵਾਂਗ ਭਿਆਨਕ ਦੌਰੇ ਪੈਣ ਲੱਗਦੇ ਹਨ ਇਹ ਦਵਾਈਆਂ ਸਰੀਰ ਦੇ ਅੰਦਰੂਨੀ ਅੰਗਾਂ, ਖਾਸ ਕਰਕੇ ਲਿਵਰ (ਜਿਗਰ) ਅਤੇ ਕਿਡਨੀ (ਗੁਰਦਿਆਂ) 'ਤੇ ਬਹੁਤ ਜ਼ਿਆਦਾ ਬੋਝ ਪਾਉਂਦੀਆਂ ਹਨ, ਜਿਸ ਨਾਲ ਇਹ ਹੌਲੀ-ਹੌਲੀ ਕੰਮ ਕਰਨਾ ਬੰਦ ਕਰ ਦਿੰਦੇ ਹਨ ਇਸ ਦੇ ਸੇਵਨ ਨਾਲ ਗੰਭੀਰ ਕਬਜ਼ , ਉਲਟੀਆਂ ਆਉਣਾ ਅਤੇ ਭੁੱਖ ਬਿਲਕੁਲ ਖ਼ਤਮ ਹੋਣ ਵਰਗੀਆਂ ਸਮੱਸਿਆਵਾਂ ਆਮ ਹੋ ਜਾਂਦੀਆਂ ਹਨ।

ਅਲਪ੍ਰਾਜ਼ੋਲਮ ਬੈਂਜੋਡਾਇਜ਼ੇਪੀਨ ਸ਼੍ਰੇਣੀ ਦੀ ਦਵਾਈ ਹੈ (ਜਿਸ ਨੂੰ ਆਮ ਭਾਸ਼ਾ ਵਿੱਚ ਨੀਂਦ ਜਾਂ ਡਿਪਰੈਸ਼ਨ ਦੀ ਗੋਲੀ ਕਿਹਾ ਜਾਂਦਾ ਹੈ)। ਇਹ ਦਿਮਾਗ ਨੂੰ ਸ਼ਾਂਤ ਕਰਨ ਲਈ ਦਿੱਤੀ ਜਾਂਦੀ ਹੈ।

ਦਰਪਣ ਝੂਠ ਨਹੀਂ ਬੋਲਦਾ

# ਬ੍ਰਿਟੇਨ ਵਿੱਚ ਨਸਲਵਾਦ ਦੀ ਮੁੜ ਵਾਪਸੀ

## ਸਿੱਖ ਭਾਈਚਾਰੇ ਨੇ ਵੀ ਪ੍ਰਗਟਾਈ ਸੁਰੱਖਿਆ ਨੂੰ ਲੈ ਕੇ ਚਿੰਤਾ

## ਪ੍ਰਵਾਸੀ ਵਿਰੋਧੀ ਸਿਆਸਤ ਤੇ ਹਿੰਸਕ ਘਟਨਾਵਾਂ ਕਾਰਨ ਘੱਟਗਿਣਤੀਆਂ 'ਚ ਵਧਿਆ ਡਰ

## ਸਿਹਤ ਕਰਮਚਾਰੀਆਂ 'ਤੇ ਵੀ ਨਸਲਵਾਦ ਦੀ ਮਾਰ: ਨਰਸਾਂ ਨਾਲ ਵਿਤਕਰੇ ਦੇ ਮਾਮਲਿਆਂ 'ਚ 55% ਵਾਧਾ

ਬ੍ਰਿਟੇਨ, ਜਿਸ ਨੂੰ ਦੁਨੀਆ ਭਰ ਵਿੱਚ ਵੱਖ-ਵੱਖ ਨਸਲਾਂ, ਧਰਮਾਂ ਅਤੇ ਸੱਭਿਆਚਾਰਾਂ ਦੇ ਸਫ਼ਲ ਸੁਮੇਲ ਦੀ ਇੱਕ ਉੱਤਮ ਮਿਸਾਲ ਵਜੋਂ ਦੇਖਿਆ ਜਾਂਦਾ ਰਿਹਾ ਹੈ, ਅੱਜ ਇਤਿਹਾਸ ਦੇ ਇੱਕ ਬੇਹੱਦ ਨਾਜ਼ੁਕ ਅਤੇ ਚਿੰਤਾਜਨਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਹਾਲੀਆ ਦਿਨਾਂ ਵਿੱਚ ਸਾਊਥੈਂਪਟਨ, ਬੇਲਫਾਸਟ ਅਤੇ ਐਡਿਨਬਰਗ ਵਰਗੇ ਸ਼ਹਿਰਾਂ ਵਿੱਚ ਹੋਈਆਂ ਨਸਲੀ ਹਿੰਸਾ ਦੀਆਂ ਘਟਨਾਵਾਂ ਅਤੇ ਅਸ਼ਵੇਤ ਤੇ ਏਸ਼ੀਆਈ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਇਹ ਸਾਫ਼ ਇਸ਼ਾਰਾ ਕਰਦੀ ਹੈ ਕਿ ਦੇਸ਼ ਵਿੱਚ ਨਸਲਵਾਦ ਦੀ ਬਿਮਾਰੀ ਇੱਕ ਵਾਰ ਫਿਰ ਭਿਆਨਕ ਰੂਪ ਵਿੱਚ ਸਿਰ ਚੁੱਕ ਰਹੀ ਹੈ।

ਸਾਊਥੈਂਪਟਨ ਵਿਖੇ ਇੱਕ ਬ੍ਰਿਟਿਸ਼ ਮੂਲ ਦੇ ਸਿੱਖ ਵੱਲੋਂ ਇੱਕ ਗੋਰੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਇਸ ਮਾਮਲੇ ਨਾਲ ਜੁੜੀ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੱਜੇ-ਪੱਖੀ ਕਾਰਕੁਨਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ ਸਨ।

ਬੇਲਫਾਸਟ ਉੱਤਰੀ ਆਇਰਲੈਂਡ ਦੀ ਰਾਜਧਾਨੀ ਬੇਲਫਾਸਟ ਵਿੱਚ ਇੱਕ ਸੂਡਾਨੀ ਪ੍ਰਵਾਸੀ ਵੱਲੋਂ ਸਥਾਨਕ ਗੋਰੇ ਵਿਅਕਤੀ 'ਤੇ ਕੀਤੇ ਗਏ ਜਾਨਲੇਵਾ ਹਮਲੇ ਤੋਂ ਬਾਅਦ ਦੰਗੇ ਭੜਕ ਗਏ ਸਨ। ਨਕਾਬਪੋਸ਼ ਹਮਲਾਵਰਾਂ ਨੇ ਘੱਟਗਿਣਤੀਆਂ ਦੇ ਘਰਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਕਾਰਨ ਕਈ ਪਰਿਵਾਰਾਂ ਨੂੰ ਆਪਣੇ ਘਰ ਛੱਡਣੇ ਪਏ ਸਨ।

ਸਕਾਟਲੈਂਡ ਵਿੱਚ ਵੀ ਇੱਕ 36 ਸਾਲਾ ਵਿਅਕਤੀ 'ਤੇ ਮੁਸਲਿਮ ਵਿਰੋਧੀ ਨਫ਼ਰਤ ਤੋਂ ਪ੍ਰੇਰਿਤ ਹੋ ਕੇ ਕਈ ਹਮਲੇ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਸੀ।

ਬੰਗਲਾਦੇਸ਼ ਤੋਂ 5 ਸਾਲ ਦੀ ਉਮਰ ਵਿੱਚ ਬ੍ਰਿਟੇਨ ਆਏ 44 ਸਾਲਾ ਮੁਸਲਿਮ ਪ੍ਰਾਈਵੇਟ ਹਾਇਰ ਡਰਾਈਵਰ ਅਲੀ ਹੈਦਰ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਇਸ ਸਮੇਂ ਹਰ ਗੈਰ-ਗੋਰੇ ਵਿਅਕਤੀ ਦੀ ਜਾਨ ਖ਼ਤਰੇ ਵਿੱਚ ਹੈ। ਅਸੀਂ ਆਪਣੀ ਵਿਰਾਸਤ ਅਤੇ ਪਛਾਣ ਨੂੰ ਪਿਆਰ ਕਰਦੇ ਹਾਂ, ਪਰ ਕਈ ਵਾਰ ਅਜਿਹੇ ਦਿਨ ਹੁੰਦੇ ਹਨ ਜਦੋਂ ਮੈਨੂੰ ਲੱਗਦਾ ਹੈ ਕਿ ਕਾਸ਼ ਮੈਂ ਆਪਣੀ ਭੂਰੀ ਚਮੜੀ ਨੂੰ ਲੁਕਾ ਸਕਦਾ।

ਉਨ੍ਹਾਂ ਦੱਸਿਆ ਕਿ ਸਵਾਰੀਆਂ ਹੁਣ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਕਹਿੰਦੀਆਂ ਹਨ ਕਿ ਮੁਸਲਮਾਨ ਪੱਛਮੀ ਸੱਭਿਆਚਾਰ ਦੇ ਅਨੁਕੂਲ ਨਹੀਂ ਹਨ।

ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨ ਦੇ ਡਿਪਟੀ ਡਾਇਰੈਕਟਰ ਹਰਦੀਪ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ ਹੁਣ 'ਜ਼ਹਿਰ ਦਾ ਖੂਹ' ਬਣ ਚੁੱਕਾ ਹੈ। ਉਨ੍ਹਾਂ ਨੂੰ ਖੁਦ ਇੱਕ ਨਫ਼ਰਤੀ ਈਮੇਲ ਮਿਲੀ ਹੈ ਜਿਸ ਵਿੱਚ ਸਿੱਖ ਧਰਮ ਨੂੰ ਖ਼ਤਮ ਕਰਨ ਦੀ ਗੱਲ ਕਹੀ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਇੰਨੀ ਨਫ਼ਰਤ ਨਹੀਂ ਦੇਖੀ। ਇਹ ਸਿਰਫ਼ ਇੱਕ ਵਿਅਕਤੀ ਦਾ ਦਰਦ ਨਹੀਂ, ਬਲਕਿ ਬ੍ਰਿਟਿਸ਼ ਲੋਕਤੰਤਰ ਅਤੇ ਸਮਾਜਿਕ ਤਾਣੇ-ਬਾਣੇ ਦੇ ਮੂੰਹ 'ਤੇ ਇੱਕ ਵੱਡੀ ਚਪੇੜ ਹੈ।

ਸਿੱਖ ਸੰਸਥਾਵਾਂ ਦਾ ਮੰਨਣਾ ਹੈ ਕਿ ਇਸ ਮੌਜੂਦਾ ਸੰਕਟ ਦੀ ਜੜ੍ਹ ਸਿਰਫ਼ ਕੁਝ ਅਪਰਾਧਿਕ ਘਟਨਾਵਾਂ ਵਿੱਚ ਨਹੀਂ, ਬਲਕਿ ਉਸ ਪ੍ਰਵਾਸੀ ਵਿਰੋਧੀ ਰਾਜਨੀਤੀ ਵਿੱਚ ਹੈ, ਜਿਸ ਨੂੰ ਸਿਆਸੀ ਲਾਹੇ ਲਈ ਹਵਾ ਦਿੱਤੀ ਜਾ ਰਹੀ ਹੈ। 2016 ਦੇ ਬ੍ਰੈਗਜ਼ਿਟ ਤੋਂ ਬਾਅਦ ਸ਼ੁਰੂ ਹੋਈ ਇਹ ਖੇਡ ਹੁਣ ਸੱਜੇ-ਪੱਖੀ ਪੌਪੁਲਿਸਟ ਆਗੂਆਂ ਦੀ ਅਗਵਾਈ ਵਿੱਚ ਸਿਖਰਾਂ 'ਤੇ ਪਹੁੰਚ ਚੁੱਕੀ ਹੈ। ਨਾਇਜਲ ਫ਼ਰਾਜ




ਵਰਗੇ ਨੇਤਾਵਾਂ ਵੱਲੋਂ ਵਰਤੀ ਜਾ ਰਹੀ ਭੜਕਾਊ ਭਾਸ਼ਾ ਅਤੇ ਰਿਫਾਰਮ ਯੂ.ਕੇ. ਵਰਗੀਆਂ ਪਾਰਟੀਆਂ ਦਾ ਉਭਾਰ ਸਮਾਜ ਵਿੱਚ ਵੰਡੀਆਂ ਪਾਉਣ ਦਾ ਕੰਮ ਕਰ ਰਿਹਾ ਹੈ। ਜਦੋਂ ਸਿਆਸੀ ਆਗੂ ਵੋਟਾਂ ਦੀ ਖ਼ਾਤਰ ਬਹੁਗਿਣਤੀ ਆਬਾਦੀ ਅੰਦਰ ਇਹ ਡਰ ਪੈਦਾ ਕਰਦੇ ਹਨ ਕਿ ਪ੍ਰਵਾਸੀ ਉਨ੍ਹਾਂ ਦੇ ਰੁਜ਼ਗਾਰ, ਸੱਭਿਆਚਾਰ ਅਤੇ ਸੁਰੱਖਿਆ ਲਈ ਖ਼ਤਰਾ ਹਨ, ਤਾਂ ਉਸ ਦਾ ਨਤੀਜਾ ਅਜਿਹੇ ਨਫ਼ਰਤੀ ਅਪਰਾਧਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਨਫ਼ਰਤ ਹੁਣ ਦੇਸ਼ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਸਿਹਤ ਖੇਤਰ ਤੱਕ ਵੀ ਪਹੁੰਚ ਚੁੱਕੀ ਹੈ। ਵਿਦੇਸ਼ੀ ਨਰਸਾਂ ਅਤੇ ਡਾਕਟਰਾਂ ਨੇ ਬ੍ਰਿਟੇਨ ਦੇ ਸਿਹਤ ਢਾਂਚੇ ਨੂੰ ਹਮੇਸ਼ਾ ਸੰਭਾਲਿਆ ਹੈ, ਪਰ ਅੱਜ ਉਨ੍ਹਾਂ ਨੂੰ ਹੀ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਰੌਇਲ ਕਾਲਜ ਆਫ਼ ਨਰਸਿੰਗ ਦੇ ਅੰਕੜੇ, ਅਨੁਸਾਰ ਸਾਲ 2022 ਤੋਂ ਬਾਅਦ ਸਿਹਤ ਕਰਮਚਾਰੀਆਂ ਨਾਲ ਹੋਣ ਵਾਲੇ ਨਸਲੀ ਵਿਤਕਰੇ ਦੇ ਮਾਮਲਿਆਂ ਵਿੱਚ 55% ਦਾ ਵਾਧਾ ਦਰਜ ਕੀਤਾ ਗਿਆ ਹੈ। ਕਈ ਵਿਦੇਸ਼ੀ ਜਾਂ ਅਸ਼ਵੇਤ ਨਰਸਾਂ ਨੂੰ ਮਰੀਜ਼ਾਂ ਵੱਲੋਂ ਇਲਾਜ ਕਰਨ ਤੋਂ ਮਨ੍ਹਾ ਕੀਤਾ ਜਾ ਰਿਹਾ ਹੈ।

ਪੁਲਿਸ ਅਨੁਸਾਰ ਇੰਗਲੈਂਡ ਅਤੇ ਵੇਲਜ਼ ਵਿੱਚ ਮਾਰਚ 2025 ਨੂੰ ਖ਼ਤਮ ਹੋਏ ਸਾਲ ਦੌਰਾਨ ਨਸਲੀ ਤੌਰ 'ਤੇ ਪ੍ਰੇਰਿਤ ਅਪਰਾਧਾਂ ਵਿੱਚ 6% ਦਾ ਵਾਧਾ ਹੋਇਆ ਹੈ, ਜਿਸ ਵਿੱਚ ਕੁੱਲ 82,490 ਘਟਨਾਵਾਂ ਦਰਜ ਕੀਤੀਆਂ ਗਈਆਂ।

ਬ੍ਰਿਟਿਸ਼ ਸੋਸ਼ਲ ਐਟੀਟਿਊਡਜ਼ ਦੇ ਸਰਵੇ ਮੁਤਾਬਕ, ਸਾਲ 2022 ਵਿੱਚ 50% ਲੋਕ ਮੰਨਦੇ ਸਨ ਕਿ ਪ੍ਰਵਾਸ ਨਾਲ ਦੇਸ਼ ਦੀ ਆਰਥਿਕਤਾ ਅਤੇ ਸੱਭਿਆਚਾਰ ਨੂੰ ਫਾਇਦਾ ਹੁੰਦਾ ਹੈ, ਪਰ 2025 ਤੱਕ ਇਹ ਅੰਕੜਾ ਘਟ ਕੇ ਸਿਰਫ਼ 32% ਰਹਿ ਗਿਆ ਹੈ।

ਬ੍ਰਿਟੇਨ ਵਿੱਚ ਸਾਲ 2023 ਦੌਰਾਨ ਰਿਕਾਰਡ 9,44,000 ਨੈੱਟ ਪ੍ਰਵਾਸ ਦਰਜ ਕੀਤਾ ਗਿਆ ਸੀ, ਜਿਸ ਨੂੰ ਸਖ਼ਤ ਨਿਯਮਾਂ ਰਾਹੀਂ 2025 ਵਿੱਚ ਘਟਾ ਕੇ 1,71,000 ਕੀਤਾ ਗਿਆ। ਇਸ ਦੇ ਬਾਵਜੂਦ, ਛੋਟੀਆਂ ਬੇੜੀਆਂ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 2025 ਵਿੱਚ 13% ਵਧ ਕੇ 41,000 ਹੋ ਗਈ।

ਸੱਜੇ-ਪੱਖੀ ਪੌਪੁਲਿਸਟ ਆਗੂ ਨਾਇਜਲ ਫ਼ਰਾਜ ਦੀ ਪਾਰਟੀ 'ਰਿਫਾਰਮ ਯੂ.ਕੇ.' ਇਸ ਮੁੱਦੇ ਨੂੰ ਲੈ ਕੇ ਸੁਰਖੀਆਂ ਵਿੱਚ ਹੈ ਅਤੇ ਉਹ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਣ ਦੀ ਵਕਾਲਤ ਕਰ ਰਹੀ ਹੈ। ਦੂਜੇ ਪਾਸੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਫ਼ਰਾਜ 'ਤੇ ਦੋਸ਼ ਲਾਇਆ ਹੈ ਕਿ ਉਹ ਦੇਸ਼ ਵਿੱਚ ਵੰਡੀਆਂ ਪਾਉਣ ਲਈ ਦੁਖਾਂਤਕ ਘਟਨਾਵਾਂ ਦਾ ਸਿਆਸੀ ਲਾਹਾ ਲੈ ਰਹੇ ਹਨ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਵਾਸ ਪ੍ਰਣਾਲੀ ਨੂੰ ਜਲਦੀ ਠੀਕ ਨਾ ਕੀਤਾ ਗਿਆ, ਤਾਂ ਦਹਾਕਿਆਂ ਪਹਿਲਾਂ ਬ੍ਰਿਟੇਨ ਵਿੱਚ ਆ ਕੇ ਵੱਸੇ ਕਾਨੂੰਨੀ ਨਾਗਰਿਕਾਂ ਨੂੰ ਵੀ ਇਸ ਨਫ਼ਰਤ ਅਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹਾਲਾਂਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਨਸਲਵਾਦ ਦੀ ਸਖ਼ਤ ਨਿੰਦਾ ਕੀਤੀ ਹੈ, ਪਰ ਸਿਰਫ਼ ਬਿਆਨਬਾਜ਼ੀ ਨਾਲ ਇਸ ਡੂੰਘੀ ਹੁੰਦੀ ਜਾ ਰਹੀ ਖੱਡ ਨੂੰ ਨਹੀਂ ਭਰਿਆ ਜਾ ਸਕਦਾ। ਬ੍ਰਿਟਿਸ਼ ਸਰਕਾਰ ਅਤੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੂੰ ਇਹ ਸਮਝਣਾ ਹੋਵੇਗਾ ਕਿ ਪ੍ਰਵਾਸ ਪ੍ਰਣਾਲੀ ਦੀਆਂ ਕਮੀਆਂ ਨੂੰ ਸੁਧਾਰਨਾ ਇੱਕ ਪ੍ਰਸ਼ਾਸਨਿਕ ਮੁੱਦਾ ਹੈ, ਪਰ ਇਸ ਦੀ ਆੜ ਵਿੱਚ ਦੇਸ਼ ਦੇ ਕਾਨੂੰਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ।

ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਬ੍ਰਿਟੇਨ ਦੀ ਖ਼ੁਸ਼ਹਾਲੀ ਅਤੇ ਵਿਕਾਸ ਵਿੱਚ ਪ੍ਰਵਾਸੀ ਪੰਜਾਬੀਆਂ ਤੇ ਸਿੱਖਾਂ ਦਾ ਖ਼ੂਨ-ਪਸੀਨਾ ਸ਼ਾਮਲ ਹੈ। ਜੇਕਰ ਬ੍ਰਿਟਿਸ਼ ਸਮਾਜ ਨੇ ਸਮਾਂ ਰਹਿੰਦੇ ਇਸ ਵਧਦੀ ਨਫ਼ਰਤ ਅਤੇ ਸੌੜੀ ਸਿਆਸਤ ਨੂੰ ਨਾ ਨਕਾਰਿਆ, ਤਾਂ ਉਹ ਨਾ ਸਿਰਫ਼ ਆਪਣੀ ਅਮਨ-ਸ਼ਾਂਤੀ ਗੁਆ ਬੈਠੇਗਾ, ਬਲਕਿ ਉਸ ਸਹਿਣਸ਼ੀਲ ਅਤੇ ਸੱਭਿਅਕ ਦੇਸ਼ ਦੀ ਪਛਾਣ ਵੀ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ ਜਿਸ ਨੂੰ ਬਣਾਉਣ ਵਿੱਚ ਦਹਾਕੇ ਲੱਗੇ ਹਨ। ਉਨ੍ਹਾਂ ਕਿਹਾ ਕਿ ਅੱਜ ਲੋੜ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਭਾਈਚਾਰਕ ਸਾਂਝ ਨੂੰ ਮੁੜ ਸੁਰਜੀਤ ਕਰਨ ਦੀ ਹੈ, ਤਾਂ ਜੋ ਕੋਈ ਵੀ ਨਾਗਰਿਕ ਆਪਣੀ ਚਮੜੀ ਦੇ ਰੰਗ ਜਾਂ ਧਰਮ ਕਾਰਨ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਨਾ ਕਰੇ।

# ਅਮਰੀਕਾ-ਇਰਾਨ ਜੰਗਬੰਦੀ ਦੇ ਬਾਵਜੂਦ ਆਲਮੀ ਸਥਿਰਤਾ ਡਾਵਾਂਡੋਲ ਕਿਉਂ ?

## ਹੋਰਮੁਜ਼ ਜਲਡਮਰੂ 'ਚ ਤੇਲ ਸੰਕਟ ਬਰਕਰਾਰ ਕਿਉਂ ?

## ਟਰੰਪ ਦੀ ਹਉਮੈ ਠੁਸ: ਅਪਰੇਸ਼ਨ ਐਪਿਕ ਫਿਊਰੀ ਦੀ ਨਾਕਾਮੀ ਮਗਰੋਂ ਅਮਰੀਕਾ ਮੁੜ ਗੱਲਬਾਤ ਦੀ ਮੇਜ਼ 'ਤੇ

ਮੱਧ ਪੂਰਬ ਵਿੱਚ ਚੱਲ ਰਹੀ ਜੰਗ ਅਤੇ ਅਮਰੀਕਾ-ਇਰਾਨ ਵਿਚਾਲੇ ਹੋਏ ਤਾਜ਼ਾ ਜੰਗਬੰਦੀ ਸਮਝੌਤੇ ਨੇ ਵਿਸ਼ਵ ਭਾਈਚਾਰੇ ਨੂੰ ਜਿੱਥੇ ਇੱਕ ਪਾਸੇ ਰਾਹਤ ਦਿੱਤੀ ਹੈ, ਉੱਥੇ ਹੀ ਕਈ ਗੰਭੀਰ ਸਵਾਲ ਵੀ ਖੜ੍ਹੇ ਕਰ ਦਿੱਤੇ ਹਨ। ਦੁਨੀਆ ਭਰ ਦੇ ਤੇਲ ਵਪਾਰ ਦਾ 20 ਫੀਸਦੀ ਹਿੱਸਾ 'ਹੋਰਮੁਜ਼ ਦੇ ਜਲਡਮਰੂ' ਰਾਹੀਂ ਲੰਘਦਾ ਹੈ। ਕੌਮਾਂਤਰੀ ਊਰਜਾ ਏਜੰਸੀ ਮੁਤਾਬਕ ਇਸ ਮਾਰਗ ਦੀ ਨਾਕਾਬੰਦੀ ਕਾਰਨ ਇਤਿਹਾਸ ਦਾ ਸਭ ਤੋਂ ਵੱਡਾ ਤੇਲ ਸੰਕਟ ਪੈਦਾ ਹੋਇਆ ਹੈ। ਹਾਲਾਂਕਿ ਹਾਲ ਹੀ ਵਿੱਚ ਕੁਝ ਜਹਾਜ਼ਾਂ ਦੀ ਆਵਾਜਾਈ ਸ਼ੁਰੂ ਹੋਈ ਹੈ, ਪਰ ਜੰਗ ਤੋਂ ਪਹਿਲਾਂ ਰੋਜ਼ਾਨਾ ਲੰਘਣ ਵਾਲੇ 100 ਜਹਾਜ਼ਾਂ ਦੇ ਮੁਕਾਬਲੇ ਇਹ ਮੌਜੂਦਾ ਸਥਿਤੀ ਅਜੇ ਵੀ ਬਹੁਤ ਨਾਜ਼ੁਕ ਹੈ ਕਿਉਂਕਿ ਜਹਾਜ਼ਾਂ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ ਅਤੇ ਸਪਲਾਈ ਚੇਨ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਜੇ ਅਸੀਂ ਅੰਕੜਿਆਂ ਨੂੰ ਦੇਖੀਏ, ਤਾਂ ਇਹ ਫਰਕ ਬਹੁਤ ਵੱਡਾ ਹੈ:

ਜੰਗ ਤੋਂ ਪਹਿਲਾਂ ਰੋਜ਼ਾਨਾ 100 ਜਹਾਜ਼ ਲੰਘਦੇ ਸਨ (ਯਾਨੀ ਕਿ ਹਫ਼ਤੇ ਵਿੱਚ ਲਗਭਗ 700 ਜਹਾਜ਼)।

ਹੁਣ ਦੀ ਸਥਿਤੀ ਅਨੁਸਾਰ ਪਿਛਲੇ ਹਫ਼ਤੇ 18 ਜੂਨ ਤੋਂ ਬਾਅਦ ਸਿਰਫ਼ 284 ਜਹਾਜ਼ ਹੀ ਲੰਘੇ ਹਨ। ਜੇ ਇਸ ਨੂੰ ਰੋਜ਼ਾਨਾ ਦੇ ਹਿਸਾਬ ਨਾਲ ਦੇਖੀਏ, ਤਾਂ ਇਹ ਗਿਣਤੀ ਬਹੁਤ ਘੱਟ ਹੈ।ਪਿਛਲੇ 4 ਮਹੀਨਿਆਂ ਦੀ ਜੰਗ ਕਾਰਨ ਮੁੱਖ ਤੇਲ ਉਤਪਾਦਕ ਦੇਸ਼ਾਂ ਵਿੱਚ ਤੇਲ ਕੱਢਣ ਦਾ ਕੰਮ ਲਗਭਗ ਬੰਦ ਰਿਹਾ ਹੈ। ਫਿਲਹਾਲ ਜੋ ਤੇਲ ਸਪਲਾਈ ਹੋ ਰਿਹਾ ਹੈ, ਉਹ ਸਿਰਫ਼ ਪਹਿਲਾਂ ਤੋਂ ਜਮ੍ਹਾਂ ਕੀਤਾ ਹੋਇਆ ਸਟਾਕ ਹੈ। ਮਾਹਰਾਂ ਨੂੰ ਡਰ ਹੈ ਕਿ ਜਿਵੇਂ ਹੀ ਇਹ ਪੁਰਾਣਾ ਸਟਾਕ ਖਤਮ ਹੋਇਆ, ਦੁਨੀਆ ਵਿੱਚ ਤੇਲ ਦੀ ਭਾਰੀ ਕਿੱਲਤ ਹੋ ਜਾਵੇਗੀ।

ਇਰਾਨ ਦੇ ਜਵਾਬੀ ਹਮਲਿਆਂ ਕਾਰਨ ਖਾੜੀ ਦੇ ਵੱਡੇ ਦੇਸ਼ਾਂ (ਜਿਵੇਂ ਕਿ ਸਾਊਦੀ ਅਰਬ, ਕਤਰ, ਯੂ.ਐਨ.ਏ., ਓਮਾਨ) ਦੀਆਂ ਅਰਬਾਂ ਡਾਲਰ ਦੀਆਂ ਤੇਲ ਸਹੂਲਤਾਂ ਅਤੇ ਰਿਫਾਇਨਰੀਆਂ ਤਬਾਹ ਹੋ ਚੁੱਕੀਆਂ ਹਨ। ਇਨ੍ਹਾਂ ਨੂੰ ਦੁਬਾਰਾ ਠੀਕ ਕਰਨ ਵਿੱਚ ਮਹੀਨੇ ਜਾਂ ਸਾਲ ਲੱਗ ਸਕਦੇ



ਹਨ, ਇਸ ਲਈ ਚਾਹ ਕੇ ਵੀ ਤੇਲ ਦੀ ਸਪਲਾਈ ਤੁਰੰਤ ਪਹਿਲਾਂ ਵਾਂਗ ਸਧਾਰਨ ਨਹੀਂ ਹੋ ਸਕਦੀ।

ਭਾਵੇਂ ਜੰਗਬੰਦੀ ਹੋ ਗਈ ਹੈ, ਪਰ ਸਮੁੰਦਰੀ ਜਹਾਜ਼ਾਂ ਦੀਆਂ ਬੀਮਾ ਕੰਪਨੀਆਂ ਅਤੇ ਵਪਾਰੀ ਅਜੇ ਵੀ ਇਸ ਰਸਤੇ ਤੋਂ ਜਹਾਜ਼ ਲੰਘਾਉਣ ਤੋਂ ਡਰ ਰਹੇ ਹਨ। ਜੰਗਬੰਦੀ ਦੇ ਅਗਲੇ ਹੀ ਦਿਨ ਹੋਏ ਹਮਲਿਆਂ ਨੇ ਇਸ ਡਰ ਨੂੰ ਹੋਰ ਵਧਾ ਦਿੱਤਾ ਹੈ।

ਜਦੋਂ ਤੱਕ ਇਸ ਰਸਤੇ ਤੋਂ ਪਹਿਲਾਂ ਵਾਂਗ ਰੋਜ਼ਾਨਾ 100 ਜਹਾਜ਼ ਲੰਘਣੇ ਸ਼ੁਰੂ ਨਹੀਂ ਹੁੰਦੇ, ਉਦੋਂ ਤੱਕ ਦੁਨੀਆ ਭਰ ਵਿੱਚ ਕੱਚੇ ਤੇਲ, ਗੈਸ ਅਤੇ ਖਾਦਾਂ ਦੀ ਕਮੀ ਰਹੇਗੀ। ਇਸ ਕਮੀ ਕਾਰਨ ਨਾਈਜੀਰੀਆ ਵਰਗੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਮਹਿੰਗਾਈ ਆਮ ਲੋਕਾਂ ਦਾ ਲਕ ਤੋੜਦੀ ਰਹੇਗੀ।

ਇਸ ਤ੍ਰਿਪੱਖੀ ਸ਼ਾਂਤੀ ਸਮਝੌਤੇ ਦੇ ਤਹਿਤ ਈਰਾਨ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਉਹ ਪ੍ਰਮਾਣੂ ਹਥਿਆਰ ਨਹੀਂ ਬਣਾਏਗਾ ਅਤੇ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੀ ਨਿਗਰਾਨੀ ਹੇਠ ਆਪਣੇ ਪ੍ਰਮਾਣੂ ਪਦਾਰਥਾਂ ਦੇ ਭੰਡਾਰ ਨੂੰ ਖਤਮ ਕਰੇਗਾ। ਬਦਲੇ ਵਿੱਚ, ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ ਈਰਾਨ ਨੂੰ ਜੰਗ ਤੋਂ ਬਾਅਦ ਮੁੜ ਨਿਰਮਾਣ ਅਤੇ ਆਰਥਿਕ ਵਿਕਾਸ ਲਈ 300 ਅਰਬ ਡਾਲਰ ਦੇਣਗੇ।

ਇਸ 'ਆਖਰੀ ਡੀਲ' ਦਾ ਸਭ ਤੋਂ ਵੱਧ ਇੰਤਜ਼ਾਰ ਨਾਈਜੀਰੀਆ ਵਰਗੇ ਦੇਸ਼ਾਂ ਨੂੰ ਹੈ, ਜਿੱਥੇ ਇਸ ਜੰਗ ਕਾਰਨ ਵਧੀ ਮਹਿੰਗਾਈ ਨੇ ਆਮ ਲੋਕਾਂ ਦਾ ਜੀਵਨ ਮੰਦਹਾਲੀ ਵਿੱਚ ਪਹੁੰਚਾ ਦਿੱਤਾ ਹੈ। ਆਲਮੀ ਆਰਥਿਕ ਸਥਿਰਤਾ ਲਈ ਇਸ ਸਮਝੌਤੇ ਦਾ ਸਿਰੇ ਚੜ੍ਹਨਾ ਬਹੁਤ ਜ਼ਰੂਰੀ ਹੈ।

ਸ਼ਾਂਤੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਜ਼ਮੀਨੀ ਹਕੀਕਤ ਬਹੁਤ ਚਿੰਤਾਜਨਕ ਹੈ। ਈਰਾਨ ਦੇ ਸਰਵਉੱਚ ਨੇਤਾ ਆਯਾਤੁੱਲਾ ਅਲੀ ਖਾਮੇਨੇਈ ਦੀ ਇਜ਼ਰਾਈਲੀ ਹਮਲੇ ਵਿੱਚ ਮੌਤ ਤੋਂ ਬਾਅਦ ਹਿਜ਼ਬੁੱਲਾ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਕੁੱਦ ਪਿਆ ਸੀ। ਜੰਗਬੰਦੀ ਦੇ ਅਗਲੇ ਹੀ ਦਿਨ ਇਜ਼ਰਾਇਲ ਨੇ ਲਿਬਨਾਨ ਵਿੱਚ ਹਮਲਾ ਕਰਕੇ 67 ਲੋਕਾਂ ਨੂੰ ਮਾਰ ਦਿੱਤਾ ਸੀ, ਜਦਕਿ ਹਿਜ਼ਬੁੱਲਾ ਦੀ ਜਵਾਬੀ ਕਾਰਵਾਈ ਵਿੱਚ ਵੀ ਮੌਤਾਂ ਹੋਈਆਂ ਸਨ। ਹਾਲਾਂਕਿ, ਅਮਰੀਕਾ ਅਤੇ ਇਰਾਨ ਵਿਚਾਲੇ ਗਲਤਫਹਿਮੀਆਂ ਨੂੰ ਦੂਰ ਕਰਨ ਲਈ ਇੱਕ 'ਡੀ-ਕਨਫਲਿਕਸ਼ਨ ਸੈੱਲ' ਅਤੇ ਸਿੱਧੀ ਸੰਚਾਰ ਲਾਈਨ ਬਣਾਈ ਗਈ ਹੈ, ਪਰ ਦੋਵਾਂ ਦੇਸ਼ਾਂ ਵੱਲੋਂ ਹਾਲ ਹੀ ਵਿੱਚ ਹੋਏ ਫੌਜੀ ਹਮਲਿਆਂ ਨੇ ਇਸ ਸਮਝੌਤੇ ਦੀ ਮਜ਼ਬੂਤੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਪੂਰੇ ਘਟਨਾਕ੍ਰਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੀਤੀ ਵੱਡੇ ਸਵਾਲਾਂ ਦੇ ਘੇਰੇ ਵਿੱਚ ਹੈ। ਜਦੋਂ ਜਨੇਵਾ ਵਿੱਚ ਤੀਜੇ ਦੌਰ ਦੀ ਗੱਲਬਾਤ ਚੱਲ ਰਹੀ ਸੀ, ਤਾਂ ਟਰੰਪ ਨੇ 'ਅਪਰੇਸ਼ਨ ਐਪਿਕ ਫਿਊਰੀ' ਸ਼ੁਰੂ ਕਰਕੇ ਇੱਕ ਵੱਡੀ ਗਲਤੀ ਕੀਤੀ। ਇਸ ਜੰਗ ਕਾਰਨ 7,300 ਤੋਂ ਵੱਧ ਇਰਾਨੀ ਨਾਗਰਿਕਾਂ ਦੀ ਜਾਨ ਗਈ ਅਤੇ ਅਮਰੀਕੀ ਖਜ਼ਾਨੇ ਨੂੰ 29 ਅਰਬ ਡਾਲਰ ਦਾ ਨੁਕਸਾਨ ਹੋਇਆ। ਵ੍ਹਾਈਟ ਹਾਊਸ ਹੁਣ ਹੋਰ 87.6 ਅਰਬ ਡਾਲਰ ਦੀ ਮੰਗ ਕਰ ਰਿਹਾ ਹੈ, ਜਿਸ ਕਾਰਨ ਖੁਦ ਅਮਰੀਕੀ ਸੰਸਦ ਮੈਂਬਰ ਟਰੰਪ ਦੀ ਆਲੋਚਨਾ ਕਰ ਰਹੇ ਹਨ। ਪਹਿਲਾਂ ਬਾਰਕ ਓਬਾਮਾ ਅਤੇ ਜੋ ਬਾਈਡੇਨ ਦੀ ਗੱਲਬਾਤ ਦੀ ਨੀਤੀ ਨੂੰ ਕੋਸਣ ਵਾਲੇ ਟਰੰਪ ਅੱਜ ਖੁਦ ਉਸੇ ਮੇਜ਼ 'ਤੇ ਆ ਗਏ ਹਨ। ਇਸ ਜੰਗ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਸਾਰੀਆਂ ਜੰਗਾਂ ਦਾ ਅੰਤ ਆਖਰਕਾਰ ਗੱਲਬਾਤ ਦੀ ਮੇਜ਼ 'ਤੇ ਹੀ ਹੁੰਦਾ ਹੈ।' ਰਾਸ਼ਟਰਪਤੀ ਟਰੰਪ ਨੂੰ ਆਪਣੀ ਹਉਮੈ ਨੂੰ ਛੱਡ ਕੇ ਅੰਤਰਰਾਸ਼ਟਰੀ ਸ਼ਾਂਤੀ, ਮਨੁੱਖਤਾ ਅਤੇ ਤਰਕ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਦੁਨੀਆ ਨੂੰ ਇਸ ਭਿਆਨਕ ਸੰਕਟ ਤੋਂ ਮੁਕਤੀ ਮਿਲ ਸਕੇ।

# ਪਾਕਿਸਤਾਨ ’ਚ ਆਖ਼ਰ ਕਿਉਂ ਹੁੰਦੇ ਹਨ ਸਿੱਖ ਧਾਰਮਿਕ ਸਥਾਨਾਂ ’ਤੇ ਕਬਜ਼ੇ ?

## ਲਾਹੌਰ ਨੇੜੇ ਫਾਰੂਕਾਬਾਦ ਦੇ ਗੁਰਦੁਆਰਾ ਸਿੰਘ ਸਭਾ ’ਤੇ ਚੱਲਿਆ ਬੁਲਡੋਜ਼ਰ

## ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਜਾਂਚ ਦੇ ਆਦੇਸ਼

## ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਵਿੱਚ ਗੁਰਦੁਆਰਾ ਸਾਹਿਬ ਨੂੰ ਢਾਹੁਣਾ ਸੋਚੀ-ਸਮਝੀ ਸਾਜਿਸ਼











ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਸਥਿਤ ਲਾਹੌਰ ਦੇ ਨੇੜੇ ਫਾਰੂਕਾਬਾਦ (ਪੁਰਾਣਾ ਨਾਮ ਚੂਹੜ ਖਾਨਾ) ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਦੇ ਇੱਕ ਹਿੱਸੇ ਨੂੰ ਢਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਇਸ ਦੀ ਸਖ਼ਤ ਨਿੰਦਾ ਕਰਦਿਆਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

**ਗੁਰਦੁਆਰੇ ਦੇ ਹਿੱਸੇ ਨੂੰ ਕਿਉਂ ਢਾਹਿਆ ਗਿਆ ?**

ਮੁੱਢਲੀ ਜਾਣਕਾਰੀ ਅਨੁਸਾਰ, ਇਸ ਘਟਨਾ ਪਿੱਛੇ ਵਪਾਰਕ ਹਿੱਤ ਅਤੇ ਜ਼ਮੀਨੀ ਕਬਜ਼ਾ ਮੁੱਖ ਕਾਰਨ ਹਨ। ਔਕਾਫ਼ ਵਿਭਾਗ (ਵਕਫ਼ ਅਤੇ ਧਾਰਮਿਕ ਮਾਮਲੇ ਵਿਭਾਗ) ਦੇ ਅਧਿਕਾਰੀਆਂ ਮੁਤਾਬਕ:

ਇੱਕ ਸਥਾਨਕ ਕਾਰੋਬਾਰੀ ਨੇ ਸਬੰਧਿਤ ਵਿਭਾਗਾਂ ਤੋਂ ਕੋਈ ਲੋੜੀਂਦੀ ਐਨ.ਓ.ਸੀ. ਪ੍ਰਾਪਤ ਕੀਤੇ ਬਿਨਾਂ ਹੀ ਗੁਰਦੁਆਰੇ ਦੇ ਢਾਂਚੇ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ।

ਸਥਾਨਕ ਵਪਾਰੀਆਂ ਅਤੇ ਨਿਵਾਸੀਆਂ ਦਾ ਕਹਿਣਾ ਹੈ ਕਿ ਇਹ ਇਮਾਰਤ ਪਿਛਲੇ 80 ਸਾਲਾਂ ਤੋਂ ਖਾਲੀ ਪਈ ਸੀ। ਵੰਡ ਤੋਂ ਬਾਅਦ ਇੱਥੇ ਕਈ ਪਰਿਵਾਰ ਆ ਕੇ ਵੱਸ ਗਏ ਸਨ ਅਤੇ ਕਈ ਦੁਕਾਨਾਂ ਖੋਲ੍ਹ ਲਈਆਂ ਗਈਆਂ ਸਨ, ਜਿਸ ਕਾਰਨ ਵਪਾਰਕ ਹਿੱਤਾਂ ਲਈ ਇਸ ਇਤਿਹਾਸਕ ਧਰੋਹਰ ਨੂੰ ਨੁਕਸਾਨ ਪਹੁੰਚਾਇਆ ਗਿਆ।

**ਪਾਕਿਸਤਾਨ ਸਰਕਾਰ ਅਤੇ ਪ੍ਰਸ਼ਾਸਨ ਕੀ ਕਾਰਵਾਈ ਕਰ ਰਿਹਾ ਹੈ ?**

ਸਥਾਨਕ ਸਿੱਖਾਂ ਦੇ ਭਾਰੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪਾਕਿਸਤਾਨ ਪ੍ਰਸ਼ਾਸਨ ਹਰਕਤ ਵਿੱਚ ਆਇਆ ਹੈ:ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਜਾਂਚ ਦੇ ਆਦੇਸ਼ ਦਿੱਤੇ ਹਨ। ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਸ਼ੇਖੂਪੁਰਾ ਦੇ ਡਿਪਟੀ ਕਮਿਸ਼ਨਰ ਅਤੇ ਔਕਾਫ਼ ਵਿਭਾਗ ਦੇ ਅਧਿਕਾਰੀਆਂ ਨਾਲ ਘਟਨਾ ਵਾਲੀ ਥਾਂ ਦਾ ਨਿਰੀਖਣ ਕੀਤਾ। ਸਰਕਾਰ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਸਿੰਘ ਸਭਾ ਦੇ ਢਾਹੇ ਗਏ ਹਿੱਸੇ ਦਾ ਪੁਨਰ-ਨਿਰਮਾਣ ਤੁਰੰਤ ਸ਼ੁਰੂ ਕਰਵਾਇਆ ਜਾਵੇਗਾ। ਹਾਲਾਂਕਿ, ਉੱਥੇ ਰਹਿ ਰਹੇ ਸਥਾਨਕ ਵਪਾਰੀ ਇਸ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਉਜਾੜੇ ਜਾਣ ਦਾ ਡਰ ਹੈ।

ਪੁਲਿਸ ਨੇ ਫਿਲਹਾਲ ਢਾਹੁਣ ਦਾ ਕੰਮ ਰੋਕ ਦਿੱਤਾ ਹੈ ਅਤੇ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਇੱਕ ਤੱਥ-ਅਧਾਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਿੱਖ ਭਾਵਨਾਵਾਂ ’ਤੇ ਸਿੱਧਾ ਹਮਲਾ ਦੱਸਿਆ ਹੈ:

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਕਰਨਾ ਪਾਕਿਸਤਾਨ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਉਨ੍ਹਾਂ ਦੇ ਗੁਰਧਾਮਾਂ ਦੀ ਸੁਰੱਖਿਆ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇਸ ਸਬੰਧੀ ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਇਸ ਨੂੰ ‘ਪਹਿਲਾਂ ਤੋਂ ਸੋਚੀ-ਸਮਝੀ ਭੰਨਤੋੜ’ ਦੱਸਦਿਆਂ ਪਾਕਿਸਤਾਨ ਕੋਲ ਇਹ ਮੁੱਦਾ ਸਖ਼ਤੀ ਨਾਲ ਉਠਾਉਣ ਦਾ ਭਰੋਸਾ ਦਿੱਤਾ ਹੈ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਪਾਕਿਸਤਾਨੀ ਪੰਜਾਬ ਦੇ ਮੰਡੀ ਚੂਹੜਕਾਣਾ ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਦੇ ਇੱਕ ਹਿੱਸੇ ਅਤੇ ਗੁੰਬਦ ਨੂੰ ਭੂ-ਮਾਫ਼ੀਆ ਵੱਲੋਂ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਢਾਹੇ ਜਾਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ।

ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ, ਜਾਇਦਾਦਾਂ ਅਤੇ ਘੱਟ ਗਿਣਤੀਆਂ ਦੀ ਲਗਾਤਾਰ ਵਿਗੜ ਰਹੀ ਸਥਿਤੀ ਦਾ ਮੁੱਦਾ ਪਾਕਿਸਤਾਨ ਸਰਕਾਰ ਸਮੇਤ ਅੰਤਰਰਾਸ਼ਟਰੀ ਮੰਚਾਂ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇ। ਪੱਤਰ ਵਿੱਚ ਨਨਕਾਣਾ ਸਾਹਿਬ, ਹਸਨ ਅਬਦਾਲ, ਲਾਹੌਰ, ਸਿਆਲਕੋਟ ਅਤੇ ਰਾਵਲਪਿੰਡੀ ਸਮੇਤ ਕਈ ਇਤਿਹਾਸਕ ਗੁਰਦੁਆਰਿਆਂ ਅਤੇ ਮੰਦਰਾਂ ਦੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ਿਆਂ ਅਤੇ ਬੇਅਦਬੀ ਦੇ ਮਾਮਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

**ਸਿੱਖ ਧਾਰਮਿਕ ਸਥਾਨਾਂ ਉੱਪਰ ਕਿਉਂ ਹੁੰਦੇ ਹਨ ਕਬਜ਼ੇ ਅਤੇ ਹੁਣ ਤੱਕ ਕਿੰਨੇ ਹੋਏ ?**

1947 ਦੀ ਵੰਡ: ਦੇਸ਼ ਦੀ ਵੰਡ ਵੇਲੇ ਲੱਖਾਂ ਸਿੱਖ ਪਾਕਿਸਤਾਨ ਵਾਲੇ ਹਿੱਸੇ ਨੂੰ ਛੱਡ ਕੇ ਭਾਰਤ ਆ ਗਏ। ਇਸ ਕਾਰਨ ਸੈਂਕੜੇ ਇਤਿਹਾਸਕ ਅਤੇ ਸਥਾਨਕ ਗੁਰਦੁਆਰੇ ਉੱਥੇ ਖਾਲੀ ਰਹਿ ਗਏ। ਲੰਮੇ ਸਮੇਂ ਤੱਕ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਨਾ ਹੋਣ ਕਾਰਨ ਇਮਾਰਤਾਂ ਖੰਡਰ ਬਣ ਗਈਆਂ। ਪਾਕਿਸਤਾਨ ਦੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੀ ਕਥਿਤ ਨਾਕਾਮੀ ਜਾਂ ਮਿਲੀਭੁਗਤ ਕਾਰਨ ਸਥਾਨਕ ਰੀਅਲ ਅਸਟੇਟ ਮਾਫੀਆ ਨੇ ਇਨ੍ਹਾਂ ਕੀਮਤੀ ਜ਼ਮੀਨਾਂ ’ਤੇ ਕਬਜ਼ੇ ਕਰ ਲਏ। ਵੱਖ-ਵੱਖ ਖੋਜਾਂ, ਸਿੱਖ ਇਤਿਹਾਸਕਾਰਾਂ ਅਤੇ ਸਰਵੇਖਣਾਂ ਅਨੁਸਾਰ, 1947 ਦੀ ਵੰਡ ਤੋਂ ਪਹਿਲਾਂ ਮੌਜੂਦਾ ਪਾਕਿਸਤਾਨ ਵਾਲੇ ਖੇਤਰ ਵਿੱਚ ਸੈਂਕੜੇ ਇਤਿਹਾਸਕ ਅਤੇ ਹਜ਼ਾਰਾਂ ਸਥਾਨਕ ਗੁਰਦੁਆਰੇ ਸਨ। ਇੱਕ ਅੰਦਾਜ਼ੇ ਮੁਤਾਬਕ:

ਪਾਕਿਸਤਾਨ ਵਿੱਚ ਲਗਭਗ ਸੈਂਕੜੇ ਅਜਿਹੇ ਪ੍ਰਮੁੱਖ ਧਾਰਮਿਕ ਸਥਾਨ ਹਨ ਜੋ ਧਾਰਮਿਕ ਜਾਂ ਇਤਿਹਾਸਕ ਮਹੱਤਵ ਰੱਖਦੇ ਹਨ।

ਇਨ੍ਹਾਂ ਵਿੱਚੋਂ ਕੇਵਲ ਕੁੱਝ ਦਰਜਨ (ਲਗਭਗ 30 ਤੋਂ 40) ਗੁਰਦੁਆਰੇ ਹੀ ਇਸ ਵੇਲੇ ਸਰਗਰਮ ਰੂਪ ਵਿੱਚ ਸੰਗਤਾਂ ਲਈ ਖੁੱਲ੍ਹੇ ਹਨ ਜਾਂ ਈ.ਟੀ.ਪੀ.ਬੀ. ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਨ।

ਬਾਕੀ ਰਹਿੰਦੇ ਸੈਂਕੜੇ ਗੁਰਦੁਆਰਿਆਂ ਦੀਆਂ ਇਮਾਰਤਾਂ ਜਾਂ ਤਾਂ ਖੰਡਰ ਹੋ ਚੁੱਕੀਆਂ ਹਨ ਜਾਂ ਉਨ੍ਹਾਂ ਉੱਪਰ ਸਰਕਾਰੀ ਸਕੂਲਾਂ, ਮੁਸਲਿਮ ਮੁਸਾਫ਼ਿਰਖ਼ਾਨਿਆਂ, ਦੁਕਾਨਾਂ, ਸਰਕਾਰੀ ਦਫ਼ਤਰਾਂ ਅਤੇ ਨਿੱਜੀ ਘਰਾਂ ਦੇ ਰੂਪ ਵਿੱਚ ਨਜਾਇਜ਼ ਕਬਜ਼ੇ ਹੋ ਚੁੱਕੇ ਹਨ।

**ਪ੍ਰਵਾਸੀ ਸਿੱਖ ਜਥੇਬੰਦੀਆਂ ਦੀ ਰਾਇ**

ਅਮਰੀਕਾ, ਕੈਨੇਡਾ, ਯੂ.ਕੇ. ਅਤੇ ਯੂਰਪ ਵਿੱਚ ਸਰਗਰਮ ਪ੍ਰਵਾਸੀ ਸਿੱਖ ਜਥੇਬੰਦੀਆਂ ਨੇ ਇਸ ਘਟਨਾ ’ਤੇ ਡੂੰਘੀ ਚਿੰਤਾ ਅਤੇ ਰੋਸ ਪ੍ਰਗਟ ਕੀਤਾ ਹੈ। ਵਰਲਡ ਸਿੱਖ ਓਰਗੇਨਾਈਜ਼ੇਸ਼ਨ ਕੈਨੇਡਾ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਅਤੇ ਕੌਮਾਂਤਰੀ ਭਾਈਚਾਰਾ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਦਾ ਮੁੱਦਾ ਉਠਾਏ। ਉਨ੍ਹਾਂ ਪਾਕਿਸਤਾਨ ਦੇ ਔਕਾਫ਼ ਬੋਰਡ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਵੀ ਕੀਤੀ।

ਅਮਰੀਕਾ ਦੀ ਇਸ ਵੱਡੀ ਸਿੱਖ ਮਨੁੱਖੀ ਅਧਿਕਾਰ ਸੰਸਥਾ ਸਿੱਖ ਕੋਲੀਸ਼ਨ ਨੇ ਧਾਰਮਿਕ ਆਜ਼ਾਦੀ ਅਤੇ ਇਤਿਹਾਸਕ ਧਰੋਹਰਾਂ ਦੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੋਸ਼ੀ ਕਾਰੋਬਾਰੀਆਂ ਅਤੇ ਨਜਾਇਜ਼ ਕਬਜ਼ਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਜਾਵੇ।ਵੰਡ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਨਾਮ ਜਿੰਨੀ ਵੀ ਜ਼ਮੀਨ ਰਜਿਸਟਰਡ ਸੀ, ਉਸ ਦੀ ਸਰਕਾਰੀ ਨਿਸ਼ਾਨਦੇਹੀ ਕਰਕੇ ਕਬਜ਼ਾ ਮੁਕਤ ਕਰਵਾਇਆ ਜਾਵੇ। ਬਿਨਾਂ ਐਨਓਸੀ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਇਮਾਰਤ ਢਾਹੁਣ ਵਾਲੇ ਸਥਾਨਕ ਕਾਰੋਬਾਰੀ ’ਤੇ ਸਖ਼ਤ ਧਾਰਾਵਾਂ ਤਹਿਤ ਕੇਸ ਚਲਾਇਆ ਜਾਵੇ।ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਿੱਚ ਸਿੱਖ ਨੁਮਾਇੰਦਿਆਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਪਹਿਲਾਂ ਹੀ ਰੋਕਿਆ ਜਾ ਸਕੇ।

ਪ੍ਰਵਾਸੀ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਵਿੱਚ ਸਿੱਖ ਵਿਰਾਸਤ ਨੂੰ ਬਚਾਉਣ ਲਈ ਯੂਨੈਸਕੋ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਦਖ਼ਲ ਦੇਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਈਟੀਪੀਬੀ ( ਜਿਸ ਵਿੱਚ ਜ਼ਿਆਦਾਤਰ ਗੈਰ-ਸਿੱਖ ਅਧਿਕਾਰੀ ਹੁੰਦੇ ਹਨ) ਦੀ ਬਜਾਏ, ਪਾਕਿਸਤਾਨ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਮਾਲਕੀ ਹੱਕ ਪੂਰੀ ਤਰ੍ਹਾਂ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਸੌਂਪਿਆ ਜਾਵੇ।

ਪ੍ਰਵਾਸੀ ਸਿੱਖ ਆਗੂਆਂ ਮੁਤਾਬਕ, ਪਾਕਿਸਤਾਨ ਸਰਕਾਰ ਨੂੰ ਸਿੰਘ ਸਭਾ ਲਹਿਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀਆਂ ਸਾਰੀਆਂ ਇਤਿਹਾਸਕ ਇਮਾਰਤਾਂ ਨੂੰ ‘ਸੁਰੱਖਿਅਤ ਰਾਸ਼ਟਰੀ ਵਿਰਾਸਤ’ ਐਲਾਨਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਕੋਈ ਵੀ ਵਪਾਰਕ ਹਿੱਤਾਂ ਲਈ ਇਨ੍ਹਾਂ ਨੂੰ ਨੁਕਸਾਨ ਨਾ ਪਹੁੰਚਾ ਸਕੇ।

(ਬਾਕੀ ਸਫ਼ਾ 26 ’ਤੇ)

# ਪਾਕਿਸਤਾਨ ਵਿੱਚ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ ’ਤੇ ਉਠਾਇਆ ਜਾਵੇ: ਗਿ. ਹਰਨਾਮ ਸਿੰਘ ਖ਼ਾਲਸਾ

ਅੰਮ੍ਰਿਤਸਰ/ਏ.ਟੀ.ਨਿਊਜ਼: ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਪਾਕਿਸਤਾਨੀ ਪੰਜਾਬ ਦੇ ਮੰਡੀ ਚੂੜਕਾਣਾ ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਦੇ ਗੁੰਬਦ ਸਮੇਤ ਇੱਕ ਹਿੱਸੇ ਨੂੰ ਕਥਿਤ ਤੌਰ ’ਤੇ ਭੂ-ਮਾਫੀਆ ਵੱਲੋਂ ਸਥਾਨਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਢਾਹੇ ਜਾਣ ਦੀ ਘਟਨਾ ’ਤੇ ਸਖਤ ਨਿਖੇਧੀ ਕੀਤੀ ਹੈ। ਉਨਾਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਪਾਕਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ, ਧਾਰਮਿਕ ਸੰਪਤੀਆਂ ਅਤੇ ਘੱਟ ਗਿਣਤੀਆਂ ਦੀ ਲਗਾਤਾਰ ਵਿਗੜ ਰਹੀ ਸਥਿਤੀ ਦਾ ਮੁੱਦਾ ਪਾਕਿਸਤਾਨ ਸਰਕਾਰ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਦੀ ਅਪੀਲ ਕੀਤੀ ਹੈ।

ਪੱਤਰ ਵਿੱਚ ਉਕਤ ਗੁਰਦੁਆਰਾ ਸਾਹਿਬ ਤੋਂ ਇਲਾਵਾ ਹਸਨ ਅਬਦਾਲ, ਨਨਕਾਣਾ ਸਾਹਿਬ, ਲਾਹੌਰ, ਨੈਰੋਵਾਲ, ਰਾਵਲਪਿੰਡੀ, ਸਿਆਲਕੋਟ ਅਤੇ ਕਸੂਰ ਸਮੇਤ ਕਈ ਇਤਿਹਾਸਕ ਗੁਰਦੁਆਰਿਆਂ ਅਤੇ ਮੰਦਰਾਂ ਨਾਲ ਸੰਬੰਧਿਤ ਨਾਜਾਇਜ਼ ਕਬਜ਼ਿਆਂ ਅਤੇ ਬੇਅਦਬੀ ਦੇ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ।



ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

ਨੇ ਕਿਹਾ ਕਿ ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਧਾਰਮਿਕ ਅਸਥਾਨ ਹੀ ਨਹੀਂ, ਸਗੋਂ ਉੱਥੇ ਵੱਸ ਰਹੀਆਂ ਘੱਟ ਗਿਣਤੀਆਂ ਦੀ ਧਾਰਮਿਕ ਆਜ਼ਾਦੀ, ਸੁਰੱਖਿਆ ਅਤੇ ਆਪਣੇ ਧਾਰਮਿਕ ਮਾਮਲਿਆਂ ਦੇ ਸੁਤੰਤਰ ਪ੍ਰਬੰਧ ਦਾ ਅਧਿਕਾਰ ਵੀ ਗੰਭੀਰ ਖ਼ਤਰੇ ਹੇਠ ਹੈ।

ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਹ ਮਾਮਲਾ ਪਾਕਿਸਤਾਨ ਨਾਲ ਹਰ ਦੁਵੱਲੀ ਗੱਲਬਾਤ, ਸੰਯੁਕਤ ਰਾਸ਼ਟਰ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ, ਯੂਨੈਸਕੋ ਅਤੇ ਹੋਰ ਅੰਤਰਰਾਸ਼ਟਰੀ ਮੰਚਾਂ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇ।

ਪੱਤਰ ਵਿੱਚ ਪਾਕਿਸਤਾਨ ਵਿੱਚ ਸਥਿਤ ਸਾਰੇ ਗੁਰਦੁਆਰਿਆਂ ਅਤੇ ਮੰਦਰਾਂ ਦੀ ਸੁਰੱਖਿਆ ਯਕੀਨੀ ਬਣਾਉਣ, ਨਾਜਾਇਜ਼ ਕਬਜ਼ੇ ਹਟਾਉਣ, ਦੋਸ਼ੀ ਅਧਿਕਾਰੀਆਂ ਅਤੇ ਭੂ-ਮਾਫੀਆ ਖ਼ਿਲਾਫ਼ ਸਖ਼ਤ ਕਾਰਵਾਈ ਕਰਨ, ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਕੰਮਕਾਜ ਦਾ ਸੁਤੰਤਰ ਆਡਿਟ ਕਰਵਾਉਣ ਅਤੇ ਸਿੱਖਾਂ ਤੇ ਹਿੰਦੂਆਂ ਨੂੰ ਆਪਣੇ ਧਾਰਮਿਕ ਅਸਥਾਨਾਂ ਦੇ ਸੁਤੰਤਰ ਪ੍ਰਬੰਧ ਦਾ ਅਧਿਕਾਰ ਦੇਣ ਦੀ ਵੀ ਮੰਗ ਕੀਤੀ ਗਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਪੰਥਕ ਇਕੱਠ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਫ਼ੈਸਲੇ ਦੀ ਹਮਾਇਤ

## ਪੰਥ ਵਿਰੋਧੀ ਸਾਜਿਸ਼ਾਂ ਦੇ ਟਾਕਰੇ ਲਈ ਪਿੰਡ-ਪਿੰਡ ਗਠਿਤ ਹੋਣਗੀਆਂ 'ਗੁਰਸਿੱਖ ਕਮੇਟੀਆਂ'





ਸ੍ਰੀ ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ਾਲ ਪੰਥਕ ਇਕੱਤਰਤਾ ਕੀਤੀ ਗਈ। ਇਸ ਇਕੱਠ ਵਿੱਚ ਨਿਹੰਗ ਸਿੰਘ ਜਥੇਬੰਦੀਆਂ, ਨਿਰਮਲੇ, ਉਦਾਸੀ ਸੰਪਰਦਾਵਾਂ, ਦਮਦਮੀ ਟਕਸਾਲ, ਕਿਸਾਨ ਆਗੂਆਂ ਅਤੇ ਸਿੱਖ ਵਿਦਵਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਗੁਰਮਤਿਆਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ, ਜਿਸ ਵਿੱਚ ਸਮੁੱਚੀ ਕੌਮ ਨੂੰ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਇਕਜੁੱਟ ਹੋਣ ਦੀ ਜੋਰਦਾਰ ਅਪੀਲ ਕੀਤੀ ਗਈ।

ਇਹ ਵਿਸ਼ਾਲ ਪੰਥਕ ਇਕੱਠ ਮਹਿਜ਼ ਇੱਕ ਸਿਆਸੀ ਜਾਂ ਧਾਰਮਿਕ ਇਕੱਤਰਤਾ ਨਹੀਂ ਹੈ, ਸਗੋਂ ਇਹ ਬਦਲਦੇ ਪੰਜਾਬ ਵਿੱਚ ਹਕੂਮਤ ਅਤੇ ਸਿੱਖ ਸੰਸਥਾਵਾਂ ਦਰਮਿਆਨ ਵਧ ਰਹੇ ਪਾੜੇ ਦਾ ਇੱਕ ਗੰਭੀਰ ਸੰਕੇਤ ਹੈ। ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਨਿਹੰਗ ਸਿੰਘ ਦਲਾਂ, ਨਿਰਮਲਿਆਂ, ਉਦਾਸੀ ਸੰਪਰਦਾਵਾਂ, ਦਮਦਮੀ ਟਕਸਾਲ, ਕਿਸਾਨ ਆਗੂਆਂ ਅਤੇ ਵਿਦਵਾਨਾਂ ਦੀ ਇਸ ਸਾਂਝੀ ਹਾਜ਼ਰੀ ਨੇ ਇੱਕ ਵਾਰ ਫਿਰ ਇਹ ਸਾਫ਼ ਕਰ ਦਿੱਤਾ ਹੈ ਕਿ ਜਦੋਂ ਵੀ ਮੀਰੀ-ਪੀਰੀ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਜਾਂ ਸਿੱਖ ਸੰਸਥਾਵਾਂ ਦੇ ਵਕਾਰ ਨੂੰ ਵੰਗਾਰਿਆ ਜਾਂਦਾ ਹੈ, ਤਾਂ ਅੰਦਰੂਨੀ ਵਲਗਣਾਂ ਨੂੰ ਲਾਂਭੇ ਰੱਖ ਕੇ ਸਮੁੱਚੀ ਕੌਮ ਇੱਕ ਮੰਚ 'ਤੇ ਇਕੱਠੀ ਹੋ ਜਾਂਦੀ ਹੈ।

ਇਸ ਇਕੱਤਰਤਾ ਦੌਰਾਨ ਪਾਸ ਕੀਤੇ ਗਏ ਗੁਰਮਤੇ ਅਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਬਿਆਨ ਦੋ ਅਹਿਮ ਪਹਿਲੂਆਂ ਵੱਲ ਇਸ਼ਾਰਾ ਕਰਦੇ ਹਨ—ਪਹਿਲਾ, ਸਰਕਾਰ ਵੱਲੋਂ ਪੰਥਕ ਰਵਾਇਤਾਂ ਦੀ ਕਥਿਤ ਅਣਦੇਖੀ ਅਤੇ ਦੂਜਾ, ਸੋਸ਼ਲ ਮੀਡੀਆ ਦੇ ਦੌਰ ਵਿੱਚ ਸੰਸਥਾਵਾਂ ਖ਼ਿਲਾਫ਼ ਚਲਾਏ ਜਾ ਰਹੇ ਭੰਡੀ ਪ੍ਰਚਾਰ ਦਾ ਸਾਹਮਣਾ ਕਰਨਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਜਥੇਦਾਰਾਂ ਅਨੁਸਾਰ ਅਜੋਕੇ ਸਮੇਂ ਵਿੱਚ ਸਿੱਖ ਪੰਥ ਨੂੰ ਕਈ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਰਪੇਸ਼ ਹਨ। ਜਥੇਦਾਰਾਂ ਨੇ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਆਪਹੁਦਰੇ ਕਾਨੂੰਨ ਬਣਾ ਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕਰ ਰਹੀਆਂ ਹਨ।

ਜਥੇਦਾਰ ਵੱਲੋਂ ਚੰਡੀਗੜ੍ਹ ਅਤੇ ਮੋਹਾਲੀ ਵਿੱਚ ਚੱਲ ਰਹੇ ਕਥਿਤ ਆਈ.ਟੀ. ਸੈਂਟਰ, ਜੋ ਜਥੇਦਾਰ ਅਕਾਲ ਤਖ਼ਤ ਸਾਹਿਬ ਵਿਰੁੱਧ ਨਫਰਤੀ ਮੁਹਿੰਮ ਵਿੱਢ ਰਹੇ ਹਨ, ਨੂੰ 10 ਦਿਨਾਂ ਅੰਦਰ ਬੰਦ ਕਰਨ ਦਾ ਅਲਟੀਮੇਟਮ ਦੇਣਾ ਇਹ ਦਰਸਾਉਂਦਾ ਹੈ ਕਿ ਟਕਰਾਅ ਹੁਣ ਸਿਰ.ਫ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ। ਜਥੇਦਾਰ ਵਲੋਂ ਪੰਜਾਬ ਸਰਕਾਰ ਨੂੰ ਸਾਫ ਵੰਗਾਰਿਆ ਗਿਆ ਇਨ੍ਹਾਂ ਸੈਂਟਰਾਂ ਉਪਰ ਕਾਰਵਾਈ ਕਰਨ ਦੇ ਲਈ ਨਿਹੰਗ ਸਿੰਘਾਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ। ਇਹ ਅਲਟੀਮੇਟਮ ਸਥਿਤੀ ਨੂੰ ਵਿਸਫੋਟਕ ਬਣਾ ਸਕਦਾ ਹੈ। ਜੇਕਰ ਸਰਕਾਰ ਨੇ ਇਨ੍ਹਾਂ 'ਤੇ ਕਾਰਵਾਈ ਨਾ ਕੀਤੀ ਅਤੇ ਨਿਹੰਗ ਸਿੰਘ ਜਥੇਬੰਦੀਆਂ ਨੇ ਖ਼ੁਦ ਮਾਰਚ ਕੀਤਾ, ਤਾਂ ਪੁਲਿਸ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਸਿੱਧੀ ਝੜਪ ਹੋਣ ਦਾ ਖ਼ਦਸ਼ਾ ਖੜ੍ਹਾ ਹੋ ਜਾਵੇਗਾ। ਦੂਜੇ ਪਾਸੇ ਸੱਤਾਧਾਰੀ ਪਾਰਟੀ ਵੱਲੋਂ ਅਜਿਹੇ ਕਿਸੇ ਵੀ ਆਈ.ਟੀ. ਸੈੱਲ ਦੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ, ਪਰ ਇਹ ਸਥਿਤੀ ਦੋਵਾਂ ਧਿਰਾਂ ਵਿਚਾਲੇ ਟਕਰਾਅ ਦੀ ਸਥਿਤੀ ਨੂੰ ਉਜਾਗਰ ਕਰਦੀ ਹੈ।

ਦੂਜੇ ਪਾਸੇ, 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਵਰਗੇ ਸੰਵੇਦਨਸ਼ੀਲ ਕਾਨੂੰਨ ਨੂੰ ਲੈ ਕੇ ਚੱਲ ਰਿਹਾ ਵਿਵਾਦ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਹੈ। ਬੇਅਦਬੀ ਵਰਗੇ ਘਿਨਾਉਣੇ ਅਪਰਾਧਾਂ ਲਈ ਸਖ਼ਤ ਕਾਨੂੰਨ ਬਣਾਉਣ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸੰਗਤ ਵੱਲੋਂ ਕਦੇ ਵਿਰੋਧ ਨਹੀਂ ਕੀਤਾ ਗਿਆ, ਪਰ ਕਾਨੂੰਨ ਦੀ ਆੜ ਵਿੱਚ ਸਿੱਖਾਂ ਦੇ ਅੰਦਰੂਨੀ ਪ੍ਰਬੰਧ, ਪਰੰਪਰਾਵਾਂ ਜਾਂ ਰਿਕਾਰਡ ਨੂੰ ਸਰਕਾਰੀ ਦਾਇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਹਮੇਸ਼ਾ ਹੀ ਟਕਰਾਅ ਦਾ ਕਾਰਨ ਬਣਦੀ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨੂੰ ਸੋਧਾਂ ਲਈ ਇੱਕ ਮਹੀਨੇ ਦਾ ਸਮਾਂ ਦੇਣਾ ਇਹ ਸਾਬਤ ਕਰਦਾ ਹੈ ਕਿ ਪੰਥ ਅਜੇ ਵੀ ਗੱਲਬਾਤ ਅਤੇ ਸੁਧਾਰ ਦਾ ਮੌਕਾ ਦੇਣ ਦੇ ਪੱਖ ਵਿੱਚ ਹੈ।

ਖ਼ਬਰਾਂ ਅਨੁਸਾਰ ਇਸ ਪੰਥਕ ਇਕੱਠ ਦਾ ਇੱਕ ਬਹੁਤ ਹੀ ਸਕਾਰਾਤਮਕ ਅਤੇ ਅਹਿਮ ਪਹਿਲੂ ਇਹ ਵੀ ਰਿਹਾ ਕਿ ਇਸ ਵਿੱਚ ਨਾ ਸਿਰਫ਼ ਰਾਜਨੀਤਿਕ ਜਾਂ ਸੰਸਥਾਗਤ ਮੁੱਦਿਆਂ 'ਤੇ ਚਰਚਾ ਹੋਈ, ਸਗੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਛੇਵੇਂ ਦਰਿਆ ਤੋਂ ਬਚਾਉਣ ਅਤੇ ਉਨ੍ਹਾਂ ਨੂੰ 'ਬਾਣੀ ਤੇ ਬਾਣੇ' ਨਾਲ ਜੋੜਨ ਲਈ 24 ਜੁਲਾਈ ਤੋਂ 'ਮੀਰੀ ਪੀਰੀ ਖ਼ਾਲਸਾ ਵਹੀਰ' ਸ਼ੁਰੂ ਕਰਨ ਦਾ ਰਚਨਾਤਮਕ ਫ਼ੈਸਲਾ ਵੀ ਲਿਆ ਗਿਆ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਅਕਾਲ ਤਖ਼ਤ ਸਾਹਿਬ ਤੇ ਸਿੱਖ ਲੀਡਰਸ਼ਿਪ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਹੈ।

### ਬਾਬਾ ਬਲਬੀਰ ਸਿੰਘ ਨਰਾਜ਼ ਕਿਉਂ ?

ਪਰ ਇਸ ਪੂਰੇ ਘਟਨਾਕ੍ਰਮ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਉਠਾਇਆ ਗਿਆ ਨੁਕਤਾ ਵੀ ਬੇਹੱਦ ਵਿਚਾਰਨਯੋਗ ਹੈ। ਉਨ੍ਹਾਂ ਦਾ ਇਹ ਕਹਿਣਾ ਕਿ ਕੌਮੀ ਫ਼ੈਸਲੇ ਲੈਂਦੇ ਸਮੇਂ ਸਾਰੀਆਂ ਨਿਹੰਗ ਜਥੇਬੰਦੀਆਂ ਨੂੰ ਭਰੋਸੇ ਵਿੱਚ ਲਿਆ ਜਾਣਾ ਚਾਹੀਦਾ ਹੈ, ਸਿੱਖ ਸੰਸਥਾਵਾਂ ਦੇ ਅੰਦਰੂਨੀ ਜਮਹੂਰੀ ਪ੍ਰਬੰਧ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਜੇਕਰ ਅੱਜ ਪੰਥ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁੱਟ ਹੋਣ ਦੀ ਲੋੜ ਹੈ, ਤਾਂ ਅੰਦਰੂਨੀ ਤੌਰ 'ਤੇ ਵੀ ਸਾਰੀਆਂ ਜਥੇਬੰਦੀਆਂ, ਟਕਸਾਲਾਂ ਅਤੇ ਸੰਪਰਦਾਵਾਂ ਨੂੰ ਬਰਾਬਰ ਦਾ ਮਾਣ-ਸਤਿਕਾਰ ਦੇ ਕੇ ਨਾਲ ਤੋਰਨਾ ਪਵੇਗਾ।

### ਸ਼੍ਰੋਮਣੀ ਕਮੇਟੀ ਦਾ ਪੱਖ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਇਹ ਮਸ਼ਵਰਾ ਬਿਲਕੁਲ ਦੁਰਸਤ ਹੈ ਕਿ ਲੋਕਤੰਤਰੀ ਢਾਂਚੇ ਵਿੱਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਇਤਿਹਾਸਕ ਅਤੇ ਧਾਰਮਿਕ ਸੰਸਥਾਵਾਂ ਦੀ ਸਰਵਉੱਚਤਾ ਸਦਾ ਅਟੱਲ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਨਿੱਜੀ ਜਾਂ ਰਾਜਨੀਤਿਕ ਅਣਖ ਨੂੰ ਪਾਸੇ ਰੱਖ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪਰੰਪਰਾਵਾਂ ਦਾ ਸਤਿਕਾਰ ਕਰਦਿਆਂ ਸਮਰਪਣ ਅਤੇ ਖਿਮਾ-ਜਾਚਨਾ ਦਾ ਰਸਤਾ ਚੁਣਨ। ਸਿੱਖ ਸੰਸਥਾਵਾਂ ਅਤੇ ਚੁਣੇ ਹੋਏ ਮੁੱਖ ਮੰਤਰੀ ਵਿਚਾਲੇ ਲੰਮਾ ਟਕਰਾਅ ਨਾ ਤਾਂ ਪੰਜਾਬ ਦੇ ਹਿੱਤ ਵਿੱਚ ਹੈ ਅਤੇ ਨਾ ਹੀ ਕੌਮ ਦੇ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਸਿਆਸੀ ਮਹਾਂਬਲੀਆਂ ਨੂੰ ਵੀ ਅੰਤ ਵਿੱਚ ਇਸੇ ਤਖ਼ਤ ਦੀ ਸ਼ਰਨ ਵਿੱਚ ਆਉਣਾ ਪਿਆ ਹੈ।ਧਾਮੀ ਨੇ ਐਲਾਨ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਦੇ ਹਰ ਹਲਕੇ ਵਿੱਚ ਪੰਥਕ ਇਕੱਠ ਕੀਤੇ ਜਾਣਗੇ ਅਤੇ ਪਿੰਡ-ਪਿੰਡ ਗੁਰਸਿੱਖਾਂ ਦੀਆਂ ਕਮੇਟੀਆਂ ਬਣਾਈਆਂ ਜਾਣਗੀਆਂ, ਜੋ ਸਿੱਖੀ ਰਵਾਇਤਾਂ ਪ੍ਰਤੀ ਚੇਤਨਾ ਪੈਦਾ ਕਰਨਗੀਆਂ ਅਤੇ ਸੰਘਰਸ਼ ਕਮੇਟੀਆਂ ਵਜੋਂ ਕੰਮ ਕਰਨਗੀਆਂ।ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਵੀ ਇਸ ਮੌਕੇ ਸਰਕਾਰੀ ਦਖ਼ਲਅੰਦਾਜ਼ੀ ਖ਼ਿਲਾਫ਼ ਤਿੱਖੀ ਮੁਹਿੰਮ ਚਲਾਉਣ ਦੀ ਹਮਾਇਤ ਕੀਤੀ। ਅੰਤ ਵਿੱਚ, ਸਮੁੱਚੇ ਇਕੱਠ ਨੇ ਇੱਕਜੁੱਟ ਹੋ ਕੇ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਸਿੱਖ ਧਰਮ ਦੇ ਅੰਦਰੂਨੀ ਸਰੋਕਾਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਸੰਸਥਾਵਾਂ ਦੀ ਮਰਿਆਦਾ ਬਹਾਲ ਰੱਖਣ ਲਈ ਟਕਰਾਅ ਦਾ ਰਸਤਾ ਤਿਆਗਿਆ ਜਾਵੇ।

(ਬਾਕੀ ਸਫ਼ਾ 26 'ਤੇ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਵੀ ਦੁਨਿਆਵੀ ਕਾਨੂੰਨੀ ਘੇਰੇ ਵਿੱਚ ਨਹੀਂ ਲਿਆਂਦਾ ਜਾ ਸਕਦਾ: ਜਥੇਦਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਵਿਚਲੀਆਂ ਇਤਰਾਜਯੋਗ ਮੱਦਾਂ (ਸ਼ਰਤਾਂ) ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਐਕਟ ਵਿੱਚ ਸਿੱਖ ਵਿਰੋਧੀ ਡੇਰੇਦਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੱਦ ਸ਼ਾਮਿਲ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ।

ਇਸ ਮਾਮਲੇ ਉੱਤੇ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪੰਜਾਬ ਵਿਧਾਨ ਸਭਾ ਦੇ ਸਿੱਖ ਮੰਤਰੀਆਂ ਅਤੇ ਸਿੱਖ ਵਿਧਾਇਕਾਂ ਨੂੰ ਸੱਦਿਆ ਗਿਆ ਸੀ। ਉਸ ਮੌਕੇ ਵੀ ਜਥੇਦਾਰ ਗੜਗੱਜ ਨੇ ਵਿਧਾਇਕਾਂ ਅਤੇ ਮੰਤਰੀਆਂ ਨਾਲ ਗੱਲਬਾਤ ਕਰਦਿਆਂ ਇਹ ਮੁੱਦਾ ਪ੍ਰਮੁੱਖਤਾ ਨਾਲ ਉਭਾਰਿਆ ਸੀ ਅਤੇ ਬਾਅਦ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਵੀ ਇਸ ਮੁੱਦੇ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਸੀ।

ਕਾਨੂੰਨ ਦੀ ਘਾਟ ਅਤੇ ਸਮਾਜਿਕ ਪਹਿਲੂਜਥੇਦਾਰ ਨੇ ਇਸ ਮਾਮਲੇ ਬਾਰੇ ਮੁੜ ਆਖਿਆ ਹੈ ਕਿ ਕਾਨੂੰਨ ਦਾ ਕੇਂਦਰ ਕੇਵਲ ਅਪਰਾਧੀ ਨਹੀਂ, ਸਗੋਂ ਅਪਰਾਧ ਦੀ ਅਸਲ ਜੜ੍ਹ ਹੋਣੀ ਚਾਹੀਦੀ ਹੈ। ਸਰਕਾਰ ਦੇ ਇਸ ਕਾਨੂੰਨ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਹ ਬੇਅਦਬੀ ਦੇ ਅਪਰਾਧ ਨੂੰ ਤਾਂ ਦੇਖਦਾ ਹੈ, ਪਰ ਬੇਅਦਬੀ ਦੇ ਵਰਤਾਰੇ ਨੂੰ ਜਨਮ ਦੇਣ ਵਾਲੇ ਮੁੱਖ ਕਾਰਨਾਂ ਨੂੰ ਨਹੀਂ ਦੇਖਦਾ। ਇਹ ਕਾਨੂੰਨ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਦਾ ਰਾਹ ਵੀ ਖੋਲ੍ਹਦਾ ਹੈ, ਜਿਸ ਕਰਕੇ ਇਸ ਨੂੰ ਮੌਜੂਦਾ ਰੂਪ ਵਿੱਚ ਪ੍ਰਵਾਨ (ਮਨਜ਼ੂਰ) ਨਹੀਂ ਕੀਤਾ ਜਾ ਸਕਦਾ। ਬਣਾਏ ਗਏ ਕਾਨੂੰਨ ਵਿੱਚ ਇਸ ਸਮਝ ਦੀ ਵੱਡੀ ਕਮੀ ਹੈ ਕਿ ਬੇਅਦਬੀਆਂ ਆਖਰ ਕਿਉਂ ਹੋ ਰਹੀਆਂ ਹਨ। ਇਹ ਕਾਨੂੰਨ ਸਿਰ.ਫ ਤਕਨੀਕੀ ਪਹਿਲੂਆਂ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ।ਉਨ੍ਹਾਂ ਨੇ ਮਿਸਾਲ ਦਿੰਦਿਆਂ ਕਿਹਾ ਕਿ ਦਾਜ ਵਿਰੁੱਧ ਕਾਨੂੰਨ ਜਾਂ ਜਾਤ-ਪਾਤ ਵਿਰੋਧੀ ਕਾਨੂੰਨ ਸਿਰ.ਫ ਤਕਨੀਕੀ ਪਹਿਲੂਆਂ ਨੂੰ ਮੁੱਖ ਰੱਖ ਕੇ ਨਹੀਂ ਬਣਾਏ ਗਏ, ਸਗੋਂ ਇਨ੍ਹਾਂ ਕਾਨੂੰਨਾਂ ਵਿੱਚ ਸਮਾਜਿਕ ਪਹਿਲੂਆਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਦਾਜ ਜਾਂ ਜਾਤ-ਪਾਤ ਕਾਰਨ ਕੀਤੇ ਗਏ ਕਤਲ ਦੇ ਮਾਮਲਿਆਂ ਵਿੱਚ ਸਜ਼ਾ ਸਿਰ.ਫ ਕਤਲ ਕਰਨ ਵਾਲੇ ਨੂੰ ਹੀ ਨਹੀਂ



ਮਿਲਦੀ, ਸਗੋਂ ਉਨ੍ਹਾਂ ਲੋਕਾਂ ਨੂੰ ਵੀ ਮਿਲਦੀ ਹੈ ਜਿਨ੍ਹਾਂ ਨੇ ਕਤਲ ਕਰਨ ਵਾਸਤੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਦੋਸ਼ੀ ਨੂੰ ਉਕਸਾਇਆ ਹੁੰਦਾ ਹੈ।

ਡੇਰੇਦਾਰਾਂ ਦੀ ਭੂਮਿਕਾ ਅਤੇ ਕਾਰਵਾਈ ਦੀ ਮੰਗਜਥੇਦਾਰ ਗੜਗੱਜ ਨੇ ਕਿਹਾ ਕਿ ਇਸੇ ਤਰ੍ਹਾਂ ਬੇਅਦਬੀਆਂ ਦਾ ਵਰਤਾਰਾ ਹੈ। ਬੇਅਦਬੀ ਕਰਨ ਵਾਲਾ ਵਿਅਕਤੀ ਤਾਂ ਸਿਰ.ਫ ਇੱਕ 'ਪਿਆਦਾ' (ਮੋਹਰਾ) ਹੁੰਦਾ ਹੈ, ਜੋ ਕਿਸੇ ਹੋਰ ਦੇ ਵੱਸ ਵਿੱਚ ਹੁੰਦਾ ਹੈ। ਅਜਿਹੇ ਲੋਕਾਂ ਨੂੰ ਬੇਅਦਬੀਆਂ ਕਰਨ ਵਾਸਤੇ ਅਸਲ ਹੱਲਾਸ਼ੇਰੀ ਅਤੇ ਤਾਕਤ ਡੇਰੇ ਦੇ ਮੁਖੀ ਤੋਂ ਮਿਲਦੀ ਹੈ। ਉਨ੍ਹਾਂ ਆਖਿਆ ਕਿ ਅਜਿਹਾ ਕੋਈ ਇੱਕ ਡੇਰਾ ਨਹੀਂ ਹੈ, ਸਗੋਂ ਅਜਿਹੇ ਕਈ ਸਮੂਹ ਜਾਂ ਡੇਰੇ ਹਨ ਜੋ ਸਿੱਖਾਂ ਤੋਂ ਖਾਰ ਖਾਂਦੇ ਹਨ ਅਤੇ ਸਿੱਖ-ਵਿਰੋਧੀ ਹਨ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਜੇਕਰ ਅਜਿਹੇ ਕਿਸੇ ਵੀ ਸਿੱਖ-ਵਿਰੋਧੀ ਡੇਰੇ ਜਾਂ ਸਮੂਹ ਦਾ ਕੋਈ ਬੰਦਾ ਗੁਰਬਾਣੀ ਦੀ ਬੇਅਦਬੀ ਕਰਦਾ ਹੈ ਅਤੇ ਪਰਚਾ (ਐੱਫ.ਆਈ.ਆਰ.) ਦਰਜ ਕਰਵਾਉਣ ਵਾਲੀ ਸੰਗਤ ਕਿਸੇ ਡੇਰੇ ਜਾਂ ਸਮੂਹ ਦੇ ਮੁਖੀ ਦਾ ਨਾਮ ਲਿਖਵਾਉਂਦੀ ਹੈ, ਤਾਂ ਉਸ ਡੇਰੇ ਜਾਂ ਸਮੂਹ ਦੇ ਮੁਖੀ ਨੂੰ ਵੀ ਪਰਚੇ ਵਿੱਚ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਉਪਰੰਤ ਮਾਮਲੇ ਦੀ ਪੂਰੀ ਪਾਰਦਰਸ਼ੀ ਪੜਤਾਲ ਕੀਤੀ ਜਾਵੇ। ਜਦੋਂ ਅਜਿਹਾ ਕਾਨੂੰਨ ਬਣੇਗਾ, ਤਾਂ ਇਸ ਤਰ੍ਹਾਂ ਦੇ ਸਮੂਹ ਜਾਂ ਡੇਰੇਦਾਰ ਆਪਣੇ ਵੱਸ ਕੀਤੇ ਗਏ ਪੈਰੋਕਾਰਾਂ ਜਾਂ ਚੇਲਿਆਂ ਨੂੰ ਅਜਿਹੀਆਂ ਘਟਨਾਵਾਂ ਵਾਸਤੇ ਤਿਆਰ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ। ਇਸ ਤਰ੍ਹਾਂ ਇਹ ਕਾਨੂੰਨ ਬੇਅਦਬੀਆਂ ਦੇ ਵਰਤਾਰੇ ਦੀ ਜੜ੍ਹ ਨੂੰ ਪੁੱਟਣ ਵਿੱਚ ਸਹਾਈ (ਮਦਦਗਾਰ) ਹੋਵੇਗਾ। ਪਰ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ, ਤਾਂ ਇਹ ਕਾਨੂੰਨ ਬੇਅਦਬੀਆਂ ਦੇ ਵਰਤਾਰੇ ਨੂੰ ਠੱਲ੍ਹ ਪਾਉਣ (ਰੋਕਣ) ਵਿੱਚ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਵੇਗਾ।

ਉਨ੍ਹਾਂ ਨੇ ਸਮੂਹ ਸਿੱਖ ਵਿਦਵਾਨਾਂ, ਪੰਥਕ ਵਿਚਾਰਵਾਨਾਂ, ਕਾਨੂੰਨੀ ਮਾਹਰਾਂ ਅਤੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ੇ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਇਸ ਬਾਰੇ ਵੱਧ ਤੋਂ ਵੱਧ ਲਿਖਣ। ਜਥੇਦਾਰ ਨੇ ਆਖਿਆ ਕਿ ਅਜਿਹਾ ਕਾਨੂੰਨ ਬਣਨਾ ਚਾਹੀਦਾ ਹੈ ਜੋ ਸਿਰ.ਫ ਸਜ਼ਾ ਦੇਣ ਵਾਲਾ ਹੀ ਨਾ ਹੋਵੇ, ਸਗੋਂ ਬੇਅਦਬੀ ਦੇ ਵਰਤਾਰੇ ਨੂੰ ਜੜ੍ਹੋਂ ਪੁੱਟਣ ਵਾਲਾ ਹੋਵੇ।ਇਸ ਕਾਨੂੰਨ ਦੀ ਆੜ ਹੇਠ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਅਤੇ ਸਿੱਖ ਰਹਿਤ ਮਰਿਆਦਾ ਵਿੱਚ ਕੋਈ ਦਖ਼ਲ ਨਾ ਦਿੱਤਾ ਜਾਵੇ ਅਤੇ ਨਾ ਹੀ ਇਸ ਕਾਨੂੰਨ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿੱਚ ਕੋਈ ਅੜਿੱਕਾ ਬਣਨ ਦਿੱਤਾ ਜਾਵੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਵੀ ਦੁਨਿਆਵੀ ਕਾਨੂੰਨੀ ਘੇਰੇ ਵਿੱਚ ਨਹੀਂ ਲਿਆਂਦਾ ਜਾ ਸਕਦਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ਕਾਂਗਰਸ 'ਚ ਖਾਨਾਜੰਗੀ

ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਹੋਣ ਵਿੱਚ ਕੁਝ ਮਹੀਨਿਆਂ ਦਾ ਸਮਾਂ ਰਹਿ ਗਿਆ ਹੈ। ਪੰਜਾਬ 'ਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਬਿਗਲ ਵਜਾ ਦਿੱਤਾ ਹੈ ਅਤੇ ਇਹ ਚੋਣਾਂ ਜਿੱਤਣ ਲਈ ਪੱਬਾਂ ਭਾਰ ਹੋ ਗਈਆਂ ਹਨ। ਕਾਂਗਰਸ ਪਾਰਟੀ ਵੱਲੋਂ ਵੀ ਇਹਨਾਂ ਚੋਣਾਂ ਨੂੰ ਮੁੱਖ ਰੱਖਦਿਆਂ ਚੋਣ ਸਰਗਰਮੀਆਂ ਸ਼ੁਰੂ ਕੀਤੀਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਪੰਜਾਬ ਕਾਂਗਰਸ ਵਿੱਚ ਪਈ ਅੰਦਰੂਨੀ ਫੁੱਟ ਇਸ ਪਾਰਟੀ ਲਈ ਵੱਡਾ ਸੰਕਟ ਬਣਦੀ ਜਾ ਰਹੀ ਹੈ। ਭਾਵੇਂ ਕਾਂਗਰਸ ਹਾਈ ਕਮਾਂਡ ਪੰਜਾਬ ਕਾਂਗਰਸ ਅੰਦਰ ਪਈ ਫੁੱਟ ਨੂੰ ਦੂਰ ਕਰਨ ਅਤੇ ਪੰਜਾਬ ਕਾਂਗਰਸ ਦੇ ਸਾਰੇ ਆਗੂਆਂ ਨੂੰ ਆਪਸੀ ਏਕਾ ਬਣਾਈ ਰੱਖਣ ਲਈ ਦਬਕਾ ਮਾਰ ਚੁੱਕੀ ਹੈ ਪਰ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦੀ ਸੁਰ ਇੱਕੋ ਜਿਹੀ ਨਹੀਂ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਮੁੱਖ ਮੰਤਰੀ ਚਿਹਰਾ ਬਣਨ ਸਬੰਧੀ ਕੋਈ ਸਹਿਮਤੀ ਨਾ ਹੋਣਾ ਹੈ। ਪੰਜਾਬ ਵਿੱਚ ਕਰੀਬ ਅੱਧੀ ਦਰਜਨ ਦੇ ਕਰੀਬ ਅਜਿਹੇ ਸੀਨੀਅਰ ਕਾਂਗਰਸੀ ਨੇਤਾ ਹਨ ਜੋ ਕਿ ਪੰਜਾਬ ਦੇ ਅਗਲਾ ਮੁੱਖ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹਨ। ਭਾਵੇਂ ਕਿ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਰਾਜਾ ਵੜਿੰਗ ਜਨਤਕ ਤੌਰ 'ਤੇ ਇਹ ਕਹਿ ਚੁੱਕੇ ਹਨ ਕਿ ਉਹ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਚਿਹਰਾ ਬਣਨ ਦੀ ਦੌੜ ਵਿੱਚ ਸ਼ਾਮਲ ਨਹੀਂ ਹਨ ਅਤੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਅਤੇ ਕਾਂਗਰਸ ਹਾਈਕਮਾਂਡ ਜਿਸ ਆਗੂ ਨੂੰ ਮੁੱਖ ਮੰਤਰੀ ਚਿਹਰਾ ਐਲਾਨਗੇ, ਉਹ ਉਸ ਆਗੂ ਦਾ ਡਟ ਕੇ ਸਾਥ ਦੇਣਗੇ। ਇਸ ਦੇ ਨਾਲ ਹੀ ਰਾਜਾ ਵੜਿੰਗ ਨੇ ਪਾਰਟੀ ਆਗੂਆਂ ਨੂੰ ਏਕੇ ਦੀ ਅਪੀਲ ਵੀ ਕੀਤੀ ਹੈ।

ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਪੰਜਾਬ ਕਾਂਗਰਸ ਵਿੱਚ ਫੁੱਟ ਪਈ ਹੋਵੇ। ਇਸ ਤੋਂ ਪਹਿਲਾਂ ਵੀ ਕਾਂਗਰਸ ਦੀ ਇਕਾਈ ਵਿੱਚ ਕਈ ਵਾਰ ਅੰਦਰੂਨੀ ਫੁੱਟ ਪੈ ਚੁੱਕੀ ਹੈ ਅਤੇ ਇਸ ਦੇ ਕਈ ਸੀਨੀਅਰ ਆਗੂ ਪਾਰਟੀ ਤੋਂ ਬਾਗੀ ਹੋ ਚੁੱਕੇ ਹਨ। ਅਜੇ ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਉਸ ਸਮੇਂ ਦੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਭੱਠਲ ਆਪਸ ਵਿੱਚ ਭਿੜਦੇ ਰਹੇ। ਇਹਨਾਂ ਦੋਵਾਂ ਆਗੂਆਂ ਨੂੰ ਹੀ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਮਾਣ ਵੀ ਪ੍ਰਾਪਤ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਇਸ ਸਮੇਂ ਭਾਜਪਾ ਵਿੱਚ ਹਨ ਜਦੋਂਕਿ ਬੀਬੀ ਰਜਿੰਦਰ ਕੌਰ ਭੱਠਲ ਬਹੁਤ ਘੱਟ ਸਿਆਸੀ ਸਰਗਰਮੀਆਂ ਕਰ ਰਹੇ ਹਨ। ਕੈਪਟਨ-ਭੱਠਲ ਵਿਵਾਦ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਸਿਆਸੀ ਪੇਚਾ ਪਿਆ ਰਿਹਾ ਅਤੇ ਦੋਵੇਂ ਆਗੂ ਇੱਕ ਦੂਜੇ ਖ਼ਿਲਾਫ਼ ਡਟੇ ਰਹੇ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਵਿਚਾਲੇ ਸਿਆਸੀ ਪੇਚਾ ਰਿਹਾ। ਨਵਜੋਤ ਸਿੰਘ ਸਿੱਧੂ ਇਸ ਸਮੇਂ ਪੰਜਾਬ ਦੀ ਰਾਜਨੀਤੀ ਤੋਂ ਦੂਰ ਰਹਿ ਰਹੇ ਹਨ, ਜਦੋਂਕਿ ਚਰਨਜੀਤ ਸਿੰਘ ਚੰਨੀ ਇਸ ਸਮੇਂ ਸਾਂਸਦ ਹੋਣ ਦੇ ਨਾਲ ਨਾਲ ਪੰਜਾਬ ਦੀ ਸਿਆਸਤ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ। ਕੁਝ ਦਿਨ ਪਹਿਲਾਂ ਹੀ ਚੰਨੀ ਵੱਲੋਂ ਆਪਣੇ ਘਰ ਆਪਣੇ ਸਮਰਥਕਾਂ ਦੀ ਮੀਟਿੰਗ ਕਰਕੇ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਚੰਨੀ ਬਾਰੇ ਵੀ ਕਿਹਾ ਜਾਂਦਾ ਹੈ ਕਿ ਉਹ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨਾ ਚਾਹੁੰਦੇ ਹਨ ਅਤੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਦਾ ਅਗਲਾ ਮੁੱਖ ਮੰਤਰੀ ਚਿਹਰਾ ਬਣਨ ਦੀ ਦੌੜ ਵਿੱਚ ਸ਼ਾਮਲ ਹਨ।

ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਪੰਜਾਬ ਦੀ ਸਿਆਸਤ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ। ਉਹ ਜਿੱਥੇ ਵਾਰ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਿਖੇਧੀ ਕਰਦੇ ਹਨ, ਉਥੇ ਉਹ ਕਾਂਗਰਸ ਪਾਰਟੀ ਵੱਲੋਂ ਪੰਜਾਬ ਦਾ ਅਗਲਾ ਮੁੱਖ ਮੰਤਰੀ ਚਿਹਰਾ ਬਣਨ ਦਾ ਸੁਪਨਾ ਵੀ ਵੇਖ ਰਹੇ ਹਨ। ਕੁਝ ਦਿਨ ਪਹਿਲਾਂ ਉਹਨਾਂ ਵੱਲੋਂ ਕੀਤੀ ਗਈ ਇੱਕ ਸਿਆਸੀ ਰੈਲੀ ਵਿੱਚ ਉਹਨਾਂ ਦੇ ਸਮਰਥਕ ਨੌਜਵਾਨਾਂ ਵੱਲੋਂ ਸ੍ਰ ਬਾਜਵਾ ਨੂੰ ਪੰਜਾਬ ਦਾ ਅਗਲਾ ਮੁੱਖ ਮੰਤਰੀ ਹੋਣ ਦਾ ਦਾਅਵਾ ਕੀਤਾ ਗਿਆ ਅਤੇ ਇਸ ਸਬੰਧੀ ਨਾਅਰੇ ਵੀ ਲਗਾਏ ਗਏ।

ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਵੀ ਆਪਣੀ ਸਿਆਸੀ ਸਰਗਰਮੀਆਂ ਨੂੰ ਤੇਜ਼ ਕਰ ਚੁੱਕੇ ਹਨ। ਉਹਨਾਂ ਦੀ ਇੱਛਾ ਵੀ ਪੰਜਾਬ ਦਾ ਅਗਲਾ ਮੁੱਖ ਮੰਤਰੀ ਬਣਨ ਦੀ ਦੱਸੀ ਜਾ ਰਹੀ ਹੈ। ਸ੍ਰ ਰੰਧਾਵਾ ਅਕਸਰ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦੇ ਅਤੇ ਆਪਣਾ ਅਲੱਗ ਸੁਰ ਅਲਾਪਦੇ ਰਹਿੰਦੇ ਹਨ।

ਕਾਂਗਰਸ ਦੀ ਹਾਈਕਮਾਂਡ ਦਾ ਵਿਚਾਰ ਹੈ ਕਿ ਪੰਜਾਬ ਵਿੱਚ ਇਸ ਸਮੇਂ ਸੱਤਾ ਵਿਰੋਧੀ ਮਾਹੌਲ ਬਣ ਰਿਹਾ ਹੈ, ਜਿਸ ਦਾ ਨੁਕਸਾਨ ਅਗਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹੋ ਸਕਦਾ ਹੈ। ਪੰਜਾਬ ਵਿੱਚ 'ਆਪ ਸਰਕਾਰ' ਵਿਰੁੱਧ ਬਣਦੇ ਮਾਹੌਲ ਦਾ ਪੂਰਾ ਫਾਇਦਾ ਕਾਂਗਰਸ ਪਾਰਟੀ ਚੁੱਕ ਸਕਦੀ ਹੈ ਅਤੇ ਪੰਜਾਬ ਵਿੱਚ ਕਾਂਗਰਸ ਆਪਣੀ ਅਗਲੀ ਸਰਕਾਰ ਬਣਾ ਸਕਦੀ ਹੈ ਪਰ ਇਸ ਲਈ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਆਗੂਆਂ ਵਿੱਚ ਆਪਸੀ ਏਕੇ ਦੀ ਵੱਡੀ ਲੋੜ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਵਿੱਚ ਆਪਸੀ ਵਿਵਾਦ ਅਤੇ ਇੱਕ ਮਤ ਨਾ ਹੋਣ ਕਾਰਨ ਕਾਂਗਰਸ ਦੇ ਵਰਕਰ ਵੀ ਧੜੇਬੰਦੀਆਂ ਵਿੱਚ ਵੰਡੇ ਗਏ ਹਨ ਜਾਂ ਚੁੱਪ ਕਰਕੇ ਘਰ ਬੈਠ ਗਏ ਹਨ। ਆਮ ਕਾਂਗਰਸ ਵਰਕਰਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਸ ਕਾਂਗਰਸੀ ਆਗੂ ਨੂੰ ਆਪਣਾ ਸਮਰਥਣ ਦੇਣ।

ਹੁਣ ਕਾਂਗਰਸ ਹਾਈ ਕਮਾਂਡ ਪੰਜਾਬ ਕਾਂਗਰਸ ਦੀ ਅੰਦਰੂਨੀ ਫੁਟ ਦੂਰ ਕਰਨ ਲਈ ਸਰਗਰਮ ਹੋਈ ਹੈ ਅਤੇ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਆਗੂਆਂ ਵਿੱਚ ਏਕਾ ਕਰਵਾਉਣ ਲਈ ਕਾਂਗਰਸ ਦੇ ਪੰਜਾਬ ਮਾਮਲਿਆਂ

# ਇਰਾਨ ਜੰਗ ਅਤੇ ਡਾਲਰ ਦੀ ਡੋਲਦੀ ਅਜ਼ਾਰੇਦਾਰੀ

**ਦਵਿੰਦਰ ਕੌਰ ਖੁਸ਼ ਧਾਲੀਵਾਲ**



ਅਮਰੀਕੀ ਸਾਮਰਾਜ ਦੇ ਸੰਸਾਰ 'ਤੇ ਆਰਥਿਕ ਦਬਦਬੇ ਦਾ ਸਭ ਤੋਂ ਮਜ਼ਬੂਤ ਆਰਥਿਕ ਹਥਿਆਰ, ਅਮਰੀਕੀ ਮੁਦਰਾ ਡਾਲਰ ਕਮਜ਼ੋਰ ਹੋ ਰਿਹਾ ਹੈ। ਅਮਰੀਕੀ ਡਾਲਰ ਜੋ ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਸੰਸਾਰ ਸਰਮਾਏਦਾਰੀ-ਸਾਮਰਾਜੀ ਪ੍ਰਬੰਧ ਦੀ ਸਭ ਤੋਂ ਮਜ਼ਬੂਤ ਅਤੇ ਤਕੜੀ ਮੁਦਰਾ ਸੀ, ਹੁਣ ਉਸ ਦੀ ਚਮਕ ਫ਼ਿੱਕੀ ਪੈਣ ਲੱਗੀ ਹੈ ਜਿਸ ਦਾ ਸਿੱਧਾ ਅਸਰ ਨਾ ਸਿਰਫ਼ ਅਮਰੀਕੀ ਅਰਥਚਾਰੇ ਸਗੋਂ ਸੰਸਾਰ ਭਰ ਦੀ ਆਰਥਿਕਤਾ ਉੱਪਰ ਵੀ ਪਵੇਗਾ ਹੈ। ਸਰਮਾਏਦਾਰ ਅਮਰੀਕੀ ਆਰਥਿਕ ਮਾਹਿਰ ਵੀ ਇਸ ਵੱਡੇ ਬਦਲਾਅ ਦੀ ਚਿਤਾਵਨੀ ਦੇ ਰਹੇ ਹਨ। ਅਮਰੀਕੀ ਸਾਮਰਾਜ ਇਸ ਸਮੇਂ ਨਿਵਾਣ ਵੱਲ ਜਾ ਰਿਹਾ ਹੈ। ਇਸ ਦੇ ਪ੍ਰਗਟਾਵੇ ਅਮਰੀਕੀ ਅਤੇ ਸੰਸਾਰ ਭਰ ਦੀ ਸਿਆਸਤ ਅਤੇ ਅਰਥਚਾਰਿਆਂ ਵਿੱਚ ਹੋ ਰਹੇ ਹਨ।

ਦੂਜੇ ਪਾਸੇ, ਚੀਨੀ ਸਾਮਰਾਜ, ਅਮਰੀਕੀ ਸਾਮਰਾਜ ਨੂੰ ਆਰਥਿਕ ਅਤੇ ਫ਼ੌਜੀ ਤੌਰ 'ਤੇ ਵੀ ਤਿੱਖੀ ਟੱਕਰ ਦੇ ਰਿਹਾ ਹੈ। ਅਮਰੀਕੀ ਹਾਕਮ ਆਪਣੀ ਖੁੱਸ ਰਹੀ ਸਰਦਾਰੀ ਨੂੰ ਬਚਾਉਣ ਅਤੇ ਚੀਨੀ ਸਾਮਰਾਜੀਆਂ ਨੂੰ ਠਿੱਬੀ ਲਾਉਣ ਲਈ ਤਰਲੋਮੱਛੀ ਹੋ ਰਹੇ ਹਨ, ਪਰ ਉਹ ਹੋਰ ਵਧੇਰੇ ਅਤੇ ਡੂੰਘੀਆਂ ਸਮੱਸਿਆਵਾਂ ਵਿੱਚ ਫ਼ਸਦੇ ਜਾ ਰਹੇ ਹਨ। ਮੱਧ-ਪੂਰਬ ਵਿੱਚ ਅਮਰੀਕਾ ਤੇ ਇਸ ਦੀ ਫ਼ੌਜੀ ਚੌਕੀ ਇਜ਼ਰਾਇਲ ਵੱਲੋਂ ਇਰਾਨ 'ਤੇ ਕੀਤਾ ਗਿਆ ਹਮਲਾ ਵੀ ਇਸੇ ਕੜੀ ਦਾ ਹਿੱਸਾ ਹੈ। ਇਸ ਦਾ ਮੁੱਖ ਉਦੇਸ਼ ਚੀਨ-ਰੂਸ ਧੁਰੀ ਦਾ ਪ੍ਰਭਾਵ ਘਟਾਉਣਾ, ਪੈਟਰੋ-ਡਾਲਰ ਪ੍ਰਣਾਲੀ ਨੂੰ ਬਚਾਉਣਾ ਅਤੇ ਮਹੱਤਵਪੂਰਨ ਵਪਾਰ ਰਸਤੇ ਆਪਣੇ ਕਾਬੂ ਵਿੱਚ ਰੱਖਣਾ ਸੀ ਪਰ ਇਸ ਜੰਗ ਦਾ ਅਸਰ ਉਲਟ ਨਜ਼ਰ ਆ ਰਿਹਾ ਹੈ। ਇਸ ਵਿੱਚ ਹੋਏ ਨੁਕਸਾਨ ਕਾਰਨ ਨਾ ਸਿਰਫ਼ ਅਮਰੀਕਾ ਦੀ ਫ਼ੌਜੀ ਪਕੜ ਕਮਜ਼ੋਰ ਹੋਈ ਹੈ, ਸਗੋਂ ਡਾਲਰ ਦੀ ਸਰਦਾਰੀ ਉੱਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਸ ਜੰਗ ਵਿੱਚ ਨਾ ਸਿਰਫ਼ ਪੱਛਮੀ ਏਸ਼ੀਆ ਦੇ ਮਹੱਤਵਪੂਰਨ ਖਿੱਤੇ 'ਚੋਂ ਅਮਰੀਕਾ ਦੇ ਫ਼ੌਜੀ ਅੱਡੇ ਤਬਾਹ ਹੋ ਗਏ ਸਗੋਂ ਇਸ ਤੋਂ ਵੀ ਵੱਧ ਕੇ, ਉਸ ਦੀ ਮੁਦਰਾ ਡਾਲਰ ਨੂੰ ਵੀ ਆਉਣ ਵਾਲੇ ਸਮੇਂ ਵਿੱਚ ਵੱਡੀ ਮਾਰ ਪਵੇਗੀ। ਆਮ ਤੌਰ 'ਤੇ ਜੰਗ ਅਤੇ ਹੋਰ ਉਥਲ-ਪੁਥਲ ਦੇ ਹਾਲਾਤ ਵਿੱਚ, ਨਿਵੇਸ਼ਕ ਆਪਣਾ ਪੈਸਾ ਕੱਢ ਕੇ, ਅਮਰੀਕੀ ਅਰਥਚਾਰੇ ਅਤੇ ਡਾਲਰ ਵਿੱਚ ਲਾਉਂਦੇ ਸਨ, ਕਿਉਂਕਿ ਇਹੀ ਸਭ ਤੋਂ ਮਜ਼ਬੂਤ ਮੁਦਰਾ ਸੀ ਪਰ ਐਤਕੀਂ ਸਭ ਕੁਝ ਅਮਰੀਕੀ ਆਰਥਿਕ ਮਾਹਿਰਾਂ ਦੀ ਉਮੀਦ ਮੁਤਾਬਕ ਨਹੀਂ ਵਾਪਰਿਆ।

ਜਾਪਾਨ, ਸੰਯੁਕਤ ਅਰਬ ਅਮੀਰਾਤ, ਭਾਰਤ, ਲਕਸਮਬਰਗ ਆਦਿ ਕਈ ਦੇਸ਼ਾਂ ਨੇ ਅਮਰੀਕੀ ਬਾਜ਼ਾਰ ਵਿੱਚੋਂ ਆਪਣੇ ਬਾਂਡ ਵੇਚ ਦਿੱਤੇ। ਅਮਰੀਕਾ ਦੇ ਏਸ਼ੀਆ ਵਿੱਚ ਸਭ ਤੋਂ ਮਜ਼ਬੂਤ ਭਾਈਵਾਲਾਂ ਜਾਪਾਨ ਨੇ 407 ਅਰਬ ਡਾਲਰ ਅਤੇ ਤਾਇਵਾਨ ਨੇ 112 ਅਰਬ ਡਾਲਰ ਅਮਰੀਕੀ ਮੰਡੀ ਵਿੱਚੋਂ ਕੱਢ ਲਏ। ਡਾਲਰ ਲਈ ਇੱਕ ਹੋਰ ਝਟਕਾ ਇਹ ਵੀ ਹੈ ਕਿ ਅਮਰੀਕੀ ਸਰਕਾਰੀ ਬਾਂਡ ਹੋਰ ਸਾਮਰਾਜੀ ਦੇਸ਼ਾਂ ਦੇ ਬਾਡਾਂ ਦੇ ਮੁਕਾਬਲਤਨ ਵਧੇਰੇ ਕਮਜ਼ੋਰ ਹੋਇਆ ਹੈ। ਇਹ ਸੰਕੇਤ ਹੈ ਕਿ ਅਮਰੀਕੀ ਮੰਡੀ ਅਤੇ ਇਸਦੀ ਮੁਦਰਾ ਡਾਲਰ, ਸੰਸਾਰ ਦੀ ਸਭ ਤੋਂ ਭਰੋਸੇਮੰਦ ਮੁਦਰਾ ਵਜੋਂ ਆਪਣੀ ਹੈਸੀਅਤ ਗੁਆ ਰਹੀ ਹੈ। ਇਹ ਇੱਕ ਸਪੱਸ਼ਟ ਸੰਕੇਤ ਹੈ ਕਿ ਅਮਰੀਕੀ ਮੰਡੀ ਅਤੇ ਡਾਲਰ ਹੁਣ ਸੰਕਟ ਦੇ ਸਮੇਂ ਸਭ ਤੋਂ ਭਰੋਸੇਮੰਦ ਵਿਕਲਪ ਨਹੀਂ ਰਹੇ। ਹਾਲਾਂਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਡਾਲਰ ਤੁਰੰਤ ਡਿੱਗ ਜਾਵੇਗਾ ਪਰ ਆਉਣ ਵਾਲੇ ਦਿਨ ਡਾਲਰ ਦੇ ਲਹਿਤ ਦੇ ਦਿਨ ਹਨ, ਇਹ ਲਾਜ਼ਮੀ ਕਿਹਾ ਜਾ ਸਕਦਾ ਹੈ।

> **ਅਮਰੀਕੀ ਡਾਲਰ ਜੋ ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਸੰਸਾਰ ਸਰਮਾਏਦਾਰੀ-ਸਾਮਰਾਜੀ ਪ੍ਰਬੰਧ ਦੀ ਸਭ ਤੋਂ ਮਜ਼ਬੂਤ ਅਤੇ ਤਕੜੀ ਮੁਦਰਾ ਸੀ, ਹੁਣ ਉਸ ਦੀ ਚਮਕ ਫ਼ਿੱਕੀ ਪੈਣ ਲੱਗੀ ਹੈ ਜਿਸ ਦਾ ਸਿੱਧਾ ਅਸਰ ਨਾ ਸਿਰ.ਫ ਅਮਰੀਕੀ ਅਰਥਚਾਰੇ ਸਗੋਂ ਸੰਸਾਰ ਭਰ ਦੀ ਆਰਥਿਕਤਾ ਉੱਪਰ ਵੀ ਪਵੇਗਾ ਹੈ। ਸਰਮਾਏਦਾਰ ਅਮਰੀਕੀ ਆਰਥਿਕ ਮਾਹਿਰ ਵੀ ਇਸ ਵੱਡੇ ਬਦਲਾਅ ਦੀ ਚਿਤਾਵਨੀ ਦੇ ਰਹੇ ਹਨ। ਅਮਰੀਕੀ ਸਾਮਰਾਜ ਇਸ ਸਮੇਂ ਨਿਵਾਣ ਵੱਲ ਜਾ ਰਿਹਾ ਹੈ।**

ਰੂਸ, ਸਾਊਦੀ ਅਰਬ ਤੇ ਖਾੜੀ ਮੁਲਕਾਂ ਤੇ ਇਰਾਨ ਦੇ ਇੱਕੋ ਪਾਲੇ ਵਿੱਚ ਆਉਣ ਨਾਲ ਤੇ ਚੀਨ ਦਾ ਊਰਜਾ ਦਾ ਸਭ ਤੋਂ ਵੱਡਾ ਖ਼ਪਤਕਾਰ ਹੋਣ ਕਰਕੇ ਇਨ੍ਹਾਂ ਮੁਲਕਾਂ ਦੀ ਇੱਕ ਤਰ੍ਹਾਂ ਨਾਲ ਊਰਜਾ ਖੇਤਰ ਵਿੱਚ ਅਜ਼ਾਰੇਦਾਰੀ ਕਾਇਮ ਹੋ ਚੁੱਕੀ ਹੈ ਤੇ ਇਹ ਸਭ ਮੁਲਕ ਹੀ ਡਾਲਰ ਛੱਡ ਕੇ ਦੂਜੀਆਂ ਮੁਦਰਾਵਾਂ, ਖਾਸਕਰ ਯੂਆਨ ਵਿੱਚ ਤੇਲ ਸਮਝੌਤੇ ਨੇਪਰੇ ਚਾੜ੍ਹਨ ਉੱਤੇ ਸਹਿਮਤ ਹਨ। ਇਸ ਮਕਸਦ ਲਈ ਚੀਨ ਨੇ ਸ਼ੰਘਾਈ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਡੀ ਦੀ ਮਾਰਚ 2018 ਵਿੱਚ ਹੀ ਸ਼ੁਰੂਆਤ ਕਰ ਦਿੱਤੀ ਸੀ। ਚੀਨ ਹੁਣ ਤੇਲ ਉੱਤੇ ਹਾਸਲ ਯੂਆਨ ਮੁਦਰਾ ਨੂੰ ਸੋਨੇ ਨਾਲ ਨੱਥੀ ਕਰ ਰਿਹਾ ਹੈ ਭਾਵ ਕੋਈ ਵੀ ਤੇਲ ਬਰਾਮਦਕਾਰ ਮੁਲਕ ਜਾਂ ਵਪਾਰੀ ਆਪਣੇ ਯੂਆਨ ਨੂੰ ਸੋਨੇ ਵਿੱਚ ਵਟਾ ਸਕਦਾ ਹੈ। ਕਹਿਣ ਦੀ ਲੋੜ ਨਹੀਂ ਚੀਨ ਦੇ ਇਸ ਫ਼ੈਸਲੇ ਨਾਲ ਪਿਛਲੇ ਪੰਜ ਦਹਾਕਿਆਂ ਤੋਂ ਡਾਲਰ ਦਬਦਬੇ ਦਾ ਅਹਿਮ ਅੰਗ ਰਹੇ ਪੈਟਰੋ-ਡਾਲਰ ਨੂੰ ਵੱਡੀ ਚੁਣੌਤੀ ਮਿਲੇਗੀ। ਇਰਾਨ-ਅਮਰੀਕਾ ਜੰਗ ਨੇ ਸਿਰਫ਼ ਮੱਧ-ਪੂਰਬ ਦੀ ਭੂ-ਸਿਆਸਤ ਨੂੰ ਹੀ ਨਹੀਂ ਬਦਲਿਆ, ਸਗੋਂ ਇਸ ਨੇ ਸੰਸਾਰ ਵਿੱਤੀ ਪ੍ਰਬੰਧ ਅਤੇ ਅਮਰੀਕੀ ਡਾਲਰ ਦੇ ਦਬਦਬੇ ਦੇ ਮਸਲੇ ਨੂੰ ਵੀ ਦੁਬਾਰਾ ਕੇਂਦਰ ਵਿੱਚ ਲਿਆ ਦਿੱਤਾ ਹੈ। ਭਾਵੇਂ ਜੰਗ ਦੇ ਸ਼ੁਰੂਆਤੀ ਪੜਾਅ ਵਿੱਚ ਡਾਲਰ ਇੱਕ 'ਸੁਰੱਖਿਅਤ ਟਿਕਾਣੇ' ਵਜੋਂ ਕੁਝ ਸਮੇਂ ਲਈ ਮਜ਼ਬੂਤ ਹੋਇਆ ਅਤੇ ਨਿਵੇਸ਼ਕਾਂ ਨੇ ਹਮੇਸ਼ਾਂ ਵਾਂਗ, ਅਸਥਿਰਤਾ ਦੀ ਹਾਲਤ ਵਿੱਚ ਅਮਰੀਕੀ ਮੰਡੀ ਵਿੱਚ ਨਿਵੇਸ਼ ਕੀਤਾ ਪਰ ਇਸ ਜੰਗ ਨੇ ਡਾਲਰ-ਕੇਂਦਰਿਤ ਵਿੱਤੀ ਪ੍ਰਣਾਲੀ ਦੇ ਅੰਦਰੂਨੀ ਵਿਰੋਧਾਂ ਨੂੰ ਹੋਰ ਵਧੇਰੇ ਉਜਾਗਰ ਕੀਤਾ ਹੈ।

ਜੰਗ ਦੌਰਾਨ ਇਰਾਨ ਵੱਲੋਂ ਹੋਰਮੁਜ਼ ਜਲ ਮਾਰਗ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਨੇ ਸੰਸਾਰ ਊਰਜਾ ਬਾਜ਼ਾਰ ਨੂੰ ਹਿਲਾ ਦਿੱਤਾ। ਦੁਨੀਆ ਦੇ ਲਗਪਗ 20 ਫ਼ੀਸਦੀ ਤੇਲ ਅਤੇ ਵੱਡੀ ਮਾਤਰਾ ਵਿੱਚ ਕੁਦਰਤੀ ਗੈਸ ਜਿਸ ਉੱਪਰ ਜ਼ਿਆਦਾਤਰ ਸਨਅਤ ਨਿਰਭਰ ਹੈ, ਦੀ ਆਵਾਜਾਈ ਇਸ ਰਸਤੇ ਰਾਹੀਂ ਹੁੰਦੀ ਹੈ। ਜਿਵੇਂ ਹੀ ਤੇਲ ਦੀਆਂ ਕੀਮਤਾਂ ਉੱਪਰ ਚੜ੍ਹੀਆਂ, ਸੰਸਾਰ ਪੱਧਰ 'ਤੇ ਮਹਿੰਗਾਈ ਅਤੇ ਆਰਥਿਕ ਅਸਥਿਰਤਾ ਦੀਆਂ ਚਿੰਤਾਵਾਂ ਵਧ ਗਈਆਂ। ਇਸ ਹਾਲਤ ਵਿੱਚ ਨਿਵੇਸ਼ਕਾਂ ਨੇ ਅਸਥਾਈ ਤੌਰ 'ਤੇ ਡਾਲਰ ਅਤੇ ਅਮਰੀਕੀ ਬਾਡਾਂ ਵੱਲ ਰੁਖ਼ ਕੀਤਾ, ਜਿਸ ਨਾਲ ਡਾਲਰ ਵਿੱਚ ਕੁਝ ਸਮੇਂ ਲਈ ਮਜ਼ਬੂਤੀ ਆਈ। ਪਰ ਕੁਝ ਸਮਾਂ ਜੰਗਬੰਦੀ ਹੋਣ ਤੋਂ ਬਾਅਦ ਹੀ, ਅਮਰੀਕੀ ਮੰਡੀ ਵਿੱਚੋਂ ਵੱਖ-ਵੱਖ ਦੇਸ਼ਾਂ ਨੇ ਆਪਣੇ ਬਾਂਡ ਵੇਚਣੇ ਵੀ ਸ਼ੁਰੂ ਕਰ ਦਿੱਤੇ। ਇਹ ਅਸਲ ਵਿੱਚ ਅਮਰੀਕੀ ਅਰਥਚਾਰੇ ਅਤੇ ਡਾਲਰ ਦੀ ਭਰੋਸੇਯੋਗਤਾ ਘਟਣ ਦੇ ਸੰਕੇਤ ਹਨ।

ਇਹ ਮਸਲਾ ਸਿਰਫ਼ ਸਮੁੰਦਰੀ ਆਵਾਜਾਈ ਜਾਂ ਜੰਗੀ ਰਣਨੀਤੀ ਤੱਕ ਸੀਮਿਤ ਨਹੀਂ ਸੀ। ਇਸਦਾ ਸਿੱਧਾ ਸਬੰਧ ਡਾਲਰ-ਆਧਾਰਿਤ ਤੇਲ ਵਪਾਰ ਪ੍ਰਣਾਲੀ ਨਾਲ ਸੀ। ਦਹਾਕਿਆਂ ਤੋਂ ਸੰਸਾਰ ਦੇ ਜ਼ਿਆਦਾਤਰ ਤੇਲ ਦਾ ਵਪਾਰ ਅਮਰੀਕੀ ਡਾਲਰ ਵਿੱਚ ਹੁੰਦਾ ਆ ਰਿਹਾ ਹੈ। ਇਸ ਪ੍ਰਣਾਲੀ ਨੇ ਡਾਲਰ ਨੂੰ ਸੰਸਾਰ ਵਿੱਤੀ ਪ੍ਰਣਾਲੀ ਦੀ ਮੁੱਖ ਮੁਦਰਾ ਬਣਾਈ ਰੱਖਿਆ। ਪਰ ਇਰਾਨ ਵੱਲੋਂ ਸੰਸਾਰ ਦੇ ਸਭ ਤੋਂ ਮਹੱਤਵਪੂਰਨ ਲਾਂਘੇ ਵਿੱਚੋਂ ਲੰਘਣ ਲਈ ਚੀਨ ਦੀ ਮੁਦਰਾ ਯੂਆਨ ਵਿੱਚ ਭੁਗਤਾਨ ਜਾਂ ਯੂਆਨ-ਆਧਾਰਿਤ ਤੇਲ ਵਪਾਰ ਦੀ ਸ਼ਰਤ ਪੈਟਰੋਡਾਲਰ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ ਹੈ।

ਕਈ ਰਿਪੋਰਟਾਂ ਅਨੁਸਾਰ ਇਰਾਨ ਨੇ ਕੁਝ ਜਹਾਜ਼ਾਂ ਤੋਂ ਰਸਤਾ ਵਰਤਣ ਬਦਲੇ ਯੂਆਨ ਦੇ ਰੂਪ ਵਿੱਚ ਚੁੰਗੀ-ਕਰ ਵੀ ਮੰਗਿਆ। ਚੀਨੀ ਜਹਾਜ਼ਾਂ ਨੂੰ ਖ਼ਾਸ ਰਿਆਇਤਾਂ ਦਿੱਤੀਆਂ ਗਈਆਂ। ਭਾਵੇਂ ਇਹ ਸਭ ਬਹੁਤ ਹੀ ਸੀਮਿਤ ਪੱਧਰ ਉੱਪਰ ਹੋ ਰਿਹਾ ਹੈ ਪਰ ਇਸ ਨੇ ਪਹਿਲੀ ਵਾਰ, ਡਾਲਰ ਤੋਂ ਬਿਨਾਂ ਕਿਸੇ ਹੋਰ ਮੁਦਰਾ ਅਤੇ ਉਹ ਵੀ ਸਾਮਰਾਜੀ ਚੀਨ ਦੀ ਮੁਦਰਾ ਵਿੱਚ ਤੇਲ ਦੇ ਵਪਾਰ ਦਾ ਇੱਕ ਰਾਹ ਖੋਲ੍ਹਿਆ ਹੈ ਜੋ ਨਿਸ਼ਚਿਤ ਤੌਰ 'ਤੇ ਅਮਰੀਕਾ ਲਈ ਕੋਈ ਚੰਗੀ ਖ਼ਬਰ ਨਹੀਂ ਹੈ।

ਫ਼ੌਜੀ ਸਰਦਾਰੀ ਤੋਂ ਬਿਨਾਂ ਅਮਰੀਕਾ ਦੀ ਸੰਸਾਰ ਚੌਧਰ ਵੀ ਖ਼ਤਰੇ ਵਿੱਚ ਆ ਸਕਦੀ ਹੈ। ਅਮਰੀਕੀ ਵਿੱਤ ਸਰਮਾਏ ਦਾ ਦੂਜਾ ਅਖੌਤੀ ਉਦਾਰਵਾਦੀ ਹਿੱਸਾ ਮਜ਼ਬੂਤ ਡਾਲਰ, ਫ਼ੌਜੀ ਖ਼ਰਚ ਅਤੇ ਜੰਗਾਂ ਲਾਉਣ ਅਤੇ ਅਰਥਚਾਰੇ ਦੇ ਵਿੱਤੀਕਰਨ ਦੇ ਹੱਕ ਵਿੱਚ ਹੈ। ਇਸੇ ਵਿਰੋਧਤਾਈ ਦਾ ਪ੍ਰਗਟਾਵਾ ਟਰੰਪ ਦੇ ਫ਼ੈਸਲਿਆਂ ਵਿੱਚ ਵੀ ਹੁੰਦਾ ਹੈ। ਅਮਰੀਕੀ ਹਾਕਮਾਂ ਨੂੰ ਇਸ ਉਲਝਣ ਵਿੱਚੋਂ ਨਿਕਲਣ ਦਾ ਰਾਹ ਲੱਭਣਾ ਔਖਾ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸਮੱਸਿਆਵਾਂ ਨੂੰ ਲੈ ਕੇ ਅਮਰੀਕਾ ਦੇ ਅੰਦਰ ਵੀ ਖਿੱਚੋਤਾਣ ਵਧੇਗੀ ਅਤੇ ਇਸਦਾ ਰੂਸ-ਚੀਨ ਧੁਰੀ ਨਾਲ ਅੰਤਰ ਸਾਮਰਾਜੀ ਖਹਿਭੇੜ ਹੋਰ ਵਧੇਰੇ ਤਿੱਖੇ ਹੋਣ ਦੀ ਸੰਭਾਵਨਾ ਹੈ। ਇਹ ਸੰਸਾਰ ਸਰਮਾਏਦਾਰੀ ਪ੍ਰਬੰਧ ਨੂੰ ਹੋਰ ਵਧੇਰੇ ਅਸਥਿਰਤਾ ਵੱਲ ਲੈ ਕੇ ਜਾਵੇਗਾ, ਪਰ ਇਸ ਨਾਲ ਨਾ ਤਾਂ ਸਾਮਰਾਜ ਅਤੇ ਨਾ ਸਾਮਰਾਜੀ ਲੁੱਟ ਖ਼ਤਮ ਹੋਣੀ ਹੈ। ਜਿਵੇਂ ਪਿਛਲੀ ਸਦੀ ਵਿੱਚ ਅਮਰੀਕੀ ਡਾਲਰ ਨੇ ਬਰਤਾਨਵੀ ਪੌਂਡ ਦਾ ਦਬਦਬਾ ਖ਼ਤਮ ਕੀਤਾ, ਪਰ ਇਸ ਨਾਲ ਸਾਮਰਾਜੀ ਲੁੱਟ ਖ਼ਤਮ ਹੋਈ ਨਹੀਂ, ਉਸੇ ਤਰ੍ਹਾਂ ਸਾਮਰਾਜੀ ਲੁੱਟ ਅਮਰੀਕੀ ਡਾਲਰ ਬਗੈਰ ਵਾਲੇ ਪ੍ਰਬੰਧ ਵਿੱਚ ਵੀ ਜਾਰੀ ਰਹਿਣੀ ਹੈ ਭਾਵੇਂ ਡਾਲਰ ਦੀ ਥਾਂ ਚੀਨੀ ਮੁਦਰਾ ਲਵੇ ਜਾਂ ਕੋਈ ਹੋਰਾਂ ਮੁਦਰਾਵਾਂ ਦਾ ਜੁੱਟ।

ਨੇੜ ਭਵਿੱਖ ਵਿੱਚ ਇਸ ਵਿਰੋਧਤਾਈ ਦਾ ਪ੍ਰਗਟਾਵਾ ਹੋਰ ਵਧੇਰੇ ਜੰਗਾਂ ਦੇ ਰੂਪ ਵਿੱਚ ਹੋਵੇਗਾ ਜਿਨ੍ਹਾਂ ਵਿੱਚ ਸਭ ਤੋਂ ਵੱਧ ਨੁਕਸਾਨ ਲਾਜ਼ਮੀ ਤੌਰ 'ਤੇ ਕਿਰਤੀ ਲੋਕਾਂ ਦਾ ਹੀ ਹੋਣਾ ਹੈ। ਇਸ ਲਈ ਕਿਸੇ ਇੱਕ ਦੇ ਜਾਣ 'ਤੇ ਦੂਜੇ ਸਾਮਰਾਜੀ ਧੜੇ ਤੋਂ ਮਨੁੱਖਤਾ ਦੇ ਭਲੇ ਦੀ ਝੂਠੀ ਆਸ ਲਾਉਣ ਨਾਲੋਂ ਕੁੱਲ ਸੰਸਾਰ ਵਿੱਚੋਂ ਇਸ ਲੋਟੂ ਸਾਮਰਾਜੀ ਪ੍ਰਬੰਧ ਦਾ ਖ਼ਾਤਮਾ ਕਰਨਾ ਕਿਰਤੀ ਲੋਕਾਂ ਸਾਹਮਣੇ ਦਰਪੇਸ਼ ਕਾਰਜ ਅਤੇ ਚੁਣੌਤੀ ਹੈ।

# ਪੰਜਾਬ ਦਾ ਕਰਜ਼ਾ ਅਤੇ ਸਬਸਿਡੀਆਂ

ਡਾ. ਕੇਸਰ ਸਿੰਘ ਭੰਗੂ




ਪੰਜਾਬ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਵਿੱਤੀ ਪ੍ਰਬੰਧਨ ਦੀਆਂ ਖਾਮੀਆਂ ਅਤੇ ਲਗਾਤਾਰ ਅਣਚਾਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਜੂਨ 2026 ਵਿੱਚ ਭਾਰਤ ਦੇ ਕੰਪਟਰੋਲਰ ਐਂਡ ਆਡਿਟਰ ਜਨਰਲ (ਕੈਗ) ਵੱਲੋਂ ਜਾਰੀ ਕੀਤੇ ਗਏ 28 ਸੂਬਿਆਂ ਦੇ ਵਿੱਤ ਸਬੰਧੀ ਸੂਬਿਆਂ ਦੇ 2024-25 ਦੇ ਬਜਟਾਂ ਦੇ ਅਧਿਐਨ ਅਨੁਸਾਰ ਦੇਸ਼ ਦੇ ਸਾਰੇ ਸੂਬੇ ਵਿੱਤੀ ਘਾਟੇ ਵਿੱਚ ਹਨ ਪਰ ਪੰਜਾਬ, ਦੇਸ਼ ਦੇ ਉਨ੍ਹਾਂ 18 ਸੂਬਿਆਂ ਵਿੱਚ ਸ਼ਾਮਲ ਹੈ ਜਿਹੜੇ ਵਿੱਤੀ ਪ੍ਰਬੰਧਨ ਅਤੇ ਵੱਡੇ ਮਾਲੀਆ ਘਾਟੇ ਸਬੰਧੀ ਮੁਸ਼ਕਿਲਾਂ ਵਿੱਚ ਫਸੇ ਹੋਏ ਹਨ। ਕੈਗ ਦੀ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੇ ਇਹ ਸਾਰੇ ਸੂਬੇ ਵੋਟਰਾਂ ਨੂੰ ਭਰਮਾਉਣ ਲਈ ਖ਼ਾਸ ਕਰਕੇ ਚੋਣਾਂ ਨੇੜਲੇ ਸਾਲਾਂ ਦੌਰਾਨ ਮੁਫ਼ਤ ਸਹੂਲਤਾਂ, ਬਗ਼ੈਰ ਵਿਕਾਸ ਯੋਜਨਾਵਾਂ ਤੋਂ ਰੈਲੀਆਂ ਵਿੱਚ ਵਿਕਾਸ ਕਾਰਜਾਂ ਦੇ ਨਾਮ 'ਤੇ ਚੈੱਕ ਵੰਡਣੇ, ਲੋਕ ਲੁਭਾਊ ਸਕੀਮਾਂ ਅਤੇ ਥੋਕ ਵਿੱਚ ਸਬਸਿਡੀਆਂ ਲਾਗੂ ਕਰਨ ਕਰਕੇ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਨਾਲ ਹੀ ਮਾਰਚ 2026 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਗਈਆਂ ਪੰਜਾਬ ਸੰਬੰਧੀ ਕੈਗ ਦੀਆਂ ਵਿੱਤੀ ਆਡਿਟ ਰਿਪੋਰਟਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਤੀ ਹਾਲਤ ਦੇ ਹਿਸਾਬ ਨਾਲ ਦੇਸ਼ ਦੇ ਸਭ ਤੋਂ ਵੱਧ ਖ਼ਰਾਬ ਹਾਲਤ ਵਾਲੇ ਸੂਬਿਆਂ 'ਚ ਸ਼ਾਮਲ ਹੈ। ਸੂਬੇ ਦਾ ਲਗਾਤਾਰ ਵਧਦਾ ਕਰਜ਼ਾ, ਲਗਾਤਾਰ ਵਧਦਾ ਮਾਲੀਆ ਘਾਟਾ, ਵੱਡੀ ਮਾਤਰਾ ਵਿੱਚ ਵਿਆਜ ਅਤੇ ਮੂਲ ਦਾ ਭੁਗਤਾਨ ਅਤੇ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਵਿਕਾਸ ਲਈ ਉਪਲਬਧ ਵਿੱਤੀ ਸਰੋਤਾਂ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ।

ਕੈਗ ਦੀ 2023-24 ਦੀ ਵਿੱਤੀ ਰਿਪੋਰਟ ਅਨੁਸਾਰ ਪੰਜਾਬ ਦਾ ਮਾਲੀਆ ਘਾਟਾ ਜਿਹੜਾ 2019-20 ਵਿੱਚ 14,285 ਕਰੋੜ ਰੁਪਏ ਸੀ, ਵਧ ਕੇ 2023-24 ਵਿੱਚ 28,215 ਕਰੋੜ ਰੁਪਏ ਹੋ ਗਿਆ। ਇਹ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 3.79 ਪ੍ਰਤੀਸ਼ਤ ਬਣਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਪੰਜਾਬ ਨੂੰ ਆਪਣੀਆਂ ਦਿਨ-ਪ੍ਰਤੀ-ਦਿਨ ਦੀਆਂ ਲੋੜਾਂ ਅਤੇ ਆਮ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਰਜ਼ਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਸੂਬੇ ਦਾ ਵਿੱਤੀ ਘਾਟਾ ਜਿਹੜਾ 2023-24 ਵਿੱਚ 33,115 ਕਰੋੜ ਰੁਪਏ ਭਾਵ ਕੁੱਲ ਘਰੇਲੂ ਉਤਪਾਦ ਦੇ 4.45 ਫ਼ੀਸਦੀ ਤੱਕ ਪਹੁੰਚ ਗਿਆ ਸੀ। ਜਦੋਂ ਕਿ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 ਦੇ ਮਾਪਦੰਡਾਂ ਅਨੁਸਾਰ ਵਿੱਤੀ ਘਾਟਾ ਆਮ ਤੌਰ 'ਤੇ 3 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਕੈਗ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਦੀਆਂ ਕੁੱਲ ਦੇਣਦਾਰੀਆਂ ਕੁੱਲ ਘਰੇਲੂ ਉਤਪਾਦ ਦੇ 44.27 ਫ਼ੀਸਦੀ ਤੱਕ ਪਹੁੰਚ ਗਈਆਂ ਹਨ। ਰਿਪੋਰਟ ਅਨੁਸਾਰ 2023-24 ਵਿੱਚ ਸੂਬੇ ਦਾ ਕੁੱਲ ਕਰਜ਼ਾ ਅਤੇ ਹੋਰ ਦੇਣਦਾਰੀਆਂ ਲਗਪਗ 3.46 ਲੱਖ ਕਰੋੜ ਰੁਪਏ ਸਨ। ਜਿਹੜਾ ਕਿ ਹੁਣ ਵਧ ਕੇ 4 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ।

2024-25 ਦੇ ਬਜਟ ਵਿੱਚ ਪੰਜਾਬ ਸਰਕਾਰ ਨੇ ਮਾਲੀਆ ਘਾਟਾ 23,198 ਕਰੋੜ ਰੁਪਏ ਅਤੇ ਵਿੱਤੀ ਘਾਟਾ 30,465 ਕਰੋੜ ਰੁਪਏ ਰੱਖਣ ਦਾ ਟੀਚਾ ਨਿਰਧਾਰਿਤ ਕੀਤਾ ਸੀ। ਇਹ ਕ੍ਰਮਵਾਰ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 2.89 ਫ਼ੀਸਦੀ ਅਤੇ 3.8 ਫ਼ੀਸਦੀ ਦੇ ਬਰਾਬਰ ਸੀ। ਪਰ ਸਰਕਾਰ ਦਾ ਦਾਅਵਾ ਸੀ ਕਿ ਕਰ ਇਕੱਤਰਤਾ ਵਿੱਚ ਵਾਧਾ, ਆਬਕਾਰੀ ਆਮਦਨ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਦੀ ਗਤੀ ਨਾਲ ਵਿੱਤੀ ਹਾਲਤ ਸੁਧਰੇਗੀ। ਪਰ ਕੈਗ ਦੇ ਅੰਕੜੇ ਦੱਸਦੇ ਹਨ ਕਿ ਖਰਚੇ ਆਮਦਨ ਨਾਲੋਂ ਕਾਫ਼ੀ ਤੇਜ਼ੀ ਨਾਲ ਵਧ ਰਹੇ ਹਨ। 2023-24 ਵਿੱਚ ਸੂਬੇ ਦੀ ਕੁੱਲ ਮਾਲੀਆ ਪ੍ਰਾਪਤੀਆਂ 89,192 ਕਰੋੜ ਰੁਪਏ ਸਨ, ਜਦਕਿ ਮਾਲੀਆ ਖਰਚਾ 1,17,407 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਇਹ ਸਥਿਤੀ ਸਪੱਸ਼ਟ ਦਰਸਾਉਂਦੀ ਹੈ ਕਿ ਬਜਟ ਵਿੱਚ ਕੀਤੇ ਦਾਅਵੇ ਵਿੱਤੀ ਸੁਧਾਰਾਂ ਦੇ ਟੀਚੇ ਅਸਲੀਅਤ ਵਿੱਚ ਪ੍ਰਾਪਤ ਕਰਨੇ ਬਹੁਤ ਮੁਸ਼ਕਲ ਸਨ। ਕੈਗ ਦੀ ਸੂਬੇ ਦੇ ਵਿੱਤ ਸਬੰਧੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ ਜਿੱਥੇ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉਤੇ ਸਭ ਤੋਂ ਵੱਧ ਖਰਚ ਹੁੰਦਾ ਹੈ। 2024-25 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ 13.5 ਪ੍ਰਤੀਸ਼ਤ ਤੋਂ ਵੱਧ ਹਿੱਸਾ ਸਬਸਿਡੀਆਂ 'ਤੇ ਖਰਚ ਕੀਤਾ। 2023-24 ਵਿੱਚ ਇਕੱਲੀ ਬਿਜਲੀ ਸਬਸਿਡੀ 'ਤੇ ਹੀ ਲਗਪਗ 18,770 ਕਰੋੜ ਰੁਪਏ ਖਰਚ ਹੋਏ। ਇਹ ਰਕਮ ਸੂਬੇ ਦੇ ਪੂੰਜੀਗਤ ਨਿਵੇਸ਼ ਨਾਲੋਂ ਕਈ ਗੁਣਾ ਵੱਧ ਸੀ। ਖੇਤੀਬਾੜੀ ਲਈ ਮੁਫ਼ਤ ਬਿਜਲੀ ਅਤੇ ਹੋਰ ਲੋਕ ਲੁਭਾਊ ਮੁਫ਼ਤ ਯੋਜਨਾਵਾਂ ਰਾਜਨੀਤਕ, ਖ਼ਾਸ ਕਰ ਕੇ ਵੋਟਾਂ ਬਟੋਰਨ ਲਈ ਤਾਂ ਲਾਭਕਾਰੀ ਹੋ ਸਕਦੀਆਂ ਹਨ, ਪਰ ਲੰਮੇ ਸਮੇਂ ਵਿੱਚ ਇਹ ਸੂਬੇ ਦੀ ਵਿੱਤੀ ਸਥਿਰਤਾ ਲਈ ਚੁਣੌਤੀ ਬਣ ਰਹੀਆਂ ਹਨ।

ਇਹ ਪਹਿਲੂ ਹੈ ਕਿ ਹਰ ਪੰਜਾਬੀ ਸਿਰ, ਭਾਵ ਪ੍ਰਤੀ ਵਿਅਕਤੀ, ਕਰਜ਼ੇ ਦਾ ਭਾਰ 2011-12 ਵਿੱਚ 30,000 ਰੁਪਏ ਸੀ। ਜਿਹੜਾ 2021-22 ਵਿੱਚ ਵਧ ਕੇ 94,000 ਰੁਪਏ ਹੋ ਗਿਆ ਸੀ, ਅਤੇ 2025-26 ਵਿੱਚ, 1,33,000 ਰੁਪਏ ਤੱਕ ਅੱਪੜ ਗਿਆ ਸੀ। ਹੁਣ ਇਹ ਵੀ ਅੰਦਾਜ਼ੇ ਹਨ ਮਾਰਚ 2027 ਤੱਕ ਹਰ ਪੰਜਾਬੀ ਸਿਰ ਕਰਜ਼ਾ ਵਧ ਕੇ 1,42,000 ਰੁਪਏ ਹੋ ਜਾਵੇਗਾ। ਜੇਕਰ ਕਰਜ਼ਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਭਵਿੱਖ ਵਿੱਚ ਵਿਆਜ ਅਤੇ ਮੂਲ ਭੁਗਤਾਨ ਸੂਬੇ ਦੀ ਵਿੱਤੀ ਸਥਿਤੀ ਨੂੰ ਹੋਰ ਗੰਭੀਰ ਬਣਾ ਸਕਦੇ ਹਨ। ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਿਰਫ਼ ਕਰਜ਼ੇ ਲੈ ਕੇ ਖਰਚੇ ਚਲਾਉਣ ਦੀ ਨੀਤੀ ਲੰਮੇ ਸਮੇਂ ਤੱਕ ਨਹੀਂ ਚੱਲ ਸਕਦੀ ਕਿਉਂਕਿ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਪੰਜਾਬ ਦੇ ਵਿੱਤੀ ਹਾਲਾਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀਆਂ ਚਾਹੀਦੀਆਂ ਹਨ ਅਤੇ ਇਹ ਬਹੁਤ ਜ਼ਰੂਰੀ ਵੀ ਹਨ। ਮੁਫ਼ਤ ਸਹੂਲਤਾਂ, ਸਬਸਿਡੀਆਂ ਖ਼ਾਸ ਕਰਕੇ ਬਿਜਲੀ ਸਬਸਿਡੀ ਨੂੰ ਕੇਵਲ ਲੋੜਵੰਦਾਂ ਨੂੰ ਹੀ ਦੇ ਕੇ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਵਸਤਾਂ ਅਤੇ ਸੇਵਾਵਾਂ ਟੈਕਸ ਸਬੰਧੀ ਸੂਬੇ ਵੱਲੋਂ ਹੋਰ ਕਰਾਂ ਦੀ ਵਸੂਲੀ ਵਿੱਚ ਚੋਰ ਮੋਰੀਆਂ ਨੂੰ ਬੰਦ ਕਰਕੇ ਕਰਾਂ ਦੀ ਵਸੂਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਸੂਬੇ ਦੇ ਬਜਟ ਵਿੱਚ ਪੂੰਜੀਗਤ ਨਿਵੇਸ਼ ਦਾ ਹਿੱਸਾ ਕਾਫ਼ੀ ਵਧਾਉਣਾ ਚਾਹੀਦਾ ਹੈ ਤਾਂ ਜੋ ਲੋੜੀਂਦਾ ਰੁਜ਼ਗਾਰ ਅਤੇ ਮੁੱਢਲੇ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ।

***ਸਾਬਕਾ ਪ੍ਰੋਫੈਸਰ ਅਤੇ ਡੀਨ ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਬਦਲਾਅ ਦੀ ਸਿਆਸਤ ਤੇ ਨੌਜਵਾਨ ਵੋਟਰ

ਜਗਰੂਪ ਸਿੰਘ ਸੇਖੋਂ

ਅੱਜ ਦੇ ਦੌਰ ਵਿੱਚ ਨੌਜਵਾਨਾਂ (18-34 ਸਾਲ) ਦੀ ਹਮਾਇਤ ਤੋਂ ਬਿਨਾਂ ਕੋਈ ਵੀ ਸਿਆਸੀ ਪਾਰਟੀ ਸਰਕਾਰ ਬਣਾਉਣ ਦਾ ਸੁਫ਼ਨਾ ਨਹੀਂ ਦੇਖ ਸਕਦੀ। ਇਸੇ ਲਈ ਹਰ ਪਾਰਟੀ ਨੌਜਵਾਨ ਵਰਗ ਨੂੰ ਆਪਣੀ ਸਿਆਸਤ ਦੇ ਕੇਂਦਰ ਵਿੱਚ ਰੱਖਦੀ ਨਜ਼ਰ ਆਉਂਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਵੋਟਰਾਂ ਦਾ ਇੱਕ ਬਹੁਤ ਵੱਡਾ ਹਿੱਸਾ ਨੌਜਵਾਨ ਹਨ। ਦੂਜਾ, ਅਜੋਕੇ ਸਮੇਂ ਵਿੱਚ ਨੌਜਵਾਨ ਕਿਸੇ ਵੀ ਸਿਆਸੀ ਧਿਰ ਨਾਲ ਵਿਚਾਰਧਾਰਕ ਪੱਖੋਂ ਪੱਕੇ ਤੌਰ 'ਤੇ ਨਹੀਂ ਜੁੜੇ ਹੋਏ। ਇਹ ਵਰਗ ਰਾਜਨੀਤਕ ਤੌਰ 'ਤੇ ਬੇਸਬਰਾ ਹੈ ਅਤੇ ਆਪਣੀਆਂ ਮੰਗਾਂ ਤੇ ਆਸਾਂ ਦੀ ਪੂਰਤੀ ਲਈ ਹਮੇਸ਼ਾ ਤਬਦੀਲੀ ਲਈ ਤਿਆਰ ਰਹਿੰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਹੁਣੇ ਹੀ ਉੱਭਰੀ ਕਾਕਰੋਚ ਜਨਤਾ ਪਾਰਟੀ ਨੂੰ ਮਿਲੀ ਨੌਜਵਾਨ ਵਰਗ ਦੀ ਵੱਡੀ ਹਮਾਇਤ ਤੋਂ ਦੇਖੀ ਜਾ ਸਕਦੀ ਹੈ।

ਨੌਜਵਾਨ ਅਕਸਰ ਉਮੀਦਾਂ 'ਤੇ ਖ਼ਰੀਆਂ ਨਾ ਉਤਰਨ ਵਾਲੀਆਂ ਸਰਕਾਰਾਂ ਤੋਂ ਮੂੰਹ ਮੋੜ ਕੇ ਨਵੀਆਂ ਉੱਭਰ ਰਹੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੇ ਵਾਅਦਿਆਂ 'ਤੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਦੇ ਹੱਕ ਵਿੱਚ ਭੁਗਤਦੇ ਹਨ। ਇਸੇ ਤਰ੍ਹਾਂ ਦਾ ਵਰਤਾਰਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਭਾਰਤੀ ਜਨਤਾ ਪਾਰਟੀ ਨੇ ਨੌਜਵਾਨਾਂ ਨੂੰ ਚੰਗੇ ਦਿਨਾਂ ਦੀ ਆਸ ਤੇ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੇ ਵਾਅਦੇ ਨਾਲ ਆਪਣੇ ਵੱਲ ਖਿੱਚਿਆ ਅਤੇ ਦੇਸ਼ ਵਿੱਚ ਸੱਤਾ ਹਾਸਲ ਕੀਤੀ। ਇਸ ਦੀ ਇੱਕ ਝਲਕ ਪੰਜਾਬ ਵਿੱਚ ਵੀ ਦੇਖਣ ਨੂੰ ਮਿਲੀ, ਜਿੱਥੇ ਵੱਡੀ ਗਿਣਤੀ 'ਚ ਨੌਜਵਾਨ ਵੋਟਰਾਂ ਨੇ ਨਵੀਂ ਬਣੀ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਨੂੰ ਕੁੱਲ ਪਈਆਂ ਵੋਟਾਂ ਦੇ ਤਕਰੀਬਨ 25 ਫ਼ੀਸਦੀ ਹਿੱਸੇ ਨਾਲ ਜਿਤਾ ਕੇ ਸੰਸਦ ਭੇਜਿਆ। ਉਸ ਵੇਲੇ ਇਸ ਪਾਰਟੀ ਨੇ 33 ਵਿਧਾਨ ਸਭਾ ਹਲਕਿਆਂ ਵਿੱਚ ਪਹਿਲਾ ਅਤੇ 25 ਵਿਧਾਨ ਸਭਾ ਹਲਕਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਦੇਸ਼ ਦੇ ਨੌਜਵਾਨ ਵੋਟਰਾਂ ਵਿੱਚ 1996 ਦੀਆਂ ਚੋਣਾਂ ਤੋਂ ਬਾਅਦ ਸਾਰੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਪਾੜੇ ਛੱਡ ਕੇ ਵੋਟ ਪਾਉਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ।




ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਦੇਖਣ ਵਿੱਚ ਆਇਆ ਹੈ ਕਿ ਅੱਤਵਾਦ ਦੇ ਦੌਰ ਤੋਂ ਬਾਅਦ 1992 ਤੋਂ ਲੈ ਕੇ ਹੁਣ ਤੱਕ ਹੋਈਆਂ ਸਾਰੀਆਂ ਚੋਣਾਂ ਵਿੱਚ ਹਰ ਸਿਆਸੀ ਪਾਰਟੀ ਨੇ ਨੌਜਵਾਨਾਂ ਦੇ ਸੁਨਹਿਰੀ ਭਵਿੱਖ, ਰੁਜ਼ਗਾਰ ਅਤੇ ਆਰਥਿਕ ਹਾਲਾਤ ਸੁਧਾਰਨ ਦੇ ਵੱਡੇ-ਵੱਡੇ ਵਾਅਦੇ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਕੀਤੇ, ਪਰ ਸਰਕਾਰਾਂ ਬਣਨ ਤੋਂ ਬਾਅਦ ਇਸ ਵਰਗ ਨੂੰ ਹਮੇਸ਼ਾ ਵਿਸਾਰ ਦਿੱਤਾ ਗਿਆ। ਸਿਆਸੀ ਪਾਰਟੀਆਂ ਨੇ ਆਪਣੇ ਨੌਜਵਾਨ ਵਿੰਗ ਜ਼ਰੂਰ ਬਣਾਏ, ਪਰ ਯੋਗ ਤੇ ਆਮ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਬਜਾਏ ਮੰਤਰੀਆਂ, ਮੁੱਖ ਮੰਤਰੀਆਂ, ਵਿਧਾਇਕਾਂ ਦੇ ਪਰਿਵਾਰਾਂ ਜਾਂ ਰਸੂਖਵਾਨਾਂ ਦੇ ਬੱਚਿਆਂ ਨੂੰ ਅਹੁਦੇਦਾਰ ਬਣਾ ਕੇ ਮਹਿਜ਼ ਖਾਨਾਪੂਰਤੀ ਕੀਤੀ ਜਾਂਦੀ ਰਹੀ। ਇਹ ਵੀ ਦੇਖਿਆ ਗਿਆ ਹੈ ਕਿ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਵੱਡੀ ਗਿਣਤੀ ਨੌਜਵਾਨਾਂ ਨੂੰ ਕੁਰਾਹੇ ਪਾਇਆ, ਜਿਸ ਦਾ ਸੰਤਾਪ ਅੱਜ ਉਹ ਖ਼ੁਦ, ਉਨ੍ਹਾਂ ਦੇ ਮਾਪੇ ਅਤੇ ਪੂਰਾ ਪੰਜਾਬੀ ਸਮਾਜ ਭੋਗ ਰਿਹਾ ਹੈ। ਇਸੇ ਨਕਾਰਾਤਮਕ ਵਰਤਾਰੇ ਕਾਰਨ 2014 ਅਤੇ ਉਸ ਤੋਂ ਬਾਅਦ ਦੀਆਂ ਚੋਣਾਂ ਵਿੱਚ ਨੌਜਵਾਨ ਵਰਗ ਦਾ ਮੋਹ ਰਵਾਇਤੀ ਪਾਰਟੀਆਂ ਤੋਂ ਭੰਗ ਹੋਣ ਲੱਗਿਆ। ਸਾਲ 2022 ਦੀਆਂ ਚੋਣਾਂ ਵਿੱਚ ਇਹ ਰੁਝਾਨ ਸਿਖਰ 'ਤੇ ਪਹੁੰਚ ਗਿਆ।

ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਨੌਜਵਾਨ ਵਰਗ ਦੀ ਅਥਾਹ ਹਮਾਇਤ ਸਦਕਾ 117 ਵਿੱਚੋਂ 92 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚਿਆ। ਇਸ ਤੋਂ ਪਹਿਲਾਂ ਕਾਂਗਰਸ ਨੇ 1992 ਵਿੱਚ (ਬਾਈਕਾਟ ਵਾਲੀਆਂ ਚੋਣਾਂ ਦੌਰਾਨ) 87 ਸੀਟਾਂ ਜਿੱਤੀਆਂ ਸਨ। ਇਤਿਹਾਸ ਗਵਾਹ ਹੈ ਕਿ ਨੌਜਵਾਨ ਵੋਟਰ ਹਮੇਸ਼ਾ ਹੀ ਦੂਜੇ ਵਰਗਾਂ ਦੇ ਮੁਕਾਬਲੇ ਸਿਆਸੀ ਤਬਦੀਲੀ ਦੇ ਹੱਕ ਵਿੱਚ ਵਧੇਰੇ ਭੁਗਤਦੇ ਹਨ। ਪੰਜਾਬ ਵਿੱਚ ਇਸ ਬਦਲਾਅ ਦਾ ਆਗਾਜ਼ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹੀ ਹੋ ਗਿਆ ਸੀ, ਪਰ ਮਜ਼ਬੂਤ ਜਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਅੰਦਰੂਨੀ ਕਲੇਸ਼ ਕਾਰਨ 'ਆਪ' ਨੂੰ 2017 ਦੀਆਂ ਵਿਧਾਨ ਸਭਾ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਸ ਮੁਤਾਬਿਕ ਸਫ਼ਲਤਾ ਨਹੀਂ ਮਿਲੀ। 2017 ਵਿੱਚ ਇਹ ਸਿਰਫ਼ 20 ਸੀਟਾਂ 'ਤੇ ਸਿਮਟ ਗਈ ਅਤੇ ਬਾਅਦ ਵਿੱਚ ਇਸ ਦੇ ਤਕਰੀਬਨ ਅੱਧੇ ਵਿਧਾਇਕ ਦੂਜੀਆਂ ਪਾਰਟੀਆਂ ਵਿੱਚ ਸ਼ਾਮਿਲ ਹੋ ਗਏ। 2019 ਵਿੱਚ ਇਹ ਸਿਰਫ਼ ਸੰਗਰੂਰ ਦੀ ਲੋਕ ਸਭਾ ਸੀਟ ਹੀ ਜਿੱਤ ਸਕੀ ਅਤੇ ਉੱਥੇ ਵੀ ਜਿੱਤ ਦਾ ਫ਼ਰਕ 2014 ਦੇ ਮੁਕਾਬਲੇ ਬਹੁਤ ਘੱਟ ਸੀ। ਸਭ ਤੋਂ ਵੱਧ ਹੈਰਾਨੀਜਨਕ ਨਤੀਜਾ ਜੂਨ 2022 ਦੀ ਸੰਗਰੂਰ ਜ਼ਿਮਨੀ ਚੋਣ ਵਿੱਚ ਸਾਹਮਣੇ ਆਇਆ, ਜਿੱਥੇ ਪੰਜਾਬ ਵਿੱਚ ਵੱਡੇ ਬਹੁਮਤ ਵਾਲੀ ਸਰਕਾਰ ਹੋਣ ਦੇ ਬਾਵਜੂਦ ਸੱਤਾਧਾਰੀ ਪਾਰਟੀ ਇਹ ਸੀਟ ਹਾਰ ਗਈ।

ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ 20 ਸੀਟਾਂ 'ਤੇ ਹੋਈ ਜਿੱਤ ਵਿੱਚ ਨੌਜਵਾਨ ਵਰਗ ਦਾ ਵੱਡਾ ਹੱਥ ਸੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਨੂੰ 18-25 ਸਾਲ ਦੇ ਕੁੱਲ ਵੋਟਰਾਂ ਦੀਆਂ 31 ਫ਼ੀਸਦੀ ਵੋਟਾਂ ਪਈਆਂ ਜਦੋਂਕਿ ਕਾਂਗਰਸ ਨੇ ਇਸ ਵਰਗ ਦੀਆਂ 35 ਫ਼ੀਸਦੀ ਵੋਟਾਂ ਲੈ ਕੇ ਵੱਡੀ ਕਾਮਯਾਬੀ ਹਾਸਲ ਕੀਤੀ। ਇਸ ਦੇ ਉਲਟ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਮਹਿਜ਼ 26 ਫ਼ੀਸਦੀ ਵੋਟਾਂ ਨਸੀਬ ਹੋਈਆਂ। ਸਾਲ 2022 ਵਿੱਚ ਪਾਸਾ ਪੂਰੀ ਤਰ੍ਹਾਂ ਪਲਟ ਗਿਆ ਅਤੇ ਆਮ ਆਦਮੀ ਪਾਰਟੀ ਨੇ 18-25 ਸਾਲ ਦੇ ਨੌਜਵਾਨਾਂ ਦੀਆਂ 51 ਫ਼ੀਸਦੀ ਵੋਟਾਂ ਹੂੰਝ ਲਈਆਂ। ਇਸ ਦੇ ਮੁਕਾਬਲੇ ਕਾਂਗਰਸ, ਅਕਾਲੀ ਦਲ-ਭਾਜਪਾ ਗੱਠਜੋੜ ਤੇ ਇਨ੍ਹਾਂ ਦੇ ਭਾਈਵਾਲਾਂ ਨੂੰ ਕ੍ਰਮਵਾਰ 18 ਫ਼ੀਸਦੀ, 18.4 ਫ਼ੀਸਦੀ ਅਤੇ ਮਹਿਜ਼ 3.3 ਫ਼ੀਸਦੀ ਵੋਟਾਂ 'ਤੇ ਹੀ ਸਬਰ ਕਰਨਾ ਪਿਆ। 26 ਤੋਂ 34 ਸਾਲ ਦੇ ਵੋਟਰਾਂ ਦੇ ਝੁਕਾਅ ਵਿੱਚ ਵੀ ਕੁਝ ਅਜਿਹੀ ਹੀ ਤਬਦੀਲੀ ਦੇਖਣ ਨੂੰ ਮਿਲੀ। ਇੱਥੇ ਵੀ 'ਆਪ' ਨੂੰ ਦੂਜਿਆਂ ਦੇ ਮੁਕਾਬਲੇ ਵੱਡੀ ਹਮਾਇਤ ਮਿਲੀ। ਇਸ ਵਰਗ ਦੇ ਕੁੱਲ 48 ਫ਼ੀਸਦੀ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫ਼ਤਵਾ ਦਿੱਤਾ ਜਦੋਂਕਿ ਕਾਂਗਰਸ ਨੂੰ 18.1 ਫ਼ੀਸਦੀ, ਅਕਾਲੀ ਦਲ ਗੱਠਜੋੜ ਨੂੰ 19.5 ਫ਼ੀਸਦੀ ਅਤੇ ਭਾਜਪਾ ਤੇ ਹੋਰਾਂ ਨੂੰ ਸਿਰਫ਼ 7.6 ਫ਼ੀਸਦੀ ਵੋਟਾਂ ਹੀ ਮਿਲ ਸਕੀਆਂ। ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਨੌਜਵਾਨਾਂ ਨਾਲ ਕੀਤੇ ਵਾਅਦਿਆਂ 'ਤੇ ਵੀ ਝਾਤ ਮਾਰਨੀ ਬਣਦੀ ਹੈ। ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ ਆਗਾਮੀ ਪੰਜ ਸਾਲਾਂ ਵਿੱਚ ਰੁਜ਼ਗਾਰ ਦੇ 25 ਲੱਖ ਦੇ ਕਰੀਬ ਨਵੇਂ ਮੌਕੇ ਪੈਦਾ ਕੀਤੇ ਜਾਣਗੇ। ਇਹ ਵੀ ਕਿਹਾ ਗਿਆ ਸੀ ਕਿ ਪਿੰਡਾਂ ਅਤੇ ਸ਼ਹਿਰਾਂ ਨੂੰ ਰੁਜ਼ਗਾਰ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਪੰਜਾਬ ਦੇ 10 ਵੱਡੇ ਸ਼ਹਿਰਾਂ ਵਿੱਚ ਛੋਟੇ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਕੇਂਦਰ ਖੋਲ੍ਹੇ ਜਾਣਗੇ। ਇਨ੍ਹਾਂ ਉਪਰਾਲਿਆਂ ਦਾ ਮਕਸਦ ਨੌਜਵਾਨਾਂ ਨੂੰ ਆਪਣੇ ਸੁਫ਼ਨੇ ਸਾਕਾਰ ਕਰਨ ਵਿੱਚ ਮਦਦ ਦੇਣਾ ਅਤੇ ਵਿਦੇਸ਼ਾਂ ਵੱਲ ਹੋ ਰਹੇ ਬੇਲੋੜੇ ਪਰਵਾਸ ਨੂੰ ਰੋਕਣਾ ਦੱਸਿਆ ਗਿਆ ਸੀ। ਇਨ੍ਹਾਂ ਕੇਂਦਰਾਂ ਵਿੱਚ ਨੌਜਵਾਨਾਂ ਨੂੰ ਤਕਨੀਕੀ ਸਹਾਇਤਾ, ਮਾਲੀ ਮਦਦ ਅਤੇ ਬਾਜ਼ਾਰ 'ਚ ਮੁਕਾਬਲੇ ਲਈ ਤਿਆਰ ਕਰਕੇ ਸਮੇਂ ਦੇ ਹਾਣੀ ਬਣਾਉਣ ਦੀ ਗੱਲ ਕਹੀ ਗਈ ਸੀ।

*** ਵਿਜ਼ਿਟਿੰਗ ਪ੍ਰੋਫ਼ੈਸਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।**

# ਕੂਟਨੀਤੀ ਦੇ ਓਹਲੇ ਵਿੱਚ ਸੁਲਗਦਾ ਮੱਧ-ਪੂਰਬ

## ਨਾ ਜੰਗ, ਨਾ ਅਮਨ: ਅਮਰੀਕਾ-ਇਰਾਨ ਤਣਾਅ ਅਤੇ ਵਿਸ਼ਵ ਆਰਥਿਕਤਾ ’ਤੇ ਮੰਡਰਾਉਂਦੇ ਬੱਦਲ

### ਆਰ.ਟੀ. ਇੰਟਰਨੈਸ਼ਨਲ ਰੂਸੀ ਅਖ਼ਬਾਰ ਦੇ ਲੇਖਕ ‘ਫ਼ਰਹਾਦ ਇਬਰਾਹਿਮੋਵ’ ਦਾ ਜੰਗ ਬਾਰੇ ਦ੍ਰਿਸ਼ਟੀਕੋਣ



ਫ਼ਰਹਾਦ ਇਬਰਾਹਿਮੋਵ ਨੇ ਰੂਸੀ ਮੀਡੀਆ ਚੈਨਲ ‘ਆਰ.ਟੀ.’ ਇੰਟਰਨੈਸ਼ਨਲ ਸਰਕਾਰੀ ਰੂਸੀ ਮੀਡੀਆ ਵਿੱਚ ਪ੍ਰਕਾਸ਼ਿਤ ਆਪਣੇ ਇਸ ਲੇਖ ਰਾਹੀਂ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੇ ਤਣਾਅ ਦਾ ਬੀਤੇ ਦਿਨੀਂ ਬਹੁਤ ਹੀ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ। ਲੇਖਕ ਨੇ ਮੁੱਖ ਤੌਰ ’ਤੇ ਟਰੰਪ ਪ੍ਰਸ਼ਾਸਨ ਦੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਹੋਰਮੁਜ਼ ਜਲਡਮਰੂ ਦੀ ਜ਼ਮੀਨੀ ਹਕੀਕਤ ਨੂੰ ਉਭਾਰਿਆ ਹੈ।

ਲੇਖਕ ਨੇ ਸਭ ਤੋਂ ਵੱਡਾ ਨੁਕਤਾ ਇਹ ਚੁੱਕਿਆ ਹੈ ਕਿ ਅਮਰੀਕੀ ਪ੍ਰਸ਼ਾਸਨ ਦੇ ਅੰਦਰ ਹੀ ਵਿਦੇਸ਼ ਨੀਤੀ ਨੂੰ ਲੈ ਕੇ ਕੋਈ ਇਕਸਾਰਤਾ ਨਹੀਂ ਹੈ। ਲੇਖਕ ਮੁਤਾਬਕ, ਇੱਕ ਪਾਸੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਸਵਿੱਟਜ਼ਰਲੈਂਡ ਵਿੱਚ ਬੈਠ ਕੇ ਬਹੁਤ ਮਿਹਨਤ ਨਾਲ ਈਰਾਨ ਨਾਲ ਗੱਲਬਾਤ ਕਰ ਰਹੇ ਸਨ ਅਤੇ ਇਜ਼ਰਾਈਲ-ਹਿਜ਼ਬੁੱਲਾ ਵਿਚਾਲੇ ਤਣਾਅ ਘਟਾਉਣ ਦਾ ਤੰਤਰ ਤਿਆਰ ਕਰ ਰਹੇ ਸਨ। ਪਰ ਦੂਜੇ ਪਾਸੇ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਆਮ ਸੁਭਾਅ ਮੁਤਾਬਕ ਜਨਤਕ ਤੌਰ ’ਤੇ ਇਰਾਨ ਖ਼ਿਲਾਫ਼ ਸਖ਼ਤ ਬਿਆਨਬਾਜ਼ੀ ਕਰ ਦਿੱਤੀ। ਲੇਖਕ ਲਿਖਦਾ ਹੈ ਕਿ ਟਰੰਪ ਦੇ ਇਸ ਕਦਮ ਨੇ ਉਨ੍ਹਾਂ ਦੀ ਆਪਣੀ ਹੀ ਨੈਗੋਸ਼ੀਏਟਿੰਗ ਟੀਮ (ਵੈਂਸ ਦੀ ਟੀਮ) ਦੀਆਂ ਕੋਸ਼ਿਸ਼ਾਂ ’ਤੇ ਪਾਣੀ ਫ਼ੇਰ ਦਿੱਤਾ, ਜਿਸ ਕਾਰਨ ਨਾਰਾਜ਼ ਹੋ ਕੇ ਇਰਾਨ ਗੱਲਬਾਤ ਤੋਂ ਪਿੱਛੇ ਹਟ ਗਿਆ।

ਨੈਗੋਸ਼ੀਏਟਿੰਗ ਟੀਮ ਨੂੰ ਪੰਜਾਬੀ ਵਿੱਚ ‘ਗੱਲਬਾਤ ਕਰਨ ਵਾਲੀ ਕਮੇਟੀ/ਟੀਮ’ ਜਾਂ ‘ਵਾਰਤਾਕਾਰਾਂ ਦਾ ਸਮੂਹ’ ਕਿਹਾ ਜਾਂਦਾ ਹੈ। ਇਹ ਅਜਿਹੇ ਮਾਹਿਰਾਂ, ਅਧਿਕਾਰੀਆਂ ਜਾਂ ਡਿਪਲੋਮੈਟਾਂ (ਕੂਟਨੀਤਕਾਂ) ਦਾ ਇੱਕ ਚੁਣਿਆ ਹੋਇਆ ਸਮੂਹ ਹੁੰਦਾ ਹੈ, ਜਿਸ ਨੂੰ ਕਿਸੇ ਖ਼ਾਸ ਮੁੱਦੇ, ਵਿਵਾਦ ਜਾਂ ਸਮਝੌਤੇ ’ਤੇ ਦੂਜੀ ਧਿਰ (ਜਿਵੇਂ ਦੂਜੇ ਦੇਸ਼ ਜਾਂ ਕੰਪਨੀ) ਨਾਲ ਆਹਮੋ-ਸਾਹਮਣੇ ਬੈਠ ਕੇ ਗੱਲਬਾਤ ਕਰਨ ਅਤੇ ਹੱਲ ਲੱਭਣ ਦੀ ਅਧਿਕਾਰਤ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਇਸ ਟੀਮ ਦਾ ਮੁੱਖ ਕੰਮ ਦੋਵਾਂ ਦੇਸ਼ਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਚਕਾਰਲਾ ਰਸਤਾ ਲੱਭਣਾ, ਤਣਾਅ ਨੂੰ ਘੱਟ ਕਰਨਾ ਅਤੇ ਇੱਕ ਅਜਿਹਾ ਸ਼ਾਂਤੀ ਸਮਝੌਤਾ ਤਿਆਰ ਕਰਨਾ ਸੀ ਜਿਸ ’ਤੇ ਦੋਵੇਂ ਦੇਸ਼ ਸਹਿਮਤ ਹੋ ਸਕਣ।

ਲੇਖਕ ਨੇ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਮੌਜੂਦਾ ਸਮਝੌਤਾ ਕੋਈ ਪੱਕਾ ਹੱਲ ਨਹੀਂ ਹੈ, ਬਲਕਿ ਦੋਵਾਂ ਧਿਰਾਂ ਵੱਲੋਂ ਸਮਾਂ ਬਿਤਾਉਣ ਦੀ ਇੱਕ ਚਾਲ ਹੈ। ਇਸ ਵੇਲੇ ਦੋਵਾਂ ਦੇਸ਼ਾਂ ਵਿਚਾਲੇ 50 ਤੋਂ 60 ਦਿਨਾਂ ਦਾ ਇੱਕ ਆਰਜ਼ੀ ਸਮਝੌਤਾ ਲਾਗੂ ਹੈ।

ਦੋਵਾਂ ਦੇ ਹਿੱਤ: ਲੇਖਕ ਅਨੁਸਾਰ, ਅਮਰੀਕਾ ਇਸ ਸਮੇਂ ਦੀ ਵਰਤੋਂ ਦੁਨੀਆ ਨੂੰ ਇਹ ਦਿਖਾਉਣ ਲਈ ਕਰ ਰਿਹਾ ਹੈ ਕਿ ਮੱਧ-ਪੂਰਬ ਦਾ ਸੰਕਟ ਉਸ ਦੇ ਕੰਟਰੋਲ ਵਿੱਚ ਹੈ। ਦੂਜੇ ਪਾਸੇ, ਇਰਾਨ ਇਸ ਵਕਫ਼ੇ ਦੀ ਵਰਤੋਂ ਆਪਣੇ ਉੱਪਰ ਲੱਗੀਆਂ ਆਰਥਿਕ ਪਾਬੰਦੀਆਂ ਦੇ ਦਬਾਅ ਨੂੰ ਘੱਟ ਕਰਨ, ਕੂਟਨੀਤਕ ਲਾਹਾ ਲੈਣ ਅਤੇ ਇਹ ਪਰਖਣ ਲਈ ਕਰ ਰਿਹਾ ਹੈ ਕਿ ਵਾਸ਼ਿੰਗਟਨ ਆਪਣੀ ਬਿਆਨਬਾਜ਼ੀ ’ਤੇ ਕਿੰਨਾ ਕੁ ਕਾਬੂ ਰੱਖ ਸਕਦਾ ਹੈ।




ਹੋਰਮੁਜ਼ ਜਲਡਮਰੂ ਦੇ ਮੁੱਦੇ ’ਤੇ ਲੇਖਕ ਨੇ ਦੋਵਾਂ ਦੇਸ਼ਾਂ ਦੇ ਮੀਡੀਆ ਅਤੇ ਅਧਿਕਾਰੀਆਂ ਵੱਲੋਂ ਪੇਸ਼ ਕੀਤੀ ਜਾ ਰਹੀ ਵੱਖੋ-ਵੱਖਰੀ ਤਸਵੀਰ ਨੂੰ ਬਹੁਤ ਮਹੱਤਵਪੂਰਨ ਨੁਕਤੇ ਵਜੋਂ ਚੁੱਕਿਆ ਹੈ।

ਰਾਸ਼ਟਰਪਤੀ ਟਰੰਪ ਨੇ ਬਿਆਨ ਦਿੱਤਾ ਸੀ ਕਿ ਹੋਰਮੁਜ਼ ਜਲਡਮਰੂ ‘ਪੂਰੀ ਤਰ੍ਹਾਂ ਖੁੱਲ੍ਹਾ’ ਹੈ ਅਤੇ ਸਮੁੰਦਰੀ ਵਪਾਰ ਸੁਰੱਖਿਅਤ ਹੈ।

ਲੇਖਕ ਦਾ ਕਹਿਣਾ ਹੈ ਕਿ ਵਿਸ਼ਵ ਆਰਥਿਕਤਾ ਦੇ ਨਜ਼ਰੀਏ ਤੋਂ ਹੋਰਮੁਜ਼ ਜਲਡਮਰੂ ਦਾ ਸੁਰੱਖਿਅਤ ਰਹਿਣਾ ਬੇਹੱਦ ਅਹਿਮ ਹੈ, ਕਿਉਂਕਿ ਦੁਨੀਆ ਦੇ ਕੁੱਲ ਤੇਲ ਵਪਾਰ ਦਾ ਇੱਕ ਵੱਡਾ ਹਿੱਸਾ ਇਸੇ ਲਾਂਘੇ ਰਾਹੀਂ ਹੁੰਦਾ ਹੈ। ਲੇਖਕ ਨੇ ਈਰਾਨੀ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਰਾਨ ਦੀ ਫ਼ੌਜ ‘ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ’ ਨੇ ਅਜੇ ਤੱਕ ਕਿਸੇ ਵੀ ਵਪਾਰਕ ਜਹਾਜ਼ ਨੂੰ ਉੱਥੋਂ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ। ਯਾਨੀ, ਜ਼ਮੀਨੀ ਪੱਧਰ ’ਤੇ ਸਥਿਤੀ ਅਜੇ ਵੀ ਅਨਿਸ਼ਚਿਤ ਹੈ ਅਤੇ ਇਰਾਨ ਇਸ ਰਸਤੇ ਨੂੰ ਅਮਰੀਕਾ ’ਤੇ ਦਬਾਅ ਬਣਾਉਣ ਲਈ ਆਪਣੇ ਸਭ ਤੋਂ ਵੱਡੇ ਹਥਿਆਰ ਵਜੋਂ ਵਰਤ ਰਿਹਾ ਹੈ।

ਲੇਖਕ ਲਿਖਦਾ ਹੈ ਕਿ ਫ਼ਿਲਹਾਲ ਕੱਚੇ ਤੇਲ ਦੀ ਕੀਮਤ 78-80 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਹੈ, ਜਿਸ ਨਾਲ ਵੱਡਾ ਆਰਥਿਕ ਝਟਕਾ ਟਲ ਗਿਆ ਹੈ।

ਪਰ ਲੇਖਕ ਨੇ ਸਾਫ਼ ਲਿਖਿਆ ਹੈ ਕਿ ਬਾਜ਼ਾਰ ਦੀ ਇਹ ਰਾਹਤ ਸਥਾਈ ਨਹੀਂ ਹੈ, ਕਿਉਂਕਿ ਇਹ ਸਿਰਫ਼ ਸਕਾਰਾਤਮਕ ਉਮੀਦਾਂ ’ਤੇ ਟਿਕੀ ਹੋਈ ਹੈ। ਜੇਕਰ ਸਮੁੰਦਰ ਵਿੱਚ ਕੋਈ ਇੱਕ ਵੀ ਫ਼ੌਜੀ ਘਟਨਾ ਵਾਪਰਦੀ ਹੈ, ਤਾਂ ਤੇਲ ਦੀਆਂ ਕੀਮਤਾਂ ਤੁਰੰਤ 100 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਜਾਣਗੀਆਂ।

ਲੇਖਕ ਨੇ ਇਰਾਨ ਦੀ ਅੰਦਰੂਨੀ ਸਿਆਸਤ ਵਿੱਚ ਆਈ ਇੱਕ ਬਹੁਤ ਹੀ ਖ਼ਤਰਨਾਕ ਅਤੇ ਵੱਡੀ ਤਬਦੀਲੀ ਵੱਲ ਦੁਨੀਆ ਦਾ ਧਿਆਨ ਖਿੱਚਿਆ ਹੈ। ਲੇਖਕ ਮੁਤਾਬਕ, ਪਹਿਲਾਂ ਈਰਾਨ ਹਮੇਸ਼ਾ ਇਹੋ ਕਹਿੰਦਾ ਸੀ ਕਿ ਉਸ ਦਾ ਪਰਮਾਣੂ ਪ੍ਰੋਗਰਾਮ ਸਿਰਫ਼ ਬਿਜਲੀ ਬਣਾਉਣ ਜਾਂ ਚਿਕਿਤਸਾ ਵਰਗੇ ਸ਼ਾਂਤੀਪੂਰਨ ਕੰਮਾਂ ਲਈ ਹੈ।

ਪਰ ਹਾਲ ਹੀ ਵਿੱਚ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਬਣਾਏ ਗਏ ਫ਼ੌਜੀ ਦਬਾਅ ਤੋਂ ਬਾਅਦ, ਹੁਣ ਇਰਾਨ ਦੇ ਅੰਦਰ ਅਧਿਕਾਰਤ ਤੌਰ ’ਤੇ ‘ਪਰਮਾਣੂ ਬੰਬ’ ਬਣਾਉਣ ਦੇ ਪੱਖ ਵਿੱਚ ਖੁੱਲ੍ਹੇਆਮ ਬਹਿਸ ਸ਼ੁਰੂ ਹੋ ਚੁੱਕੀ ਹੈ। ਲੇਖਕ ਨੇ ਨੁਕਤਾ ਚੁੱਕਿਆ ਹੈ ਕਿ ਅਮਰੀਕੀ ਧਮਕੀਆਂ ਨੇ ਇਰਾਨ ਦੇ ਕੱਟੜਪੰਥੀ ਨੇਤਾਵਾਂ ਨੂੰ ਮਜ਼ਬੂਤ ਕਰ ਦਿੱਤਾ ਹੈ, ਜੋ ਮੰਨਦੇ ਹਨ ਕਿ ਪੱਛਮ ’ਤੇ ਭਰੋਸਾ ਕਰਨਾ ਬੇਕਾਰ ਹੈ ਅਤੇ ਖੁਦ ਦੀ ਸੁਰੱਖਿਆ ਲਈ ਪਰਮਾਣੂ ਹਥਿਆਰ ਬਣਾਉਣਾ ਹੀ ਇੱਕੋ-ਇੱਕ ਰਸਤਾ ਹੈ।ਲੇਖਕ ਨੇ ਸਪੱਸ਼ਟ ਲਿਖਿਆ ਹੈ ਕਿ ਅਮਰੀਕਾ-ਇਰਾਨ ਗੱਲਬਾਤ ਕਿਸੇ ਬੰਦ ਕਮਰੇ ਵਿੱਚ ਨਹੀਂ ਹੋ ਰਹੀ, ਬਲਕਿ ਇਸ ਉੱਤੇ ਪੂਰੇ ਖੇਤਰ ਦਾ ਅਸਰ ਹੈ। ਲੇਖਕ ਅਨੁਸਾਰ, ਇਜ਼ਰਾਇਲ ਇਸ ਪੂਰੇ ਖੇਤਰ ਵਿੱਚ ਇੱਕ ਸੁਤੰਤਰ ਖਿਡਾਰੀ ਹੈ ਜਿਸ ਦੀਆਂ ਆਪਣੀਆਂ ‘ਰੈੱਡ ਲਾਈਨਾਂ’ ਹਨ। ਜੇਕਰ ਇਜ਼ਰਾਇਲ ਲਿਬਨਾਨ ਵਿੱਚ ਹਿਜ਼ਬੁੱਲਾ ਖ਼ਿਲਾਫ਼ ਕੋਈ ਵੱਡੀ ਕਾਰਵਾਈ ਕਰਦਾ ਹੈ, ਤਾਂ ਅਮਰੀਕਾ ਅਤੇ ਈਰਾਨ ਦੇ ਕੂਟਨੀਤਕ ਯਤਨ ਤੁਰੰਤ ਫ਼ੇਲ੍ਹ ਹੋ ਜਾਣਗੇ।

ਲੇਖਕ ਫ਼ਰਹਾਦ ਇਬਰਾਹਿਮੋਵ ਨੇ ਆਰ.ਟੀ. ਇੰਟਰਨੈਸ਼ਨਲ ਮੀਡੀਆ ਵਿੱਚ ਇਹ ਸਿੱਟਾ ਕੱਢਿਆ ਹੈ ਕਿ ਇਸ ਸਥਿਤੀ ਨੂੰ ਨਾ ਤਾਂ ਸਫ਼ਲਤਾ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਅਸਫ਼ਲਤਾ। ਇਹ ਇੱਕ ‘ਗ੍ਰੇ ਜ਼ੋਨ’ ਹੈ। ਦੋਵੇਂ ਦੇਸ਼ ਇੱਕ-ਦੂਜੇ ਦੇ ਸਿਗਨਲ ਤਾਂ ਸਮਝ ਰਹੇ ਹਨ, ਪਰ ਕੋਈ ਵੀ ਹਕੀਕਤ ਵਿੱਚ ਪਿੱਛੇ ਹਟਣ ਜਾਂ ਅਸਲ ਸਿਆਸੀ ਰਿਆਇਤਾਂ ਦੇਣ ਲਈ ਤਿਆਰ ਨਹੀਂ ਹੈ।

ਲੇਖਕ ਦਾ ਵਿਚਾਰ ਸਪਸ਼ਟ ਹੈ ਕਿ ਇਹ ਸਪੱਸ਼ਟ ਹੈ ਕਿ ਮੌਜੂਦਾ ਸੰਕਟ ਦਾ ਹੱਲ ਸਿਰਫ਼ ਦਿਖਾਵੇ ਦੀ ਬਿਆਨਬਾਜ਼ੀ ਜਾਂ ਧਮਕੀਆਂ ਨਾਲ ਨਹੀਂ ਨਿਕਲ ਸਕਦਾ। ਅਮਰੀਕਾ ਅਤੇ ਇਰਾਨ ਨੂੰ ਜੇਕਰ ਇਸ ਖ਼ਤਰਨਾਕ ਅਨਿਸ਼ਚਿਤਤਾ ਵਿੱਚੋਂ ਬਾਹਰ ਨਿਕਲਣਾ ਹੈ, ਤਾਂ ਉਨ੍ਹਾਂ ਨੂੰ ਇੱਕ-ਦੂਜੇ ਦੇ ਹਿੱਤਾਂ ਦਾ ਸਤਿਕਾਰ ਕਰਦਿਆਂ ਅਸਲ ਸਿਆਸੀ ਰਿਆਇਤਾਂ ਦੇਣੀਆਂ ਪੈਣਗੀਆਂ। ਜਦੋਂ ਤੱਕ ਖੇਤਰੀ ਹਿੱਸੇਦਾਰਾਂ (ਖ਼ਾਸ ਕਰਕੇ ਇਜ਼ਰਾਇਲ) ਦੀਆਂ ਚਿੰਤਾਵਾਂ ਅਤੇ ਇਰਾਨ ਦੇ ਪ੍ਰਮਾਣੂ ਰੁਖ਼ ਨੂੰ ਸੰਤੁਲਿਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਹੋਰਮੁਜ਼ ਜਲਡਮਰੂ ਦੀ ਇਹ ਸਿਆਸਤ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਅਮਨ-ਸ਼ਾਂਤੀ ਨੂੰ ਬੰਧਕ ਬਣਾਈ ਰੱਖੇਗੀ।

# ਕੌਮੀ ਰਣਨੀਤੀਆਂ ’ਤੇ ਭਾਰੀ ਪੈਣਗੇ ਪੰਜਾਬ ਦੇ ਜ਼ਮੀਨੀ ਮੁੱਦੇ

ਤਰੁਨਜੀਤ ਸਿੰਘ

ਦੇਸ਼ ਦੀ ਰਾਜਨੀਤੀ ਵਿੱਚ ਪੰਜਾਬ ਦੀ ਰਾਜਨੀਤੀ ਦੀ ਹਮੇਸ਼ਾ ਵਿਲੱਖਣ ਥਾਂ ਰਹੀ ਹੈ। ਇੱਥੇ ਧਾਰਮਿਕ, ਸਮਾਜਿਕ, ਖੇਤਰੀ ਤੇ ਆਰਥਿਕ ਮੁੱਦੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਪੰਜਾਬ ਵਿਚ ਰਵਾਇਤੀ ਤੌਰ ’ਤੇ ਪਹਿਲਾਂ ਦੋ ਵੱਡੀਆਂ ਧਿਰਾਂ ਕਾਂਗਰਸ ਤੇ ਅਕਾਲੀ ਦਲ ਦਾ ਪ੍ਰਭਾਵ ਰਿਹਾ, ਪਰ ਪਿਛਲੇ ਕੁਝ ਸਾਲਾਂ ਤੋਂ ਆਮ ਆਦਮੀ ਪਾਰਟੀ (ਆਪ) ਨੇ ਆਪਣੀ ਮਜ਼ਬੂਤ ਪਕੜ ਬਣਾਈ ਹੋਈ ਹੈ। ਮੌਜੂਦਾ ਸਮੇਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੀ ਰਾਜਨੀਤੀ ਵਿੱਚ ਕਾਫ਼ੀ ਸਰਗਰਮ ਹੈ, ਹਾਲਾਂਕਿ ਉਸ ਲਈ ਪੰਜਾਬ ਦੀ ਰਾਜਨੀਤੀ ਇੱਕ ਵੱਡੀ ਚੁਣੌਤੀ ਬਣੀ ਰਹੀ ਹੈ। ਇਸ ਦੇ ਬਾਵਜੂਦ ਵੀ ਇਹ ਪਾਰਟੀ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਰਣਨੀਤਕ ਪੈਂਤੜਿਆਂ ਨੂੰ ਨਵਾਂ ਰੂਪ ਦੇ ਰਹੀ ਹੈ।

ਭਾਜਪਾ ਪੰਜਾਬ ਵਿੱਚ ਲੰਬੇ ਸਮੇਂ ਤੱਕ ਸ਼੍ਰੋਮਣੀ ਅਕਾਲੀ ਦਲ (ਬ) ਨਾਲ ਗੱਠਜੋੜ ਵਿੱਚ ਰਹੀ ਹੈ। ਅਕਾਲੀ ਦਲ ਦੀ ਪਿੰਡਾਂ ਤੇ ਸਿੱਖ ਵੋਟ ਬੈਂਕ ਵਿੱਚ ਪ੍ਰਭਾਵਸ਼ਾਲੀ ਥਾਂ ਸੀ, ਜਦਕਿ ਭਾਜਪਾ ਸ਼ਹਿਰੀ ਹਿੰਦੂ ਵੋਟਰਾਂ ਵਿੱਚ ਆਪਣੀ ਪਕੜ ਰੱਖਦੀ ਸੀ। ਇਹ ਗੱਠਜੋੜ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਚੱਲਿਆ, ਪਰ 2020 ਦੇ ਕਿਸਾਨ ਅੰਦੋਲਨ ਅਤੇ ਖੇਤੀ ਕਾਨੂੰਨਾਂ ਦੇ ਵਿਰੋਧ ਦੇ ਚਲਦਿਆਂ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਗੱਠਜੋੜ ਟੁੱਟ ਗਿਆ। ਇਸ ਤੋਂ ਬਾਅਦ ਭਾਜਪਾ ਨੂੰ ਪੰਜਾਬ ਵਿੱਚ ਆਪਣਾ ਵੱਖਰਾ ਰਾਜਨੀਤਕ ਆਧਾਰ ਬਣਾਉਣ ਦੀ ਲੋੜ ਮਹਿਸੂਸ ਹੋਈ। 2022 ਦੀਆਂ ਚੋਣਾਂ ਵਿੱਚ ਭਾਜਪਾ ਕੋਈ ਖ਼ਾਸ ਪ੍ਰਭਾਵ ਨਾ ਛੱਡ ਸਕੀ। ਭਾਜਪਾ ਇਹ ਗੱਲ ਸਮਝ ਚੁੱਕੀ ਹੈ ਕਿ ਪੰਜਾਬ ਵਿੱਚ ਮਜ਼ਬੂਤ ਜ਼ਮੀਨੀ ਅਗਵਾਈ ਤੋਂ ਬਿਨਾਂ ਵੱਡੀ ਸਫ਼ਲਤਾ ਮਿਲਣੀ ਸੰਭਵ ਨਹੀਂ ਹੈ। ਇਸ ਲਈ ਵੱਖ-ਵੱਖ ਪਾਰਟੀਆਂ ਦੇ ਕਈ ਸਾਬਕਾ ਵਿਧਾਇਕਾਂ, ਸੰਸਦ ਮੈਂਬਰਾਂ ਤੇ ਪ੍ਰਭਾਵਸ਼ਾਲੀ ਆਗੂਆਂ ਨੂੰ ਭਾਜਪਾ ਨਾਲ ਆਪਣੀ ਰਣਨੀਤੀ ਜ਼ਰੀਏ ਜੋੜਿਆ ਜਾ ਰਿਹਾ ਹੈ। ਇਹ ਰਣਨੀਤੀ ਭਾਜਪਾ ਨੂੰ ਸਥਾਨਕ ਪੱਧਰ ’ਤੇ ਮਜ਼ਬੂਤੀ ਦੇ ਸਕਦੀ ਹੈ, ਪਰ ਇਸ ਨਾਲ ਪੁਰਾਣੇ ਵਰਕਰਾਂ ਵਿੱਚ ਅਸੰਤੁਸ਼ਟੀ ਦਾ ਖ਼ਦਸ਼ਾ ਵੀ ਬਣ ਸਕਦਾ ਹੈ। ਜੇ ਪਾਰਟੀ ਅੰਦਰੂਨੀ ਸੰਤੁਲਨ ਬਣਾਈ ਰੱਖਣ ਵਿੱਚ ਸਫ਼ਲ ਰਹਿੰਦੀ ਹੈ ਤਾਂ ਇਸ ਰਣਨੀਤੀ ਦਾ ਚੰਗਾ ਪ੍ਰਭਾਵ ਵੀ ਪੈ ਸਕਦਾ ਹੈ। ਬੇਸ਼ੱਕ ਪੰਜਾਬ ਵਿੱਚ ਦੂਜੇ ਸੂਬਿਆਂ ਤੋਂ ਆ ਕੇ ਵਸੇ ਵੱਡੀ ਗਿਣਤੀ ’ਚ ਲੋਕਾਂ ਦਾ ਭਾਜਪਾ ਨੂੰ ਖਾਸਾ ਲਾਭ ਮਿਲ ਸਕਦਾ ਹੈ ਪਰ ਫਿਰ ਵੀ ਭਾਜਪਾ ਜਾਣ ਚੁੱਕੀ ਹੈ ਕਿ ਪੰਜਾਬ ਵਿੱਚ ਵੱਡੀ ਰਾਜਨੀਤਕ ਸਫ਼ਲਤਾ ਲਈ ਸਿੱਖ ਭਾਈਚਾਰੇ ਦਾ ਭਰੋਸਾ ਜਿੱਤਣਾ ਬਹੁਤ ਅਹਿਮ ਹੈ। ਇਸ ਲਈ ਪਾਰਟੀ ਸਿੱਖ ਚਿਹਰਿਆਂ ਨੂੰ ਅੱਗੇ ਲਿਆਉਣ, ਸਿੱਖ ਮਸਲਿਆਂ ’ਤੇ ਸੰਵੇਦਨਸ਼ੀਲ ਰਵੱਈਆ ਅਪਣਾਉਣ ਅਤੇ ਧਾਰਮਿਕ ਸੰਸਥਾਵਾਂ ਨਾਲ ਸੰਪਰਕ ਵਧਾ ਰਹੀ ਹੈ। ਇਸ ਦੇ ਬਾਵਜੂਦ ਵੀ ਭਾਜਪਾ ਲਈ ਪੰਜਾਬ ਦਾ ਸਫ਼ਰ ਆਸਾਨ ਨਹੀਂ ਹੋਵੇਗਾ, ਕਿਉਂਕਿ ਕਿਸਾਨ ਅੰਦੋਲਨ ਦੌਰਾਨ ਪੈਦਾ ਹੋਈ ਨਾਰਾਜ਼ਗੀ ਅਜੇ ਵੀ ਕਾਫ਼ੀ ਹੱਦ ਤੱਕ ਲੋਕਾਂ ਦੇ ਅੰਦਰ ਮੌਜੂਦ ਹੈ। ਲੋਕਾਂ ਦੀ ਇਸ ਧਾਰਨਾ ਨੂੰ ਬਦਲਣ ਲਈ ਪਾਰਟੀ ਨੂੰ ਲੰਬੇ ਸਮੇਂ ਦੀ ਰਾਜਨੀਤਕ ਮਿਹਨਤ ਦੀ ਲੋੜ ਹੋਵੇਗੀ।




ਪੰਜਾਬ ਖੇਤੀ ਪ੍ਰਧਾਨ ਰਾਜ ਹੈ। ਕਿਸਾਨੀ ਇੱਥੇ ਸਿਰਫ਼ ਆਰਥਿਕ ਕਿੱਤਾ ਨਹੀਂ, ਸਗੋਂ ਇਹ ਸਮਾਜਿਕ ਤੇ ਰਾਜਨੀਤਕ ਪਛਾਣ ਨਾਲ ਵੀ ਜੁੜੀ ਹੋਈ ਹੈ। ਭਾਜਪਾ ਨੂੰ ਇਹ ਅਹਿਸਾਸ ਵੀ ਹੈ ਕਿ ਕਿਸਾਨੀ ਮਸਲਿਆਂ ਨੂੰ ਨਜ਼ਰਅੰਦਾਜ਼ ਕਰ ਕੇ ਪੰਜਾਬ ਵਿੱਚ ਪੈਰ ਪੱਕੇ ਨਹੀਂ ਕੀਤੇ ਜਾ ਸਕਦੇ। ਇਸ ਲਈ ਪਾਰਟੀ ਐਮ.ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ), ਫ਼ਸਲੀ ਭਿੰਨਤਾ, ਖੇਤੀ ਆਧੁਨਿਕੀਕਰਨ ਅਤੇ ਖੇਤੀ-ਆਧਾਰਿਤ ਉਦਯੋਗਾਂ ਦੀ ਗੱਲ ਨੂੰ ਅੱਗੇ ਰੱਖ ਸਕਦੀ ਹੈ। ਜੇ ਪਾਰਟੀ ਕਿਸਾਨਾਂ ਨਾਲ ਭਰੋਸੇਯੋਗ ਸੰਬੰਧ ਬਣਾਉਣ ਵਿੱਚ ਸਫ਼ਲ ਰਹਿੰਦੀ ਹੈ ਤਾਂ ਇਹ ਉਸ ਲਈ ਵੱਡੇ ਲਾਭ ਵਾਲੀ ਗੱਲ ਹੋਵੇਗੀ। ਭਾਵੇਂ ਭਾਜਪਾ ਦੀ ਹੁਣ ਤੱਕ ਜ਼ਿਆਦਤਰ ਪਹੁੰਚ ਪੰਜਾਬ ਦੇ ਸ਼ਹਿਰੀ ਖੇਤਰਾਂ ਦੇ ਵੋਟਰਾਂ ਤੱਕ ਰਹੀ ਹੈ, ਪਰ ਹੁਣ ਇਸ ਨੇ ਪੰਜਾਬ ਦੇ ਪਿੰਡਾਂ ਨਾਲ ਰਾਬਤਾ ਬਣਾਉਣਾ ਵੀ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਭਾਜਪਾ ਇਹ ਜਾਣ ਚੁੱਕੀ ਹੈ ਕਿ ਪੰਜਾਬ ਦੀ ਰਾਜਨੀਤੀ ਪਿੰਡਾਂ ਤੋਂ ਹੀ ਚਲਦੀ ਹੈ। ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ, ਜਿਸ ਕਾਰਨ ਕੌਮੀ ਸੁਰੱਖਿਆ ਇੱਥੇ ਇਕ ਮਹੱਤਵਪੂਰਨ ਮੁੱਦਾ ਬਣਿਆ ਰਹਿੰਦਾ ਹੈ। ਭਾਜਪਾ ਆਮ ਤੌਰ ’ਤੇ ਰਾਸ਼ਟਰੀ ਸੁਰੱਖਿਆ, ਸਰਹੱਦੀ ਸੁਰੱਖਿਆ ਤੇ ਦੇਸ਼ ਭਗਤੀ ਦੇ ਮੁੱਦਿਆਂ ਨੂੰ ਆਪਣੀ ਰਣਨੀਤੀ ਦਾ ਹਿੱਸਾ ਬਣਾਉਂਦੀ ਰਹੀ ਹੈ। ਪੰਜਾਬ ਵਿੱਚ ਵੀ ਇਹ ਪੈਂਤੜਾ ਅਪਣਾਇਆ ਜਾ ਸਕਦਾ ਹੈ। ਹਾਲਾਂਕਿ ਪੰਜਾਬ ਦੇ ਲੋਕ ਆਮ ਤੌਰ ’ਤੇ ਸਥਾਨਕ ਮੁੱਦਿਆਂ ਜਿਵੇਂ ਬੇਰੁਜ਼ਗਾਰੀ, ਨਸ਼ਾ, ਕਿਸਾਨੀ ਤੇ ਸਿੱਖਿਆ ਨੂੰ ਵੱਧ ਤਰਜੀਹ ਦਿੰਦੇ ਹਨ। ਇਸ ਲਈ ਸਿਰਫ਼ ਕੌਮੀ ਮੁੱਦਿਆਂ ਨੂੰ ਆਧਾਰ ਬਣਾ ਕੇ ਭਾਜਪਾ ਲਈ ਪੰਜਾਬ ਵਿਚ ਚੋਣਾਂ ਜਿੱਤਣਾ ਬੇਹੱਦ ਮੁਸ਼ਕਿਲ ਹੈ। ਭਾਜਪਾ ਲਈ ਵਿਵਾਦਤ ਐਸ.ਆਈ.ਆਰ. ਪ੍ਰਕਿਰਿਆ ਵੀ ਵੱਡੀ ਸਿਰਦਰਦੀ ਖੜ੍ਹੀ ਕਰ ਸਕਦੀ ਹੈ, ਕਿਉਂਕਿ ਪੰਜਾਬ ਦੇ ਬਹੁਤੇ ਲੋਕ ਪੜ੍ਹੇ-ਲਿਖੇ ਤੇ ਸੂਝਵਾਨ ਹੋਣ ਕਾਰਨ ਕਿਸੇ ਵੀ ਕਿਸਮ ਦੀ ਧੱਕੇਸ਼ਾਹੀ ਤੇ ਦਬਾਅ ਦੀ ਰਾਜਨੀਤੀ ਦੇ ਹਮੇਸ਼ਾ ਖ਼ਿਲਾਫ਼ ਭੁਗਤੇ ਹਨ।

ਮੌਜੂਦਾ ਸਮੇਂ ਪੰਜਾਬ ਵਿੱਚ ‘ਆਪ’ ਸਰਕਾਰ ਦਾ ਸ਼ਾਸਨ ਹੈ। ਜੇ ਸਰਕਾਰ ਆਪਣੀਆਂ ਲੋਕ ਭਲਾਈ ਯੋਜਨਾਵਾਂ, ਬਿਜਲੀ, ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਕੰਮ ਨੂੰ ਮਜ਼ਬੂਤੀ ਨਾਲ ਪੇਸ਼ ਕਰਦੀ ਹੈ ਤਾਂ ਇਹ ਗੱਲ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦੀ ਹੈ। ਪਰ ਜੇ ਵਿਰੋਧੀ ਪਾਰਟੀਆਂ ਸਰਕਾਰ ਦੀ ਕਾਰਗੁਜ਼ਾਰੀ ਨੂੰ ਅਸਫ਼ਲ ਸਾਬਤ ਕਰਨ ਵਿੱਚ ਕਾਮਯਾਬ ਰਹੀਆਂ ਤਾਂ ਭਾਜਪਾ ਨੂੰ ਆਪਣਾ ਆਧਾਰ ਬਣਾਉਣ ਦਾ ਮੌਕਾ ਮਿਲ ਸਕਦਾ ਹੈ। ਕਾਂਗਰਸ ਪੰਜਾਬ ਵਿੱਚ ਅਜੇ ਵੀ ਇੱਕ ਮਜ਼ਬੂਤ ਰਾਜਨੀਤਕ ਧਿਰ ਹੈ ਪਰ ਇਸ ਲਈ ਹਾਲ ਦੀ ਘੜੀ ਅੰਦਰੂਨੀ ਖਿੱਚੋਤਾਣ ਤੇ ਚੰਗੀ ਅਗਵਾਈ ਦੀ ਘਾਟ ਵੱਡੇ ਅੜਿੱਕੇ ਬਣੇ ਨਜ਼ਰ ਆ ਰਹੇ ਹਨ। ਜੇ ਪੰਜਾਬ ਕਾਂਗਰਸ ਸਭ ਕੁਝ ਪਿੱਛੇ ਛੱਡ ਪੂਰੀ ਤਰ੍ਹਾਂ ਇਕਜੁੱਟ, ਅਨੁਸ਼ਾਸਿਤ ਤੇ ਆਤਮਵਿਸ਼ਵਾਸੀ ਹੋ ਕੇ ਮੈਦਾਨ ਵਿਚ ਉਤਰਦੀ ਹੈ ਤਾਂ ਇਹ ਭਾਜਪਾ ਲਈ ਤਾਂ ਮੁਸ਼ਕਿਲ ਖੜ੍ਹੀ ਕਰੇਗੀ ਹੀ, ਨਾਲ ਹੀ ਸੱਤਾਧਾਰੀ ਪਾਰਟੀ ਨੂੰ ਵੀ ਟੱਕਰ ਦੇ ਸਕਦੀ ਹੈ। ਦੂਜੇ ਪਾਸੇ ਅਕਾਲੀ ਦਲ (ਬ) ਲਈ ਵੀ ਇਹ ਚੋਣਾਂ ਬਹੁਤ ਮਹੱਤਵਪੂਰਨ ਹੋਣਗੀਆਂ ਕਿਉਂਕਿ ਇਸ ਪਾਰਟੀ ਦਾ ਬਹੁਤਾ ਵੋਟ ਬੈਂਕ ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਅਕਾਲੀ ਦਲ (ਪੁਨਰ ਸੁਰਜੀਤ) ਵਿਚਕਾਰ ਵੰਡਿਆ ਜਾ ਚੁੱਕਾ ਹੈ। ਪਰ ਜੇ ਇਹ ਸਭ ਦਲ ਇਕੱਠੇ ਹੋ ਕੇ ਇੱਕ ਮੰਚ ’ਤੇ ਆ ਕੇ ਲੋਕਾਂ ਵਿੱਚ ਪਹਿਲਾਂ ਦੀ ਤਰ੍ਹਾਂ ਵਿਚਰਦੇ ਹਨ, ਹੋਈਆਂ ਗ਼ਲਤੀਆਂ ਦੇ ਮਾਮਲਿਆਂ ਵਿੱਚ ਆਪਣਾ ਪੱਖ ਰੱਖਦੇ ਹਨ ਤੇ ਉਨ੍ਹਾਂ ਦਾ ਵਿਸ਼ਵਾਸ ਜਿੱਤਦੇ ਹਨ ਤਾਂ ਇਹ ਵੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਅਹਿਮ ਮੋੜ ਸਾਬਿਤ ਹੋ ਸਕਦਾ ਹੈ।

ਬੇਸ਼ੱਕ ਭਾਜਪਾ ਇਨ੍ਹਾਂ ਚੋਣਾਂ ’ਚ ਆਪਣੇ ਦਮ ’ਤੇ ਸਭ ਸੀਟਾਂ ’ਤੇ ਉਤਰਨ ਦੇ ਦਾਅਵੇ ਤੇ ਤਿਆਰੀ ਕਰ ਰਹੀ ਹੈ ਪਰ ਉਸ ਲਈ ਇਹ ਪੈਂਡਾ ਸੌਖਾ ਨਹੀਂ ਹੋਵੇਗਾ।

(ਬਾਕੀ ਸਫ਼ਾ 27 ’ਤੇ)

# ਰਾਮ ਮੰਦਰ ਦੀ ਚੋਰੀ: ਕਰੋੜਾਂ ਹਿੰਦੂਆਂ ਦੀ ਆਸਥਾ ਅਤੇ ਸੰਘ ਦੀ ਦੁਚਿੱਤੀ



ਆਸ਼ੂਤੋਸ਼ ਸੀਨੀਅਰ ਪੱਤਰਕਾਰ



ਲਗਦਾ ਹੈ ਕਿ ਸਮਾਂ ਆਰ.ਐੱਸ.ਐੱਸ. (ਸੰਘ) ਲਈ ਚੰਗਾ ਨਹੀਂ ਹੈ। ਪਹਿਲਾਂ ਪ੍ਰਿਯਾਂਕ ਖੜਗੇ ਨੇ ਸੰਘ ਦੀ ਰਜਿਸਟ੍ਰੇਸ਼ਨ ਦੀ ਮੰਗ ਕਰਦਿਆਂ ਪੱਤਰ ਲਿਖ ਕੇ ਮੁੱਦਾ ਉਠਾਇਆ, ਜਿਸ ਦਾ ਸੰਘ ਕੋਲ ਕੋਈ ਜਵਾਬ ਨਹੀਂ ਹੈ। ਹੁਣ ਰਾਮ ਮੰਦਰ ਦੇ ਦਾਨ ਬਕਸੇ 'ਚ ਚੋਰੀ ਹੋਣ ਨੂੰ ਪ੍ਰਧਾਨ ਮੰਤਰੀ ਦੇ ਕਰੀਬੀ ਤੇ ਟਰੱਸਟ ਨਾਲ ਜੁੜੇ ਨ੍ਰਿਪੇਂਦਰ ਮਿਸ਼ਰਾ 'ਖੁੱਲ੍ਹੀ ਡਕੈਤੀ' ਕਹਿ ਰਹੇ ਹਨ। ਸੰਘ ਡੂੰਘੀ ਦੁਚਿੱਤੀ 'ਚ ਹੈ, ਜੇ ਕੋਈ ਤੁਰੰਤ ਕਾਰਵਾਈ ਕੀਤੀ ਤਾਂ ਲੋਕ ਕਹਿਣਗੇ ਕਿ ਸੰਘ ਨੇ ਆਪਣੀ ਗ਼ਲਤੀ ਮੰਨ ਲਈ ਹੈ ਤੇ ਉਸ ਦੇ ਆਪਣੇ ਲੋਕ ਹੀ ਚੋਰ ਨਿਕਲੇ ਹਨ। ਪਰ ਕਾਰਵਾਈ 'ਚ ਦੇਰੀ ਹੋਣ ਕਾਰਨ ਦੋਸ਼ ਲੱਗ ਰਹੇ ਹਨ ਕਿ ਵੱਡੀਆਂ ਮੱਛੀਆਂ ਨੂੰ ਬਚਾਇਆ ਜਾ ਰਿਹਾ ਹੈ। ਸੰਘ 'ਤੇ ਦੋਵੇਂ ਪਾਸਿਆਂ ਤੋਂ ਹਮਲੇ ਹੋ ਰਹੇ ਹਨ ਤੇ ਉਸ ਦੇ ਆਪਣੇ ਸਮਰਥਕ ਗੁੱਸੇ 'ਚ ਪੁੱਛ ਰਹੇ ਹਨ ਕਿ ਸੰਘ ਤੇ ਮੋਹਨ ਭਾਗਵਤ ਚੁੱਪ ਕਿਉਂ ਹਨ ? ਇਹ ਚੋਰੀ ਕਰੋੜਾਂ ਹਿੰਦੂਆਂ ਦੀ ਆਸਥਾ ਨਾਲ ਖਿਲਵਾੜ ਹੈ। ਰਾਮ ਮੰਦਰ ਦੇ ਚੜ੍ਹਾਵੇ ਦੀ ਚੋਰੀ ਨਾਲ ਸੰਘ ਦੇ ਇਮਾਨਦਾਰੀ, ਪਵਿੱਤਰਤਾ ਤੇ ਸਾਦਗੀ ਵਾਲੇ ਘੜੇ ਗਏ ਪ੍ਰਭਾਵ ਨੂੰ ਖੋਰਾ ਲਾ ਦਿੱਤਾ ਹੈ। ਸੰਘ ਦੇ ਵਾਲੰਟੀਅਰਾਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਨਿਰਸਵਾਰਥ ਹੋ ਕੇ ਆਪਣਾ ਜੀਵਨ ਸੰਘ ਦੇ ਕੰਮ ਭਾਵ ਹਿੰਦੂ ਧਰਮ ਦੀ ਤਰੱਕੀ ਲਈ ਸਮਰਪਿਤ ਕਰਦੇ ਹਨ। ਇਸ ਚੋਰੀ ਨੇ ਉਨ੍ਹਾਂ ਦੇ ਅਕਸ ਨੂੰ ਢਾਹ ਲਗਾਈ ਹੈ, ਕਿਉਂਕਿ ਚੋਰੀ ਭਗਵਾਨ ਰਾਮ ਦੇ ਉਸ ਘਰ 'ਚ ਹੋਈ ਹੈ, ਜਿਸ ਬਾਰੇ ਸੰਘ ਬੜੇ ਮਾਣ ਨਾਲ ਦਾਅਵਾ ਕਰਦਾ ਹੈ ਕਿ ਰਾਮ ਮੰਦਰ ਦੀ ਉਸਾਰੀ ਲਈ ਉਸ ਦੇ ਵਾਲੰਟੀਅਰਾਂ ਨੇ ਲਾਠੀਆਂ ਖਾਧੀਆਂ ਤੇ ਆਪਣੀਆਂ ਜਾਨਾਂ ਤੱਕ ਕੁਰਬਾਨ ਕੀਤੀਆਂ ਹਨ। ਇਸ ਰਾਮ ਮੰਦਰ ਦੇ ਨਾਂਅ 'ਤੇ ਭਾਜਪਾ ਨੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਉਨ੍ਹਾਂ ਦੀਆਂ ਵੋਟਾਂ ਪ੍ਰਾਪਤ ਕੀਤੀਆਂ, 'ਜੈ ਸ੍ਰੀ ਰਾਮ' ਦਾ ਨਾਅਰਾ ਨਾ ਲਗਾਉਣ ਵਾਲੇ ਤੇ ਮੰਦਰ ਦੇ ਦਰਸ਼ਨ ਨਾ ਕਰਨ ਵਾਲਿਆਂ ਨੂੰ ਰਾਮ ਵਿਰੋਧੀ ਤੱਕ ਕਿਹਾ ਗਿਆ। ਇਸ ਸਭ ਦੇ ਪਿੱਛੇ ਰਾਮ ਪ੍ਰਤੀ ਆਸਥਾ ਘੱਟ ਤੇ ਰਾਜਨੀਤੀ ਜ਼ਿਆਦਾ ਸੀ, ਜਿਸ ਦਾ ਮਕਸਦ ਸਿਰਫ਼ ਵੋਟਾਂ ਹਾਸਲ ਕਰਨਾ ਅਤੇ ਕੇਂਦਰ ਤੇ ਰਾਜਾਂ 'ਚ ਸਰਕਾਰਾਂ ਬਣਾਉਣਾ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਜਨਵਰੀ 2024 'ਚ ਰਾਮ ਮੰਦਰ ਦੇ ਉਦਘਾਟਨ ਸਮੇਂ ਕਿਹਾ ਸੀ, ਕਿ ਇਹ ਸਿਰਫ਼ ਇੱਕ ਮੰਦਰ ਨਹੀਂ ਹੈ, ਇਹ ਹਿੰਦੂ ਪੁਨਰਜਾਗਰਣ ਦਾ ਪ੍ਰਤੀਕ ਹੈ ਤੇ ਇਸ ਨੂੰ ਹਜ਼ਾਰਾਂ ਸਾਲਾਂ ਤੱਕ ਯਾਦ ਰੱਖਿਆ ਜਾਵੇਗਾ। ਬਿਨਾਂ ਸ਼ੱਕ ਰਾਮ ਮੰਦਰ ਅੰਦੋਲਨ ਨੇ ਸੰਘ ਪਰਿਵਾਰ ਦੇ ਹਿੰਦੂ ਏਕਤਾ ਨੂੰ ਨਵੀਆਂ ਉੱਚਾਈਆਂ 'ਤੇ ਪਹੁੰਚਾਉਂਦਿਆ, ਹਿੰਦੂਆਂ ਦੇ ਇੱਕ ਵੱਡੇ ਹਿੱਸੇ 'ਚ ਹਿੰਦੂ ਧਰਮ ਪ੍ਰਤੀ ਮਾਣ ਦੀ ਭਾਵਨਾ ਪੈਦਾ ਕੀਤੀ ਹੈ। ਅੱਜ ਭਾਜਪਾ ਦੀਆਂ ਕੇਂਦਰ ਤੇ ਦੋ-ਤਿਹਾਈ ਰਾਜਾਂ 'ਚ ਸਰਕਾਰਾਂ ਹਨ, ਇਸ ਦਾ ਵੱਡਾ ਕਾਰਨ ਹਿੰਦੂ ਚੇਤਨਾ ਦਾ ਉਹ ਉਭਾਰ ਹੈ, ਜਿਸ ਦਾ ਸੁਪਨਾ ਕਦੇ ਡਾ. ਹੈਡਗੇਵਾਰ ਨੇ ਦੇਖਿਆ ਸੀ ਤੇ ਜਿਸ ਲਈ ਹਜ਼ਾਰਾਂ ਵਾਲੰਟੀਅਰ ਆਪਣੀ ਸਾਰੀ ਜ਼ਿੰਦਗੀ ਕੁਆਰੇ ਰਹਿੰਦੇ ਹਨ। ਪਰ ਇਹ ਵੀ ਸੱਚ ਹੈ ਕਿ 2014 ਤੋਂ ਬਾਅਦ ਸੰਘ ਪਰਿਵਾਰ ਦਾ ਸੁਭਾਅ ਤੇ ਰੂਪ ਦੋਵੇਂ ਬਦਲੇ ਹਨ ਤੇ ਤੇਜ਼ੀ ਨਾਲ ਬਦਲ ਰਹੇ ਹਨ। ਪਹਿਲਾਂ ਕੁੜਤਾ-ਪਜਾਮਾ ਪਾਉਣ ਵਾਲੇ ਸਵੈਮਸੇਵਕ (ਵਾਲੰਟੀਅਰ) ਦਾਲ ਚਾਵਲ ਖਾ ਕੇ ਸੰਘ ਦੇ ਕੰਮਾਂ 'ਚ ਲੱਗੇ ਰਹਿੰਦੇ ਸਨ, ਪਰ ਹੁਣ ਉਹ ਸਾਦਗੀ ਨੂੰ ਛੱਡ ਕੇ ਐਸ਼ੋ-ਆਰਾਮ ਦਾ ਜੀਵਨ ਬਤੀਤ ਕਰਦੇ ਹਨ।

ਰੇਲ ਦੇ ਆਮ ਡੱਬਿਆਂ 'ਚ ਯਾਤਰਾ ਕਰਨ ਵਾਲੇ ਸੰਘ ਦੇ ਵਰਕਰ ਅੱਜ ਜਹਾਜ਼ ਦੀ ਬਿਜ਼ਨਸ ਕਲਾਸ 'ਚ ਯਾਤਰਾ ਕਰਦੇ ਹਨ ਤੇ ਉਨ੍ਹਾਂ ਲਈ ਪ੍ਰਾਈਵੇਟ ਜੈੱਟਾਂ ਦਾ ਪ੍ਰਬੰਧ ਤੱਕ ਕੀਤਾ ਜਾਂਦਾ ਹੈ। ਉਹ ਪਹਿਲਾਂ ਵਾਂਗ ਵਰਕਰਾਂ ਦੇ ਘਰਾਂ 'ਚ ਨਹੀਂ ਠਹਿਰਦੇ, ਉਹ 7 ਸਟਾਰ 'ਚ ਠਹਿਰਾਉਣ ਦੀ ਮੰਗ ਕਰਦੇ ਹਨ।

ਮੈਂ ਉਹ ਦਿਨ ਵੀ ਦੇਖੇ ਹਨ ਜਦੋਂ ਸੰਘ ਤੇ ਭਾਜਪਾ ਦੇ ਨੇਤਾ ਮੇਰੇ ਵਰਗੇ ਪੱਤਰਕਾਰਾਂ ਕੋਲੋਂ ਦਿੱਲੀ 'ਚ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਲਈ ਮੋਟਰਸਾਈਕਲਾਂ 'ਤੇ 'ਲਿਫਟ' ਲੈਂਦੇ ਸਨ ਤੇ ਪ੍ਰਮੋਦ ਮਹਾਜਨ ਵਰਗੇ ਨੇਤਾਵਾਂ ਦੀ ਪੰਜ-ਸਿਤਾਰਾ ਜੀਵਨ ਸ਼ੈਲੀ ਦੀ ਆਲੋਚਨਾ ਕਰਦੇ ਸਨ। ਪਰ ਅੱਜ ਮਾਹੌਲ ਬਦਲ ਗਿਆ ਹੈ, ਪਾਰਟੀ ਤੇ ਸੰਗਠਨ ਦੇ 'ਚਾਲ, ਚਰਿੱਤਰ ਤੇ ਚਿਹਰੇ' ਦੀ ਗੱਲ ਕਰਨ ਵਾਲੇ ਰਾਜਨੀਤੀ 'ਚ ਸ਼ੁੱਧਤਾ ਬਾਰੇ ਗੱਲ ਨਹੀਂ ਕਰਦੇ। ਕਦੇ ਸਾਦਗੀ ਦੇ ਪ੍ਰਤੀਕ ਰਹੇ ਸੰਘ ਦੇ ਦਫ਼ਤਰ ਹੁਣ ਐਸ਼ੋ-ਆਰਾਮ ਦੀ ਹਰ ਚੀਜ਼ ਨਾਲ ਲੈਸ ਹੋ ਕੇ ਗਗਨਚੁੰਬੀ ਇਮਾਰਤਾਂ 'ਚ ਤਬਦੀਲ ਹੋ ਚੁੱਕੇ ਹਨ। ਇਹ ਮਹਿਜ਼ ਇਮਾਰਤਾਂ ਦਾ ਬਦਲਾਅ ਨਹੀਂ ਹੈ; ਸਗੋਂ ਉਸ ਬਦਲਾਅ ਦਾ ਨਤੀਜਾ ਹਨ, ਜੋ ਸੱਤਾ ਆਪਣੇ ਨਾਲ ਲੈ ਕੇ ਆਉਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸੱਤਾ ਭ੍ਰਿਸ਼ਟ ਕਰਦੀ ਹੈ ਤੇ ਪੂਰਨ ਸੱਤਾ ਪੂਰੀ ਤਰ੍ਹਾਂ ਭ੍ਰਿਸ਼ਟ ਕਰ ਦਿੰਦੀ ਹੈ। ਇਸ ਬਾਰੇ ਗੱਲ ਕਰਨ ਵਾਲੇ ਆਲੋਚਕਾਂ ਨੂੰ ਗਾਲ੍ਹਾਂ ਦਿੰਦਿਆਂ 'ਸਨਾਤਨ ਵਿਰੋਧੀ' ਕਿਹਾ ਜਾਂਦਾ ਹੈ। ਅੱਜ ਦੇ ਸੰਘ 'ਚ 'ਸੱਤਾ ਤੇ ਤਾਕਤ ਦੀ ਪੂਜਾ' ਹੀ ਸਭ ਤੋਂ ਉੱਪਰ ਹੈ, 'ਸੱਚ' ਤਾਂ ਬਹੁਤ ਪਿੱਛੇ ਰਹਿ ਗਿਆ ਹੈ। ਜਿਹੜੇ ਸੰਘ ਵਰਕਰ ਕਿਸੇ ਅਹੁਦੇ ਦੀ ਲਾਲਸਾ ਬਗੈਰ ਸਾਲਾਂ ਤੱਕ ਕੰਮ ਕਰਦੇ ਸਨ, ਹੁਣ ਉਹ ਅਹੁਦਿਆਂ ਦੀ ਦੌੜ 'ਚ ਲੱਗੇ ਹੋਏ ਹਨ ਤੇ ਹਰ ਪਾਸੇ ਪੈਸੇ ਦਾ ਬੋਲਬਾਲਾ ਹੈ। ਸੰਘ 'ਚ ਅੱਜ ਵੀ ਹਜ਼ਾਰਾਂ ਇਮਾਨਦਾਰ ਵਰਕਰ ਹਨ, ਪਰ ਸੱਤਾ ਦੇ ਚੱਕਰਵਿਊ ਨੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ।

ਸੱਤਾ ਤੋਂ ਵੱਡਾ ਕੋਈ ਚੁੰਬਕ ਨਹੀਂ ਹੁੰਦਾ, ਉਹ ਲੋਕਾਂ ਨੂੰ ਆਪਣੇ ਵੱਲ ਖਿੱਚਦੀ ਹੈ। 2014 ਤੋਂ ਬਾਅਦ ਅਚਾਨਕ 'ਨਵੇਂ ਸਵੈਮਸੇਵਕਾਂ' ਦੀ ਇੱਕ ਵੱਡੀ ਫ਼ੌਜ ਖੜ੍ਹੀ ਹੋ ਗਈ ਹੈ। ਜਿਹੜੇ ਕਦੇ ਭਾਜਪਾ, ਸੰਘ, ਹਿੰਦੂਤਵ ਤੇ ਮੋਦੀ ਦੀ ਭੰਡੀ ਕਰਦਿਆਂ ਆਪਣੇ ਆਪ ਨੂੰ ਉਨ੍ਹਾਂ ਨਾਲ ਜੋੜਨਾ ਪਸੰਦ ਨਹੀਂ ਕਰਦੇ ਸਨ, ਅੱਜ ਸੱਤਾ ਦਾ ਅਨੰਦ ਮਾਨਣ ਲਈ ਸਭ ਤੋਂ ਮੂਹਰੇ ਹੋ ਕੇ ਖੜ੍ਹੇ ਹਨ।

ਸੰਘ ਦੇ ਇਮਾਨਦਾਰ ਵਰਕਰਾਂ ਨੂੰ ਪਿੱਛੇ ਧੱਕ ਕੇ ਤੇਜ਼-ਤਰਾਰ ਲੋਕ ਸੱਤਾ ਦੇ ਸਭ ਤੋਂ ਭਰੋਸੇਮੰਦ ਸਿਪਾਹੀ ਬਣ ਕੇ ਹਰ ਦਰਵਾਜ਼ੇ 'ਤੇ ਦਰਬਾਨ ਬਣ ਗਏ ਹਨ। ਕੁਝ ਮੰਤਰੀ ਬਣ ਗਏ ਹਨ, ਕੁਝ ਹੋਰ ਉੱਚ ਸੰਵਿਧਾਨਕ ਅਹੁਦਿਆਂ 'ਤੇ ਬਿਰਾਜਮਾਨ ਹੋ ਗਏ ਤੇ ਕਈ ਸੱਤਾ ਦੀਆਂ ਹੋਰ ਸੰਸਥਾਵਾਂ 'ਚ 'ਐਡਜਸਟ' ਹੋ ਗਏ ਜਾਂ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਨੂੰ ਨਹੀਂ ਪਤਾ ਕਿ ਸੰਘ ਦੇ ਉੱਚ ਅਹੁਦੇਦਾਰ ਇਸ ਤਬਦੀਲੀ ਨੂੰ ਕਿਵੇਂ ਵੇਖਦੇ ਹਨ, ਪਰ ਇਹ ਵਰਤਾਰਾ ਸੰਘ ਦੇ ਅੰਦਰ ਇਮਾਨਦਾਰ ਵਰਕਰਾਂ ਵਿੱਚ ਬਹੁਤ ਅਸੰਤੋਸ਼ ਪੈਦਾ ਕਰ ਰਿਹਾ ਹੈ, ਕਿਉਂਕਿ ਉਹ ਦੇਖ ਰਹੇ ਹਨ ਕਿ ਕੁਝ ਸਮਾਂ ਪਹਿਲਾਂ ਤੱਕ ਸੰਘ ਨੂੰ ਗਾਲ੍ਹਾਂ ਦੇਣ ਵਾਲੇ ਲੋਕ ਅੱਜ ਸਰਕਾਰ ਤੇ ਸੰਘ ਦੇ ਚਹੇਤੇ ਬਣ ਗਏ ਹਨ। ਉਹ ਪੁੱਛਦੇ ਹਨ ਕਿ ਅਸੀਂ ਬਚਪਨ ਤੋਂ ਸੰਘ ਦੀ ਸੇਵਾ ਕਰਦਿਆਂ ਉਹ ਸਭ ਕਿਉਂ ਨਹੀਂ ਕਰ ਸਕੇ ਜੋ, ਇਹ 'ਨਵੇਂ ਵਾਲੰਟੀਅਰ' ਕਰ ਰਹੇ ਹਨ।

ਰਾਮ ਮੰਦਰ ਵਿੱਚ ਜੋ ਕੁਝ ਹੋਇਆ ਉਹ ਇਸੇ ਬਦਲਾਅ ਦਾ ਪ੍ਰਤੀਕ ਹੈ। ਜਦੋਂ ਇੱਕ ਵਾਰ ਤਾਮਸਿਕ (ਲਾਲਚ) ਪ੍ਰਵਿਰਤੀਆਂ ਹਾਵੀ ਹੋ ਜਾਣ ਤਾਂ ਉਹ ਆਸਾਨੀ ਨਾਲ ਪਿੱਛਾ ਨਹੀਂ ਛੱਡਦੀਆਂ। ਸੰਘ ਨੂੰ ਹੁਣ ਸੱਤਾ ਦਾ ਸੁਆਦ ਲੱਗ ਗਿਆ ਹੈ ਤੇ ਇਸ ਸੁਆਦ ਤੋਂ ਪਿੱਛਾ ਛੁਡਾਉਣਾ ਲਗਭਗ ਅਸੰਭਵ ਹੈ। ਕਾਂਗਰਸ ਨੂੰ ਇਸ ਦਾ ਅਹਿਸਾਸ 1937 ਵਿੱਚ ਹੋ ਗਿਆ ਸੀ, ਜਦੋਂ ਉਸ ਨੇ ਪਹਿਲੀ ਵਾਰ ਰਸਮੀ ਤੌਰ 'ਤੇ ਸੱਤਾ 'ਚ ਹਿੱਸੇਦਾਰੀ ਕਰਦਿਆਂ ਮੰਤਰੀਆਂ ਦੇ ਅਹੁਦਿਆਂ ਦਾ ਅਨੰਦ ਮਾਣਿਆ ਸੀ। ਗਾਂਧੀ ਜੀ ਨੇ ਐਂਵੇ ਤਾਂ ਨਹੀਂ ਕਿਹਾ ਸੀ ਕਿ ਆਜ਼ਾਦੀ ਤੋਂ ਬਾਅਦ ਕਾਂਗਰਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ, ਕਿਉਂਕਿ ਉਹ ਸੱਤਾ ਦੇ 'ਤਾਮਸਿਕ' ਸੁਭਾਅ ਤੋਂ ਜਾਣੂ ਹੋ ਚੁੱਕੀ ਹੈ। ਗਾਂਧੀ ਜਾਣਦੇ ਸਨ ਕਿ ਆਜ਼ਾਦੀ ਦੀ ਲੜਾਈ ਇਕ ਪਵਿੱਤਰ ਸੁਪਨਾ ਸੀ, ਜੋ ਕਾਂਗਰਸ ਨੂੰ ਲਗਾਤਾਰ ਉਤਸ਼ਾਹਿਤ ਕਰਦਾ ਰਿਹਾ ਸੀ। ਪਰ ਜਿਵੇਂ ਹੀ ਕਾਂਗਰਸ ਸੱਤਾ ਦੀ ਦੌੜ ਵਿੱਚ ਸ਼ਾਮਿਲ ਹੋ ਗਈ ਤਾਂ ਇਹ ਸੁਪਨਾ ਬਹੁਤ ਪਿੱਛੇ ਛੁਟ ਗਿਆ ਤੇ ਉਸ ਦੀ 'ਸੱਚਾਈ' ਗੁੰਮਨਾਮੀ 'ਚ ਅਲੋਪ ਹੋ ਗਈ। ਪਾਰਟੀ ਲਈ ਆਪਣੇ ਤੇ ਆਪਣੇ ਲੋਕਾਂ ਲਈ ਸੱਤਾ 'ਚ ਬਣਾਈ ਰੱਖਣਾ ਪਹਿਲੀ ਤਰਜੀਹ ਬਣ ਗਈ।

ਰਾਮ ਮੰਦਰ ਵਿੱਚ ਚੋਰੀ ਵੀ ਇਸੇ ਸੁਭਾਵਿਕ ਪ੍ਰਕਿਰਿਆ ਦਾ ਇਕ ਕੁਦਰਤੀ ਨਤੀਜਾ ਹੈ। ਜਦੋਂ ਗਾਂਧੀ ਦੀ ਕਾਂਗਰਸ ਨਹੀਂ ਬਚੀ ਤਾਂ ਹੈਡਗੇਵਾਰ ਦਾ ਸੰਘ ਪਰਿਵਾਰ ਕਿਵੇਂ ਬਚ ਸਕਦਾ ਸੀ ? ਇਹ ਹੋਣਾ ਹੀ ਸੀ, ਇਸ ਨੇ ਇੱਥੋਂ ਹੇਠਾਂ ਹੀ ਜਾਣਾ ਹੈ, ਕਿਉਂਕਿ ਹੁਣ ਉੱਪਰ ਜਾਣ ਦਾ ਰਸਤਾ ਬੰਦ ਹੋ ਗਿਆ ਹੈ।

# ਸਿੱਖਿਆ ਅਤੇ ਸਿਹਤ ਖੇਤਰ ਦੀ ਨਿਘਰਦੀ ਹਾਲਤ

ਡਾ. ਅਰੁਣ ਮਿਤਰਾ

ਪਿਛਲੇ ਸਮੇਂ ਵਿੱਚ ਵੈਨੇਜ਼ੁਏਲਾ ਦੀ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰੀਗਜ਼ ਭਾਰਤ ਦੇ ਦੌਰੇ 'ਤੇ ਆਏ ਸਨ, ਉਨ੍ਹਾਂ ਦੇ ਭਾਰਤ ਆਉਣ ਬਾਰੇ ਭਾਰਤ ਸਰਕਾਰ ਦੇ ਕਿਸੇ ਬਿਆਨ ਤੋਂ ਪਹਿਲਾਂ ਹੀ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਥੇ ਆ ਕੇ ਇਸ ਦਾ ਐਲਾਨ ਕਰ ਦਿੱਤਾ ਸੀ। ਹੁਣ ਇਹ ਆਮ ਹੋ ਗਿਆ ਹੈ ਕਿ ਭਾਰਤ ਭਵਿੱਖ 'ਚ ਕੀ ਕਰਨ ਵਾਲਾ ਹੈ, ਇਸ ਬਾਰੇ ਅਮਰੀਕਾ ਦੇ ਬਿਆਨ ਪਹਿਲਾਂ ਆ ਜਾਂਦੇ ਹਨ ਤੇ ਭਾਰਤ ਸਰਕਾਰ ਉਸ ਬਾਰੇ ਆਪਣਾ ਪੱਖ ਬਾਅਦ 'ਚ ਰੱਖਦੀ ਹੈ। ਅਮਰੀਕੀ ਫ਼ੌਜ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਸ ਦੀ ਪਤਨੀ ਨੂੰ 3 ਜਨਵਰੀ 2026 ਨੂੰ ਰਾਤ ਸਮੇਂ ਗ੍ਰਿਫ਼ਤਾਰ ਕਰਕੇ ਅਮਰੀਕਾ ਲੈ ਗਈ ਤੇ ਜੇਲ੍ਹ 'ਚ ਬੰਦ ਕਰ ਦਿੱਤਾ ਸੀ। ਉਨ੍ਹਾਂ 'ਤੇ ਨਸ਼ਾ ਤਸਕਰੀ ਤੇ ਅਮਰੀਕਾ 'ਚ ਨਸ਼ੇ ਫੈਲਾਉਣ ਦੇ ਲਗਾਏ ਗਏ ਦੋਸ਼ਾਂ ਦਾ ਨਾ ਕੋਈ ਸਬੂਤ ਪੇਸ਼ ਕੀਤਾ ਗਿਆ ਤੇ ਨਾ ਹੀ ਇਨ੍ਹਾਂ ਦੀ ਕੋਈ ਪੁਸ਼ਟੀ ਹੋਈ। ਪਰ ਰਾਸ਼ਟਰਪਤੀ ਟਰੰਪ ਵੱਲੋਂ ਲਗਾਏ ਦੋਸ਼ਾਂ ਦੇ ਆਧਾਰ 'ਤੇ ਦੁਨੀਆ ਭਰ ਦੇ ਅਖ਼ਬਾਰਾਂ ਨੇ ਖ਼ਬਰਾਂ ਛਾਪ ਕੇ ਮਾਦੂਰੋ ਨੂੰ ਦੋਸ਼ੀ ਠਹਿਰਾ ਦਿੱਤਾ ਸੀ। ਇਸ ਤੋਂ ਪਹਿਲਾਂ 1989 'ਚ ਪਨਾਮਾ ਦੇ ਸ਼ਾਸਕ ਮੈਨੂਅਲ ਨੋਰੀਏਗਾ ਨੂੰ ਵੀ ਅਮਰੀਕਾ ਨੇ ਉਸ ਦੇ ਦੇਸ਼ 'ਚ ਜਾ ਕੇ ਨਸ਼ਾ ਤਸਕਰੀ ਦੇ ਦੋਸ਼ਾਂ ਹੇਠ ਹਿਰਾਸਤ 'ਚ ਲੈ ਲਿਆ ਸੀ। ਅਮਰੀਕਾ ਲੋਕਤੰਤਰ ਦੀ ਬਹਾਲੀ ਦੇ ਨਾਂਅ 'ਤੇ ਸੈਨਿਕ ਦਖ਼ਲ ਦੇ ਕੇ ਇਰਾਕ ਤੇ ਲੀਬੀਆ ਵਿਚ ਉੱਥੋਂ ਦੇ ਰਾਜ ਮੁਖੀਆਂ ਨੂੰ ਕਾਬੂ ਕਰਕੇ ਮਰਵਾ ਚੁੱਕਾ ਹੈ।

ਮਾਦੂਰੋ ਨੂੰ ਹਟਾਉਣ ਤੋਂ ਬਾਅਦ ਅਮਰੀਕੀ ਦਬਾਅ ਹੇਠ ਜਦੋਂ ਵੈਨੇਜ਼ੁਏਲਾ ਦੀ ਸਰਕਾਰ ਨੇ ਆਪਣੀਆਂ ਨੀਤੀਆਂ 'ਚ ਤਬਦੀਲੀਆਂ ਕੀਤੀਆਂ ਤਾਂ ਚਰਚਾ ਹੋਣ ਲੱਗੀ ਕਿ ਅਮਰੀਕਾ ਨਾਲ ਚੰਗੇ ਸੰਬੰਧ ਬਣਾਉਣਾ ਹੀ ਦੇਸ਼ ਦੇ ਹਿਤ 'ਚ ਹੈ। ਮਾਦੂਰੋ ਤੋਂ ਪਹਿਲਾਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਹਿਊਗੋ ਚਾਵੇਜ਼ ਵੱਲੋਂ ਦੇਸ਼ ਦੇ ਤੇਲ ਸਰੋਤਾਂ 'ਤੇ ਅਮਰੀਕੀ ਕੰਪਨੀਆਂ ਦੇ ਕਬਜ਼ੇ ਨੂੰ ਖਤਮ ਕਰਨ ਕਰਕੇ ਉਹ ਵੀ ਅਮਰੀਕਾ ਦੀਆਂ ਅੱਖਾਂ 'ਚ ਚੁੱਭਦੇ ਸਨ। ਚਾਵੇਜ਼ ਦੀ ਮੌਤ ਤੋਂ ਬਾਅਦ ਰਾਸ਼ਟਰਪਤੀ ਮਾਦੂਰੋ ਨੇ ਵੀ ਉਨ੍ਹਾਂ ਦੀਆਂ ਨੀਤੀਆਂ ਨੂੰ ਜਾਰੀ ਰੱਖਿਆ ਸੀ। ਪਰ ਹੁਣ ਲੱਗਦਾ ਹੈ ਕਿ ਮੌਜੂਦਾ ਰਾਸ਼ਟਰਪਤੀ ਰੋਡਰੀਗਜ਼ ਨੇ ਅਮਰੀਕਾ ਨਾਲ ਸਮਝੌਤੇ ਦਾ ਰਸਤਾ ਅਪਣਾ ਲਿਆ ਹੈ। ਉਨ੍ਹਾਂ ਦੇ ਇਸ ਦੌਰੇ ਦੀ ਇਹੀ ਮਹੱਤਤਾ ਸੀ, ਕਿ ਹੁਣ ਭਾਰਤ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ, ਵੈਨੇਜ਼ੁਏਲਾ ਤੋਂ ਤੇਲ ਖਰੀਦਣ ਦਾ ਮਤਲਬ ਅਮਰੀਕੀ ਕੰਪਨੀਆਂ ਤੋਂ




ਤੇਲ ਖਰੀਦਣਾ। ਸ਼ਾਇਦ ਇਸੇ ਲਈ ਵੈਨਜ਼ੁਏਲਾ ਦੀ ਕਾਰਜਕਾਰੀ ਰਾਸ਼ਟਰਪਤੀ ਨੂੰ ਅਮਰੀਕਾ ਵੱਲੋਂ ਭਾਰਤ ਭੇਜਿਆ ਗਿਆ ਸੀ। ਭਾਰਤ ਇਸ ਤੋਂ ਪਹਿਲਾਂ ਰੂਸ ਤੇ ਇਰਾਨ ਤੋਂ ਤੇਲ ਖਰੀਦਦਾ ਸੀ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਤਾਂ ਭਾਰਤ ਨੂੰ ਸਸਤਾ ਤੇਲ ਰੁਪਏ 'ਚ ਦੇਣ ਦੀ ਪੇਸ਼ਕਸ਼ ਤੱਕ ਕਰ ਚੁੱਕੇ ਸਨ।

ਟਰੰਪ ਵੱਲੋਂ ਭਾਰਤ 'ਤੇ ਕਈ ਵਾਰ ਰੂਸ ਤੇ ਇਰਾਨ ਤੋਂ ਤੇਲ ਨਾ ਖਰੀਦਣ ਲਈ ਪਾਬੰਦੀਆਂ ਲਾਈਆਂ ਗਈਆਂ ਹਨ ਤੇ ਅਮਰੀਕਾ ਭਾਰਤ ਨੂੰ ਅਮਰੀਕੀ ਸਰੋਤਾਂ ਤੋਂ ਤੇਲ ਖਰੀਦਣ ਲਈ ਵੀ ਕਹਿੰਦਾ ਰਿਹਾ ਹੈ। ਇਰਾਨ ਤੇ ਰੂਸ ਭੂਗੋਲਿਕ ਤੌਰ 'ਤੇ ਭਾਰਤ ਦੇ ਨੇੜੇ ਹੋਣ ਕਰਕੇ ਉਨ੍ਹਾਂ ਦਾ ਤੇਲ ਸਸਤਾ ਤੇ ਉਸ ਦੀ ਢੋਆ-ਢੁਆਈ ਦਾ ਖਰਚਾ ਤੇ ਸਮਾਂ ਵੀ ਘੱਟ ਲੱਗਦਾ ਹੈ। ਪਰ ਵੈਨੇਜ਼ੁਏਲਾ ਦੇ ਭਾਰਤ ਤੋਂ ਬਹੁਤ ਦੂਰ ਹੋਣ ਕਰਕੇ ਉਥੋਂ ਤੇਲ ਦੇ ਜਹਾਜ਼ਾਂ ਨੂੰ ਭਾਰਤ ਪਹੁੰਚਣ 'ਚ 40 ਦਿਨ ਤੱਕ ਲੱਗਦੇ ਹਨ, ਜਦਕਿ ਇਰਾਨ ਤੋਂ ਤੇਲ ਆਮ ਤੌਰ 'ਤੇ 10 ਤੋਂ 12 ਦਿਨਾਂ 'ਚ ਭਾਰਤ ਪਹੁੰਚ ਜਾਂਦਾ ਹੈ। ਵੈਨੇਜ਼ੁਏਲਾ ਦਾ ਤੇਲ ਮਹਿੰਗਾ ਪੈਣ ਤੋਂ ਇਲਾਵਾ ਇਸ ਦੀ ਖਰੀਦ ਵੀ ਅਮਰੀਕੀ ਡਾਲਰਾਂ 'ਚ ਕਰਨੀ ਪੈਂਦੀ ਹੈ। ਭਾਰਤ ਸਰਕਾਰ ਲਗਾਤਾਰ ਅਮਰੀਕੀ ਨੀਤੀਆਂ ਤੇ ਰਾਸ਼ਟਰਪਤੀ ਟਰੰਪ ਦੇ ਦਬਾਅ ਅੱਗੇ ਝੁਕਦੀ ਨਜ਼ਰ ਆ ਰਹੀ ਹੈ, ਭਾਰਤ ਵਰਗੇ ਵੱਡੇ ਦੇਸ਼ ਲਈ ਇਹ ਚਿੰਤਾ ਦਾ ਵਿਸ਼ਾ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ, ਜਿੱਥੇ ਪ੍ਰਤਿਭਾਸ਼ਾਲੀ ਤੇ ਬੁੱਧੀਮਾਨ ਨੌਜਵਾਨਾਂ ਦੀ ਕੋਈ ਘਾਟ ਨਹੀਂ। ਭਾਰਤੀ ਪੇਸ਼ੇਵਰ ਅਮਰੀਕਾ ਤੇ ਹੋਰ ਦੇਸ਼ਾਂ 'ਚ ਆਪਣੀ ਯੋਗਤਾ ਦਾ ਲੋਹਾ ਮਨਵਾ ਰਹੇ ਹਨ। ਪਰ ਭੂ-ਰਾਜਨੀਤੀ ਤੇ ਰਣਨੀਤਕ ਮਾਮਲਿਆਂ 'ਚ ਭਾਰਤ ਦਾ ਨਾਂਅ ਅੱਜ ਵੱਡੀਆਂ ਤਾਕਤਾਂ ਦੇ ਨਾਲ ਘੱਟ ਹੀ ਲਿਆ ਜਾਂਦਾ ਹੈ। ਹਰ ਵਾਰ ਰੂਸ, ਚੀਨ ਤੇ ਅਮਰੀਕਾ ਨੂੰ ਹੀ ਤਿੰਨ ਪ੍ਰਮੁੱਖ ਵਿਸ਼ਵ ਸ਼ਕਤੀਆਂ ਵਜੋਂ ਪੇਸ਼ ਕੀਤਾ ਜਾਂਦਾ ਹੈ, ਜਦਕਿ ਭਾਰਤ ਨੂੰ ਵਧੇਰੇ ਕਰਕੇ ਇੱਕ ਵੱਡੇ ਬਾਜ਼ਾਰ ਦੇ ਰੂਪ 'ਚ ਦੇਖਿਆ ਜਾਂਦਾ ਹੈ। ਬਦਲ ਰਹੀ ਦੁਨੀਆ 'ਚ ਰੂਸ ਤੇ ਚੀਨ ਕਈ ਮਸਲਿਆਂ 'ਤੇ ਮਿਲ ਕੇ ਕੰਮ ਕਰਦਿਆਂ ਭੂ-ਰਾਜਨੀਤਕ ਖੇਤਰ 'ਚ ਆਪਣਾ ਪ੍ਰਭਾਵ ਵਧਾ ਰਹੇ ਹਨ। ਸੰਯੁਕਤ ਅਰਬ ਅਮੀਰਾਤ ਦੇ ਇਜ਼ਰਾਇਲ ਤੇ ਅਮਰੀਕਾ ਦੋਹਾਂ ਨਾਲ ਨੇੜਲੇ ਸੰਬੰਧ ਹਨ, ਪਰ ਖਾੜੀ ਖੇਤਰ ਦੇ ਕਈ ਹੋਰ ਦੇਸ਼ ਅਮਰੀਕੀ ਪ੍ਰਭਾਵ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰ-ਵਾਰ ਭਾਰਤ ਨੂੰ 'ਵਿਸ਼ਵ ਗੁਰੂ' ਦੱਸਦੇ ਹਨ, ਉਹ ਅਜਿਹੇ ਮਨਘੜਤ ਦਾਅਵੇ ਕਰਨ ਤੋਂ ਬਿਲਕੁਲ ਨਹੀਂ ਝਿਜਕਦੇ। ਪਰ ਅੱਜ ਸਾਰੀ ਦੁਨੀਆ ਭਾਰਤ ਦੀ ਆਰਥਿਕ ਸਥਿਤੀ ਦੇ ਨਾਲ-ਨਾਲ ਸਿਹਤ ਤੇ ਸਿੱਖਿਆ ਸਥਿਤੀ ਦੀ ਅਸਲ ਤਸਵੀਰ ਤੋਂ ਵੀ ਜਾਣੂ ਹੋ ਚੁੱਕੀ ਹੈ। ਆਰਥਿਕ ਤੌਰ 'ਤੇ ਕਮਜ਼ੋਰ ਵਰਗ ਅਜੇ ਵੀ ਮਿਆਰੀ ਸਕੂਲੀ ਤੇ ਉੱਚ ਸਿੱਖਿਆ ਤੋਂ ਵਾਂਝੇ ਹਨ। ਇਸ ਸਮੇਂ ਭਾਰਤ ਦੀ ਇਕ ਵੀ ਯੂਨੀਵਰਸਿਟੀ ਦੁਨੀਆ ਦੀਆਂ ਸਿਖਰਲੀਆਂ 100 ਯੂਨੀਵਰਸਿਟੀਆਂ 'ਚ ਸ਼ਾਮਿਲ ਨਹੀਂ ਹੈ। ਸਿਹਤ ਸੇਵਾਵਾਂ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ ਹੈ ਤੇ ਸਿਹਤ ਖੇਤਰ ਦਾ ਵੱਡਾ ਹਿੱਸਾ ਕਾਰਪੋਰੇਟ ਕੰਟਰੋਲ ਹੇਠ ਆ ਚੁੱਕਾ ਹੈ। 19 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ 'ਚ ਬੇਰੁਜ਼ਗਾਰੀ ਦੀ ਦਰ 15 ਤੋਂ 20 ਫ਼ੀਸਦੀ ਹੈ, ਜੋ ਕਿਸੇ ਵੀ ਦੇਸ਼ ਲਈ ਚਿੰਤਾਜਨਕ ਸਥਿਤੀ ਹੈ। ਦਲਿਤਾਂ, ਘੱਟ ਗਿਣਤੀਆਂ ਤੇ ਔਰਤਾਂ 'ਤੇ ਅੱਤਿਆਚਾਰ ਵਧ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਉਸ ਸਮੇਂ ਇਜ਼ਰਾਇਲ ਦਾ ਦੌਰਾ ਕੀਤਾ ਸੀ, ਜਦੋਂ ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਹਮਲੇ ਦੀਆਂ ਤਿਆਰੀਆਂ ਮੁਕੰਮਲ ਕਰਨ ਦੀਆਂ ਖ਼ਬਰਾਂ ਆ ਰਹੀਆਂ ਸਨ। ਮੋਦੀ ਨੇ ਇਜ਼ਰਾਇਲੀ ਸੰਸਦ 'ਚ ਹਮਾਸ ਦੇ ਹਮਲਿਆਂ ਦੀ ਨਿੰਦਾ ਕੀਤੀ, ਪਰ ਇਜ਼ਰਾਇਲੀ ਫ਼ੌਜੀ ਕਾਰਵਾਈਆਂ ਦੌਰਾਨ ਗਾਜ਼ਾ ਵਿੱਚ 20,000 ਬੱਚਿਆਂ ਸਮੇਤ ਮਾਰੇ ਗਏ 70,000 ਫ਼ਿਲਸਤੀਨੀਆਂ ਦਾ ਕੋਈ ਜ਼ਿਕਰ ਨਾ ਕੀਤਾ। ਉਨ੍ਹਾਂ ਭਾਰਤ ਦੇ ਇਜ਼ਰਾਇਲ ਦੇ ਨਾਲ ਹਮੇਸ਼ਾ ਤੇ ਹਰ ਹਾਲਤ 'ਚ ਖੜ੍ਹਾ ਰਹਿਣ ਦਾ ਵਾਅਦਾ ਕੀਤਾ। ਜਦੋਂ ਅਮਰੀਕਾ ਤੇ ਇਜ਼ਰਾਇਲ ਦੀ ਕਾਰਵਾਈ ਦੌਰਾਨ ਇਰਾਨ 'ਚ ਸਕੂਲੀ ਬੱਚੇ ਮਾਰੇ ਗਏ ਤਾਂ ਵੀ ਮੋਦੀ ਨੇ ਜਨਤਕ ਤੌਰ 'ਤੇ ਕੋਈ ਟਿੱਪਣੀ ਨਹੀਂ ਸੀ ਕੀਤੀ। ਆਰ.ਐੱਸ.ਐੱਸ ਦੇ ਮੁਖੀ ਮੋਹਨ ਭਾਗਵਤ ਅਨੁਸਾਰ ਭਾਰਤ 'ਵਿਸ਼ਵ ਗੁਰੂ' ਬਣਨ ਲਈ ਤਿਆਰ ਹੈ, ਪਰ ਇਸ ਲਈ ਲੋੜੀਂਦੀਆਂ ਅੰਦਰੂਨੀ ਤਿਆਰੀਆਂ ਅਜੇ ਅਧੂਰੀਆਂ ਹਨ। ਸਰਕਾਰ ਨੇ ਰਾਸ਼ਟਰੀ ਮਹੱਤਤਾ ਦੇ ਅਸਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਦੇਸ਼ ਦੇ ਲੋਕਾਂ ਨੂੰ ਗ਼ੈਰ ਜ਼ਰੂਰੀ ਫ਼ਿਰਕੂ ਵਿਵਾਦਾਂ ਵੱਲ ਮੋੜ ਦਿੱਤਾ ਹੈ।

(ਬਾਕੀ ਸਫ਼ਾ 27 'ਤੇ)



# ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ






ਜਗਮੋਹਨ ਸਿੰਘ 'ਲੱਕੀ'
9463819174

**ਇਸ ਦੁਨੀਆ ਵਿੱਚ ਕੁਝ ਇਨਸਾਨ ਅਜਿਹੇ ਹੁੰਦੇ ਹਨ, ਜਿੰਨ੍ਹਾਂ 'ਚੋਂ ਫ਼ੁੱਲਾਂ ਵਰਗੀ ਖੁਸ਼ਬੂ ਆਉਂਦੀ ਹੈ। ਇਹ ਇਨਸਾਨ ਆਪਣੀ ਬੋਲ ਬਾਣੀ ਅਤੇ ਕਾਰਗੁਜ਼ਾਰੀ ਰਾਹੀਂ ਦੂਜਿਆਂ ਨੂੰ ਮਹਿਕਾਂ ਵੰਡਦੇ ਰਹਿੰਦੇ ਹਨ। ਅਜਿਹੇ ਲੋਕਾਂ ਦਾ ਜ਼ਿੰਦਗੀ ਪ੍ਰਤੀ ਰਵੱਈਆ ਹਮੇਸ਼ਾ ਹਾਂ-ਪੱਖੀ ਹੁੰਦਾ ਹੈ ਅਤੇ ਅਜਿਹੇ ਲੋਕ ਜ਼ਿੰਦਗੀ ਦੀ ਹਰ ਚੁਣੌਤੀ ਦਾ ਮੁਕਾਬਲਾ ਹੱਸ ਕੇ ਖਿੜੇ ਮੱਥੇ ਕਰਦੇ ਹਨ।**

ਜਿੰਦਗੀ ਦੇ ਇਸ ਸਫ਼ਰ ਦੌਰਾਨ ਅਕਸਰ ਅਨੇਕਾਂ ਅਨਜਾਣੇ ਚਿਹਰਿਆਂ ਨਾਲ ਵੀ ਸਾਡੀ ਮੁਲਾਕਾਤ ਹੋ ਜਾਂਦੀ ਹੈ ਜੋ ਕਿ ਸਾਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕਰ ਜਾਂਦੇ ਹਨ। ਜਿਸ ਕਰਕੇ ਮੂੰਹੋਂ ਅਕਸਰ ਨਿਕਲ ਜਾਂਦਾ ਹੈ ਕਿ 'ਅਸਾਡੀ ਤੁਹਾਡੀ ਮੁਲਾਕਾਤ ਹੋਈ, ਜਿਵੇਂ ਅੱਗ 'ਚ ਸੜਦੇ ਜੰਗਲ 'ਤੇ ਬਰਸਾਤ ਹੋਈ। ' ਜਿੰਦਗੀ ਦੇ ਉਤਰਾਓ- ਚੜ੍ਹਾਓ ਵਾਲੇ ਸਫ਼ਰ ਦੌਰਾਨ ਕਈ ਲੋਕ ਸਾਨੂੰ ਫ਼ੁੱਲਾਂ ਵਰਗੇ ਮਿਲਦੇ ਹਨ, ਜੋ ਕਿ ਹਮੇਸ਼ਾ 'ਮਹਿਕ' ਦੀ ਹੱਟ ਲਗਾਈ ਰੱਖਦੇ ਹਨ ਅਤੇ ਹਮੇਸ਼ਾ ਖੁਸ਼ ਰਹਿੰਦੇ ਹਨ। ਮੁਸਕਰਾਉਂਦੇ ਅਤੇ ਹੱਸਦੇ ਚਿਹਰੇ ਹਮੇਸ਼ਾ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਉਹਨਾਂ ਨੂੰ ਵੇਖ ਕੇ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਕਿਧਰੇ ਹੱਸਣ ਦਾ ਅਭਿਆਸ ਚੱਲ ਰਿਹਾ ਹੈ ਜੋ ਸਾਰੀ ਫ਼ਿਜ਼ਾ 'ਚ ਹਾਸੇ ਬਿਖੇਰਦਾ ਜਾ ਰਿਹਾ ਹੈ। ਆਪਣੇ ਘਰ ਤੋਂ ਦਫ਼ਤਰ ਜਾਂਦਿਆਂ ਸੜਕਾਂ ਦੇ ਦੋਨੋਂ ਪਾਸੇ ਦਰਖਤਾਂ ਦੇ ਸਿਰੇ ਜੁੜ ਕੇ ਵਧੀਆ ਦਿੱਖ ਦੇ ਰਹੇ ਹੁੰਦੇ ਹਨ, ਜਾਪਦੈ ਜਿਵੇਂ ਆਪਸ 'ਚ ਗੱਲਾਂ-ਬਾਤਾਂ ਕਰਦੇ ਨੇ। ਕਈ ਪੌਦੇ ਰੰਗ-ਬਿਰੰਗੇ ਫ਼ੁੱਲਾਂ ਨਾਲ ਲੱਦੇ ਪਏ ਹੁੰਦੇ ਹਨ ਜੋ ਕਹਿੰਦੇ ਨੇ 'ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ'। ਘਰ ਤੋਂ ਦਫ਼ਤਰ ਅਤੇ ਦਫ਼ਤਰ ਤੋਂ ਘਰ ਜਾਂਦਿਆਂ ਸਵੇਰੇ ਅਤੇ ਸ਼ਾਮ ਸਮੇਂ ਪੌਦਿਆਂ ਦੇ ਹਰੇ-ਕਚੂਰ ਪੱਤਿਆਂ ਦੀ ਸਰਸਰਾਹਟ, ਪੰਛੀਆਂ ਦਾ ਚਹਿਕਣਾ, ਸੁਗੰਧੀਆਂ ਬਿਖੇਰਦੇ ਫ਼ੁੱਲਾਂ 'ਤੇ ਤਿਤਲੀਆਂ ਮੰਡਰਾਉਣ ਦਾ ਨਜ਼ਾਰਾ ਹਰ ਕੁਦਰਤ ਪ੍ਰੇਮੀ ਮਾਣਦਾ ਹੈ।



ਕੁਦਰਤ ਦੇ ਅਸੂਲਾਂ ਦੇ ਅਨੁਸਾਰ ਹੀ ਜਿੰਦਗੀ ਜਿਉਣ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਹੈ। ਕਈ ਵਿਅਕਤੀਆਂ ਨੂੰ ਬਚਪਣ ਵਿੱਚ ਹੀ ਕੁਦਰਤ ਨਾਲ ਇੱਕ ਮਿੱਕ ਹੋਣ ਦੀ ਆਦਤ ਪੈ ਜਾਂਦੀ ਹੈ, ਜੋ ਕਿ ਸਾਰੀ ਜਿੰਦਗੀ ਉਹਨਾਂ ਦੇ ਨਾਲ ਹੀ ਰਹਿੰਦੀ ਹੈ। ਏਸੇ ਕਾਰਨ ਇਹ ਵਿਅਕਤੀ ਜਿੰਦਗੀ ਵਿੱਚ ਆਉਂਦੇ ਹਰ ਦੁੱਖ ਸੁੱਖ ਦੌਰਾਨ ਵੀ ਕੁਦਰਤ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ਅਤੇ ਕੁਦਰਤ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਕਰਦੇ। ਅਕਸਰ ਸਕੂਲਾਂ ਤੇ ਕਾਲਜਾਂ ਵਿੱਚ ਵੇਖਿਆ ਜਾਂਦਾ ਹੈ ਕਿ ਹੁਸ਼ਿਆਰ ਵਿਦਿਆਰਥੀਆਂ ਦੀ ਥਾਂ ਆਮ ਵਿਦਿਆਰਥੀ ਨਕਲ ਮਾਰ ਕੇ ਜਾਂ ਸਿਫ਼ਾਰਸ਼ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਅੱਵਲ ਆ ਜਾਂਦੇ ਹਨ। ਜਿਸ ਕਾਰਨ ਅਕਸਰ ਹੁਸ਼ਿਆਰ ਵਿਦਿਆਰਥੀ ਉਦਾਸ ਹੋ ਜਾਂਦੇ ਹਨ ਅਤੇ ਮਨ ਵਿੱਚ ਹੀ ਕਹਿੰਦੇ ਹਨ ਕਿ 'ਦਿਲ ਹੀ ਉਦਾਸ ਐ ਜੀ, ਬਾਕੀ ਸਭ ਖੈਰ ਏ'। ਇਹ ਵਿਦਿਆਰਥੀ ਹਾਰ ਨਹੀਂ ਮੰਨਦੇ ਸਗੋਂ ਸਖ਼ਤ ਮਿਹਨਤ ਕਰਕੇ 'ਸੁੰਨੇ ਸੁੰਨੇ ਰਾਹਾਂ ਵਿੱਚ' ਵੀ ਆਪਣੀ 'ਪੈੜ' ਪਾ ਜਾਂਦੇ ਹਨ। ਕਈ ਵਾਰ ਕਾਲਜਾਂ ਵਿੱਚ ਵੇਖਿਆ ਗਿਆ ਹੈ ਕਿ ਸ਼ਰਾਰਤੀ ਵਿਦਿਆਰਥੀਆਂ ਦੀ ਕਿਸੇ ਸ਼ਰਾਰਤ ਨਾਲ ਆਮ ਭੋਲੇ ਭਾਲੇ ਵਿਦਿਆਰਥੀ ਬਲੀ ਦਾ ਬੱਕਰਾ ਬਣ ਜਾਂਦੇ ਹਨ ਅਤੇ ਇਸ ਤਰ੍ਹਾਂ ਵਿਦਿਅਕ ਅਦਾਰਿਆਂ ਵਿੱਚ ਹੀ ਸ਼ਰਾਰਤੀ ਅਨਸਰਾਂ ਵੱਲੋਂ ਕਈ ਫ਼ੁੱਲਾਂ ਨੂੰ ਖਿੜਨ ਤੋਂ ਪਹਿਲਾਂ ਹੀ ਮਧੋਲ਼ਨ ਦਾ ਯਤਨ ਕੀਤਾ ਜਾਂਦਾ ਹੈ।



ਪੜ੍ਹਾਈ ਪੂਰੀ ਕਰਦਿਆਂ ਹਰ ਨੌਜਵਾਨ ਨੂੰ ਨੌਕਰੀ ਨਹੀਂ ਮਿਲਦੀ, ਭਾਵੇਂ ਕਿ ਵੱਡੀ ਗਿਣਤੀ ਨੌਜਵਾਨ ਸਰਕਾਰੀ ਨੌਕਰੀਆਂ ਲੈਣ ਵਿੱਚ ਸਫ਼ਲ ਹੋ ਜਾਂਦੇ ਹਨ ਪਰ ਕਈ ਵਿਦਿਆਰਥੀ ਆਪਣਾ ਵਪਾਰ ਸ਼ੁਰੂ ਕਰਨ ਦੇ ਚੱਕਰ ਵਿੱਚ ਸਰਕਾਰੀ ਨੌਕਰੀਆਂ ਤੋਂ ਦੂਰ ਰਹਿੰਦੇ ਹਨ ਪਰ ਜਦੋਂ ਉਹਨਾਂ ਦਾ ਉਦਯੋਗਪਤੀ ਜਾਂ ਰੁਜ਼ਗਾਰ ਦਾਤਾ ਬਣਨ ਦਾ ਸੁਪਨਾ ਟੁੱਟ ਜਾਂਦਾ ਹੈ ਤਾਂ ਉਹ ਸਰਕਾਰੀ ਨੌਕਰੀ ਨਾ ਲੈਣ ਕਾਰਨ ਝੂਰਦੇ ਹਨ। ਕਈ ਨੌਜਵਾਨਾਂ ਨੂੰ ਰੁਜ਼ਗਾਰ ਖਾਤਰ ਹਰ ਦਿਨ ਸੈਂਕੜੇ ਮੀਲਾਂ ਦਾ ਸਫ਼ਰ ਸਵੇਰੇ ਸ਼ਾਮ ਬੱਸਾਂ ਵਿੱਚ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਇਕੋ ਘਰ ਵਿੱਚ ਰਹਿੰਦਿਆਂ ਵੀ ਇਹਨਾਂ ਦੀ ਆਪਣੇ ਬੱਚਿਆਂ ਨਾਲ ਗੱਲਬਾਤ ਹਫ਼ਤੇ ਬਾਅਦ ਐਤਵਾਰ ਵਾਲੇ ਦਿਨ ਹੁੰਦੀ ਹੈ, ਕਿਉਂਕਿ ਸਵੇਰੇ ਜਦੋਂ ਇਹ ਆਪਣੀ ਡਿਊਟੀ 'ਤੇ ਜਾਣ ਲਈ ਘਰੋਂ ਨਿਕਲਦੇ ਹਨ ਤਾਂ ਬੱਚੇ ਸੁੱਤੇ ਹੁੰਦੇ ਹਨ ਅਤੇ ਜਦੋਂ ਹਨੇਰਾ ਹੋਏ ਵਾਪਸ ਘਰ ਆਉਂਦੇ ਹਨ ਤਾਂ ਬੱਚੇ ਉਦੋਂ ਤਕ ਥੱਕ ਕੇ ਸੌਂ ਗਏ ਹੁੰਦੇ ਹਨ। ਬੱਸਾਂ ਵਿੱਚ ਸਵੇਰੇ ਸ਼ਾਮ ਸਫ਼ਰ ਕਰਕੇ ਅੱਕੇ ਤੇ ਥੱਕੇ ਨੌਜਵਾਨਾਂ ਨੂੰ ਜਦੋਂ ਘਰ ਦੇ ਬਿਲਕੁਲ ਨੇੜੇ ਹੀ ਰੁਜ਼ਗਾਰ ਮਿਲ ਜਾਂਦਾ ਹੈ, ਤਾਂ ਇਹਨਾਂ ਨੌਜਵਾਨਾਂ ਦੇ ਚਿਹਰੇ ਫ਼ੁੱਲਾਂ ਵਾਂਗ ਖਿੜ ਜਾਂਦੇ ਹਨ। ਇਹ ਨੌਜਵਾਨ ਨਵੇਂ ਦਫ਼ਤਰ ਵਿੱਚ ਜਲਦੀ ਹੀ ਰਚ ਮਿਚ ਜਾਂਦੇ ਹਨ। ਅਜਿਹੇ ਨੌਜਵਾਨ ਆਪਣੇ ਦਫ਼ਤਰ ਨੂੰ ਇੱਕ ਵਿਸ਼ਾਲ ਦਰਖ਼ਤ ਸਮਝਦੇ ਹਨ, ਜਿਸਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਦੇਸ਼ -ਵਿਦੇਸ਼ ਵਿੱਚ ਫ਼ੈਲੀਆਂ ਹੁੰਦੀਆਂ ਹਨ। ਇਸ ਦਫ਼ਤਰ ਰੂਪੀ ਵਿਸ਼ਾਲ ਦਰਖ਼ਤ ਦੇ ਫ਼ੁੱਲ ਬਣ ਕੇ ਇਹਨਾਂ ਨੌਜਵਾਨਾਂ ਨੂੰ ਜਿੰਦਗੀ ਦੀ ਅਹਿਮ ਖੁਸ਼ੀ ਮਿਲਦੀ ਹੈ।

ਕਈ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰ ਅਤੇ ਹੋਰ ਮੁਲਾਜ਼ਮ ਬਜ਼ੁਰਗ ਹੋ ਜਾਂਦੇ ਹਨ ਪਰ ਉਹ ਆਪਣੇ ਆਪ ਨੂੰ ਹਮੇਸ਼ਾ ਜਵਾਨ ਸਮਝਦੇ ਹਨ ਅਤੇ ਉਹਨਾਂ ਦੇ ਚਿਹਰੇ ਹਮੇਸ਼ਾ ਖਿੜੇ ਰਹਿੰਦੇ ਹਨ। ਇਸ ਦਾ ਵੱਡਾ ਕਾਰਨ ਇਹ ਹੁੰਦਾ ਹੈ ਕਿ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਹਜ਼ਾਰਾਂ ਨੌਜਵਾਨ ਮੁੰਡੇ ਕੁੜੀਆਂ ਹਰ ਸਮੇਂ ਉਹਨਾਂ ਦੀਆਂ ਅੱਖਾਂ ਅੱਗੇ ਰਹਿੰਦੇ ਹਨ। ਇਹਨਾਂ ਨੌਜਵਾਨ ਮੁੰਡੇ ਕੁੜੀਆਂ ਦੇ ਹਰ ਸਮੇਂ ਖੁਸ਼ ਰਹਿਣ ਕਾਰਨ ਇਹ ਪ੍ਰੋਫ਼ੈਸਰ ਅਤੇ ਮੁਲਾਜ਼ਮ ਵੀ ਹਮੇਸ਼ਾ ਜ਼ਿੰਦਾਦਿਲ ਰਹਿੰਦੇ ਹਨ।

ਸਿਆਣੇ ਕਹਿੰਦੇ ਹਨ ਕਿ ਹਮੇਸ਼ਾ ਆਪਣੀ ਸੰਗਤ ਵੱਲ ਵਿਸ਼ੇਸ਼ ਧਿਆਨ ਦਿਓ ਕਿਉਂਕਿ ਤੁਹਾਡੀ ਸੰਗਤ ਤੋਂ ਭਾਵ ਤੁਹਾਡੇ ਦੋਸਤਾਂ ਮਿੱਤਰਾਂ ਤੋਂ ਹੀ ਤੁਹਾਡੀ ਪਹਿਚਾਣ ਬਣਦੀ ਹੈ। ਇਸ ਤੋਂ ਇਲਾਵਾ ਤੁਹਾਡੇ 'ਤੇ ਸੰਗਤ ਦਾ ਵੀ ਵੱਡਾ ਅਸਰ ਹੁੰਦਾ ਹੈ। ਇਸ ਲਈ ਹਮੇਸ਼ਾ ਚੰਗੇ ਅਤੇ ਖੁਸ਼ ਰਹਿਣ ਵਾਲੇ ਲੋਕਾਂ ਨੂੰ ਹੀ ਆਪਣੇ ਦੋਸਤ ਬਣਾਓ ਅਤੇ ਜ਼ਿੰਦਗੀ ਦੀਆਂ ਖੁਸ਼ੀਆਂ ਦਾ ਆਨੰਦ ਮਾਣੋ।





# ਅਮਰੀਕੀ ਆਜ਼ਾਦੀ ਦੇ 250 ਸਾਲ ਤੇ ਚੁਣੌਤੀਆਂ

ਜੀ.ਕੇ. ਸਿੰਘ

ਸੰਯੁਕਤ ਰਾਜ ਅਮਰੀਕਾ ਦੇ ਆਪਣੀ ਹੋਂਦ ਦੇ ਦੋ ਸੌ ਪੰਜਾਹ ਸਾਲ ਪੂਰੇ ਕਰਨ ਮੌਕੇ ਦੇਸ਼ ਦੇ ਅੰਦਰ ਅਤੇ ਬਾਹਰ ਇਹ ਚਰਚਾ ਛਿੜ ਪਈ ਹੈ ਕਿ ਕੀ ਇੱਕ ਧਰੁਵੀ ਸੰਸਾਰ ਵਿੱਚ ਪਿਛਲੇ ਕਈ ਦਹਕਿਆਂ ਤੋਂ ਮਿਲੀ ਅਮਰੀਕਨ ਚੌਧਰ ਢਹਿ-ਢੇਰੀ ਹੋ ਰਹੀ ਹੈ ਜਾਂ ਵੀਅਤਨਾਮ, ਇਰਾਕ, ਅਫ਼ਗਾਨਿਸਤਾਨ ਵਿਚਲੇ ਨਾਕਾਮ ਅਮਰੀਕਨ ਫ਼ੌਜੀ ਦਖ਼ਲ ਵਾਂਗ ਇਰਾਨ ਨਾਲ ਭੇੜ ਦੇ ਖ਼ਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿਸ਼ਵ ਰਾਜਨੀਤੀ ਵਿੱਚ ਆਪਣੀ ਸ੍ਰੇਸ਼ਠਤਾ ਪਹਿਲਾਂ ਵਾਂਗ ਕਾਇਮ ਰੱਖ ਸਕੇਗਾ?

ਅਮਰੀਕਾ ਦਾ ਵਜੂਦ ਸਾਰੇ ਸੰਸਾਰ ਲਈ ਹਮੇਸ਼ਾ ਆਕਰਸ਼ਕ ਰਿਹਾ। ਸਾਲ 1776 ਦੀ ਆਜ਼ਾਦੀ ਤੋਂ ਬਾਅਦ ਇੰਗਲੈਂਡ ਦੀ ਪਾਰਲੀਮਾਨੀ ਸ਼ਾਸਨ ਪ੍ਰਣਾਲੀ ਦੀ ਥਾਂ ਓਥੇ ਪ੍ਰਧਾਨਾਤਮਕ ਸ਼ਾਸਨ ਸ਼ੁਰੂ ਕੀਤਾ ਗਿਆ। ਅਮਰੀਕਨ ਸਤੰਤਰਤਾ ਯੋਧੇ ਬਸਤੀਵਾਦ ਤੋਂ ਹਟ ਕੇ ਹਰ ਕੰਮ ਨਵਾਂ ਤੇ ਵਿਲੱਖਣ ਕਰਨਾ ਚਾਹੁੰਦੇ ਸਨ। ਤੇਰਾਂ ਰਿਆਸਤਾਂ ਤੋਂ ਦੇਸ਼ ਨੂੰ ਵਿਸ਼ਵ ਦੇ ਸਭ ਤੋਂ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਸ਼ਟਰ ਬਣਾਉਣ ਵਿੱਚ ਜਾਰਜ ਵਾਸ਼ਿੰਗਟਨ ਤੋਂ ਬਾਅਦ ਥਾਮਸ ਜੈਫਰਸਨ ਨੇ ਫਰਾਂਸ ਦੇ ਅਧੀਨ ਮਿਸੀਸਿਪੀ ਤੋਂ ਰੌਕੀ ਪਰਬਤ ਤੱਕ ਪੈਂਦੀ ਅਮਰੀਕਨ ਧਰਤੀ ਖ਼ਰੀਦ ਕੇ ਦੇਸ਼ ਦਾ ਘੇਰਾ ਦੁੱਗਣਾ ਕਰ ਦਿੱਤਾ। ਫਲੋਰੀਡਾ ਤੋਂ ਲੈ ਕੇ ਲਾਸ ਏਂਜਲਸ ਤੱਕ ਦਾ ਹਜ਼ਾਰਾਂ ਮੀਲ ਏਰੀਆ ਦੇਸ਼ ਦਾ ਹਿੱਸਾ ਬਣ ਗਿਆ। ਸਾਲ 1867 ਵਿੱਚ ਪੰਦਰਾਂ ਲੱਖ ਵਰਗ ਕਿੱਲੋਮੀਟਰ ਦਾ ਅਲਾਸਕਾ ਦੀ ਧਰਤੀ ਨਾਲ ਮਿਲਾ ਕੇ ਆਰਕਟਿਕ ਖੇਤਰ ਵਿੱਚ ਆਪਣਾ ਦਬਦਬਾ ਬਣਾਇਆ। ਇਸ ਸਦੀ ਵਿੱਚ ਜਿਵੇਂ ਅਮਰੀਕਾ ਮਜ਼ਬੂਤ ਅਤੇ ਆਪਣੇ ਖੇਤਰਫਲ ਵਿੱਚ ਵਿਸ਼ਾਲ ਹੁੰਦਾ ਗਿਆ, ਅਜਿਹਾ ਹੋਰ ਕਿਸੇ ਦੇਸ਼ ਦੇ ਹਿੱਸੇ ਨਹੀਂ ਆਇਆ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਥਿਓਡਰ ਰੂਜ਼ਵੈਲਟ, ਵੂਡਰੋ ਵਿਲਸਨ, ਫਰੈਂਕਲਿਨ ਡੀ ਰੂਜ਼ਵੈਲਟ, ਜੌਹਨ ਕੈਨੇਡੀ, ਬਰਾਕ ਓਬਾਮਾ ਅਮਰੀਕਾ ਦੀ ਗਲੋਬਲ ਚੌਧਰ ਨੂੰ ਕਾਇਮ ਰੱਖਣ ਵਿੱਚ ਵੱਡੀ ਭੂਮਿਕਾ ਨਿਭਾਈ। ਅਮਰੀਕਾ ਵਿੱਚ ਪਹਿਲਾ ਚੁਣਿਆ ਹੋਇਆ ਰਾਸ਼ਟਰ ਮੁਖੀ ਜਾਰਜ ਵਾਸ਼ਿੰਗਟਨ ਬਣਿਆ ਜਿਹੜਾ ਆਜ਼ਾਦੀ ਅੰਦੋਲਨ ਦਾ ਕਮਾਂਡਰ ਇਨ ਚੀਫ ਵੀ ਰਿਹਾ ਸੀ। 1789 ਤੋਂ ਅੱਠ ਸਾਲ ਬਾਅਦ ਜਦ ਉਸ ਨੂੰ ਤੀਸਰੀ ਵਾਰ ਰਾਸ਼ਟਰਪਤੀ ਬਣਨ ਲਈ ਕਿਹਾ ਤਾਂ ਉਸ ਨੇ ਇਹ ਕਹਿ ਕੇ ਪੇਸ਼ਕਸ਼ ਠੁਕਰਾਈ ਕਿ ਰਾਸ਼ਟਰ ਦੀ ਅਗਵਾਈ ਲਈ ਹੋਰ ਨੌਜਵਾਨਾਂ ਨੂੰ ਮੌਕਾ ਮਿਲਣਾ ਚਾਹੀਦੈ। ਫਿਰ ਐਡਮ ਸਮਿੱਥ, ਥਾਮਸ ਜੈਫਰਸਨ, ਜੇਮਜ਼ ਮੈਡੀਸਨ, ਜੇਮਜ਼ ਮੁਨਰੋ ਸਭ ਆਪਣੇ ਦੋ ਕਾਰਜਕਾਲ ਪੂਰੇ ਕਰ ਕੇ ਰਿਟਾਇਰਮੈਂਟ ਮਗਰੋਂ ਕੌਮ ਉਸਾਰੀ ਵਿਚ ਜੁਟ ਗਏ। ਭਾਵੇਂ ਸਵਿੰਧਾਨ ਵਿੱਚ ਪਾਰਲੀਮੈਂਟ, ਸੁਪਰੀਮ ਕੋਰਟ ਅਤੇ ਰਾਸ਼ਟਰਪਤੀ ਵਿਚਕਾਰ ਬੜਾ ਖ਼ੂਬਸੂਰਤ ਸੰਤੁਲਨ ਬਣਾਇਆ ਗਿਆ ਹੈ, ਫਿਰ ਵੀ ਅਮਰੀਕਨ ਸਦਰ ਦਾ ਅਹੁਦਾ ਬਹੁਤ ਸ਼ਕਤੀਸ਼ਾਲੀ ਹੈ।

ਮੱਧ ਪੂਰਬ ਏਸ਼ੀਆ ਵਿੱਚ ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਚੱਲ ਰਹੇ ਯੁੱਧ ਦੀ ਅੱਗ ਅਜੇ ਪੂਰੀ ਤਰ੍ਹਾਂ ਬੁਝੀ ਤਾਂ ਨਹੀਂ ਪਰ ਜੈਨੇਵਾ ਵਿੱਚ ਜਿਹੜਾ ਅਗਲੇ ਸੱਠ ਦਿਨਾਂ ਲਈ ਅਮਨ- ਸਮਝੌਤਾ ਹੋਇਆ ਹੈ ਉਸ ਦਾ ਵਿਸ਼ਲੇਸ਼ਣ ਕਰਦਿਆਂ ਅਮਰੀਕਨ ਅਤੇ ਆਲਮੀ ਮੀਡੀਆ ਇਹ ਸਵਾਲ ਪੁੱਛ ਰਿਹਾ ਹੈ ਕਿ ਇਸ ਯੁੱਧ ਦਾ ਮੰਤਵ ਕੀ ਸੀ ਅਤੇ ਸਮਝੌਤੇ ਵਿੱਚ ਪ੍ਰਾਪਤੀ ਕੀ ਹੋਈ ਹੈ?




ਸ਼ੁਰੂ ਵਿੱਚ ਅਮਰੀਕਨ ਇਜ਼ਰਾਇਲ ਜੋੜੀ ਨੇ ਇਹ ਪ੍ਰਚਾਰਿਆ ਕਿ ਇਰਾਨ ਵਿਚਲੀ ਸੱਤਾ ਤਬਦੀਲੀ ਹੀ ਲੜਾਈ ਦਾ ਉਦੇਸ਼ ਹੈ ਕਿਉਂਕਿ ਇਰਾਨ ਦੇ ਲੋਕ ਇਸ ਨਿਜ਼ਾਮ ਤੋਂ ਤੰਗ ਹਨ। ਪਹਿਲੇ ਹੱਲੇ ਜਦ ਇਰਾਨ ਦੀ ਪੂਰੀ ਦੀ ਪੂਰੀ ਲੀਡਰਸ਼ਿਪ ਮਾਰੀ ਗਈ ਤਾਂ ਹਮਲਾਵਰ ਧਿਰ ਇਹ ਸੋਚਦੀ ਸੀ ਕਿ ਇਰਾਨੀ ਲੋਕ ਸੜਕਾਂ 'ਤੇ ਆ ਜਾਣਗੇ ਅਤੇ ਅਮਰੀਕਾ ਦੀ ਪਿੱਠੂ ਸਰਕਾਰ ਬਣਾ ਕੇ ਇਰਾਨ ਦੇ ਕੁਦਰਤੀ ਸਰੋਤਾਂ ਅਤੇ ਤੇਲ ਭੰਡਾਰਾਂ 'ਤੇ ਕਬਜ਼ਾ ਕਰ ਲਿਆ ਜਾਵੇਗਾ। ਟਰੰਪ ਦਾ ਇਸ ਗੱਲੋਂ ਹੌਸਲਾ ਥੋੜ੍ਹਾ ਜ਼ਿਆਦਾ ਹੀ ਉੱਚਾ ਸੀ ਕਿਉਂਕਿ ਹੁਣੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਸਰਕਾਰੀ ਘਰੋਂ ਰਾਤ ਨੂੰ ਚੁੱਕ ਕੇ ਹੱਥਕੜੀਆਂ ਵਿੱਚ ਅਮਰੀਕਾ ਲੈ ਆਏ ਸਨ।

ਕਿਸੇ ਦੇਸ਼ ਦੇ ਮੁਖੀ ਨੂੰ ਇਸ ਢੰਗ ਨਾਲ ਗ੍ਰਿਫ਼ਤਾਰ ਕਰਨ ਵਾਲੀ ਇਹ ਪਹਿਲੀ ਉਦਾਹਰਨ ਸੀ। ਅਮਰੀਕਨ ਯੁੱਧ ਨੀਤੀ ਘਾੜੇ ਭੁੱਲ ਗਏ ਸਨ ਕਿ ਇਰਾਨ ਇੱਕ ਪੁਰਾਤਨ ਅਤੇ ਸੱਭਿਅਕ ਦੇਸ਼ ਹੈ ਜਿੱਥੇ ਲੋਕ ਆਪਣੀ ਸਰ ਜ਼ਮੀਨ ਨਾਲ ਨੇੜਿਓਂ ਜੁੜੇ ਹੋਏ ਹਨ। ਇਰਾਨੀ ਲੋਕਾਂ ਦੀ ਇਕਜੁਟਤਾ ਅਤੇ ਨੇਤਾਵਾਂ ਦੀ ਸਿਆਸੀ ਸੂਝਬੂਝ ਕਾਰਨ ਸਰਕਾਰ ਦੇ ਵਿਰੋਧੀ ਵੀ ਉਸ ਦੀ ਪਿੱਠ 'ਤੇ ਆ ਗਏ। ਜੈਨੇਵਾ ਸਮਝੌਤੇ ਦੇ 14 ਨੁਕਤਿਆਂ 'ਤੇ ਜੇ ਝਾਤ ਮਾਰੀ ਜਾਵੇ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਖਰਬਾਂ ਡਾਲਰ ਖ਼ਰਚ ਕੇ ਜੇ ਅਮਰੀਕਨ ਫ਼ੌਜਾਂ ਦੀ ਇਹੋ ਪ੍ਰਾਪਤੀ ਹੈ ਤਾਂ ਇਸ ਵਿੱਚ ਜਿੱਤ ਇਰਾਨ ਦੀ ਹੈ। ਸਗੋਂ ਖਾੜੀ ਦੇਸ਼ ਜਿਹੜੇ ਅਮਰੀਕਨ ਫ਼ੌਜੀ ਛਤਰੀ ਥੱਲੇ ਸੁਰੱਖਿਅਤ ਮਹਿਸੂਸ ਕਰਦੇ ਸਨ, ਉਹ ਵੀ ਇਰਾਨੀ ਡ੍ਰੋਨਾਂ ਅਤੇ ਮਿਜ਼ਾਈਲਾਂ ਦਾ ਸ਼ਿਕਾਰ ਬਣੇ।

ਇਰਾਨੀ ਲੀਡਰਸ਼ਿਪ ਦੀ ਸ਼ਹਾਦਤ ਨਾਲ ਦੇਸ਼ ਵਿੱਚ ਰਾਸ਼ਟਰ ਪ੍ਰੇਮ ਚਰਮ-ਸੀਮਾ 'ਤੇ ਪਹੁੰਚ ਗਿਆ ਸੀ। ਅਕਤੂਬਰ 2023 ਵਿੱਚ ਜਦ ਹਮਾਸ ਸੰਗਠਨ ਦੇ ਕੁਝ ਅੱਤਵਾਦੀਆਂ ਨੇ ਸਰਹੱਦ ਉੱਪਰ ਛੁੱਟੀਆਂ ਮਨਾਉਂਦੇ ਇਜ਼ਰਾਇਲ ਦੇ ਅਨੇਕ ਸੈਲਾਨੀਆ ਨੂੰ ਮਾਰ ਦਿੱਤਾ ਸੀ ਤੇ ਅਣਗਿਣਤ ਨੂੰ ਬੰਦੀ ਬਣਾ ਲਿਆ ਸੀ ਤਾਂ ਪਿਛਲੇ ਤਿੰਨ ਸਾਲਾਂ ਵਿਚ 80000 ਫਲਸਤੀਨੀਆਂ ਨੂੰ ਮਾਰਨਾ ਅਤੇ ਗਾਜ਼ਾ ਪੱਟੀ ਨੂੰ ਢਹਿ-ਢੇਰੀ ਕਰਨਾ, ਲਿਬਨਾਨ ਵਿਚਲੇ ਹਿਜ਼ਬੁਲਾ ਸੰਗਠਨ ਦਾ ਖੁਰਾ-ਖੋਜ ਮਿਟਾਉਣ ਵਾਲੀ ਮੁਹਿੰਮ ਵਿਚ ਹੀ ਇਰਾਨ ਨੂੰ ਸਬਕ ਸਿਖਾਉਣ ਦੀ ਸਿਆਸਤ ਇਜ਼ਰਾਇਲ ਦੇ ਪੀਐੱਮ ਨੇਤਨਯਾਹੂ ਦੀ ਸੀ। ਇਰਾਨ ਨਾਲ ਹੋਏ ਯੁੱਧ ਕਾਰਨ ਖਾੜੀ ਦੇਸ਼ ਵੀ ਆਪਣੀ ਸੁਰੱਖਿਆ ਸਬੰਧੀ ਚੌਕਸ ਹੋ ਗਏ ਹਨ। ਉਹ ਸਮਝ ਗਏ ਹਨ ਕਿ ਮੱਧ ਪੂਰਬ ਵਿੱਚ ਜੇਕਰ ਸੁਰੱਖਿਆ ਯਕੀਨੀ ਬਣਾਉਣੀ ਹੈ ਤਾਂ ਇਰਾਨ ਸਮੇਤ ਖਾੜੀ ਦੇਸ਼ਾਂ ਦਾ ਨਾਟੋ ਪੈਟਰਨ 'ਤੇ ਇਕ ਨਵਾਂ ਸੰਗਠਨ ਬਣਾਉਣ ਨਾਲ ਹੀ ਇਹ ਸੁਰੱਖਿਆ ਪੁਖਤਾ ਹੋ ਸਕੇਗੀ।

ਜੈਨੇਵਾ ਵਿੱਚ 14 ਨੁਕਾਤੀ ਸਮਝੌਤੇ ਉੱਤੇ ਦਸਤਖ਼ਤ ਕਰਨ ਉਪਰੰਤ ਇਰਾਨੀ ਵਫ਼ਦ ਵੱਲੋਂ ਅਮਰੀਕਨਾਂ ਨਾਲ ਹੱਥ ਮਿਲਾਉਣ ਅਤੇ ਫੋਟੋ ਖਿਚਵਾਉਣ ਤੋਂ ਇਨਕਾਰ ਦਾ ਕੀ ਅਰਥ ਕੱਢਿਆ ਜਾ ਸਕਦਾ ਹੈ। ਅਮਰੀਕਾ ਦੇ ਬੇਤਹਾਸ਼ਾ ਫ਼ੌਜੀ ਖ਼ਰਚੇ ਨੇ ਸਾਧਾਰਨ ਮੱਧ ਵਰਗ ਦੇ ਅਮਰੀਕਨਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਲੋਕਾਂ ਦੀ ਆਮਦਨ ਦੇ ਵਾਧੇ ਵਿੱਚ ਐਨਾ ਪਾੜਾ ਹੈ ਕਿ ਆਮ ਨਾਗਰਿਕ ਸਾਰੀ ਉਮਰ ਰੋਜ਼ੀ-ਰੋਟੀ ਦਾ ਜੁਗਾੜ ਹੀ ਕਰਦਾ ਰਹਿੰਦਾ ਹੈ ਜਦਕਿ ਕਾਰਪੋਰੇਟ ਹੋਰ ਅਮੀਰ ਹੋ ਰਿਹਾ ਹੈ। ਪਿਛਲੇ ਦਹਾਕੇ ਵਿੱਚ ਆਮ ਲੋਕਾਂ ਦੀ ਆਮਦਨ ਵਿੱਚ 6% ਵਾਧਾ ਹੋਇਆ ਜਦਕਿ ਅਰਬਪਤੀਆਂ ਦੀ ਸੰਪਤੀ 36% ਵਧੀ ਹੈ। ਲਗਾਤਾਰ ਵਧ ਰਿਹਾ ਆਰਥਿਕ ਪਾੜਾ ਉਸ ਅਮਰੀਕਨ ਡ੍ਰੀਮ 'ਤੇ ਪੋਚਾ ਫੇਰ ਰਿਹਾ ਹੈ ਜਿਹੜਾ 'ਲੌਗ ਕੈਬਿਨ ਟੂ ਵ੍ਹਾਈਟ ਹਾਊਸ' ਵਾਲਾ ਸੀ। ਅਮਰੀਕਨ ਸਮਾਜਿਕ ਵਿਵਸਥਾ ਵੱਡੀ ਬੇਚੈਨੀ 'ਚੋਂ ਗੁਜ਼ਰ ਰਹੀ ਹੈ। ਵਧਦੀਆਂ ਹਿੰਸਕ ਘਟਨਾਵਾਂ ਨੇ ਦੁਨੀਆ ਵਿੱਚ ਅਮਰੀਕਾ ਦੇ ਅਕਸ ਨੂੰ ਢਾਹ ਲਾਈ ਹੈ। ਵਸੋਂ ਵਿੱਚ ਆਮਦਨ ਅਸਮਾਨਤਾ ਲਗਾਤਾਰ ਵਧ ਰਹੀ ਹੈ। ਸੰਨ 1980 ਦੇ ਦਹਾਕੇ ਤੋਂ ਲਗਾਤਾਰ ਜੀਵਨ ਪੱਧਰ ਸਾਥੀ ਦੇਸ਼ਾਂ ਨਾਲੋਂ ਪਿੱਛੇ ਰਹਿ ਰਿਹਾ ਹੈ। ਸਾਲ 2025 ਦੇ ਇੱਕ ਅਧਿਐਨ ਮੁਤਾਬਕ ਸੰਯੁਕਤ ਰਾਜ ਅਮਰੀਕਾ ਵਿੱਚ 1980 ਅਤੇ 2023 ਵਿਚਕਾਰ ਡੇਢ ਕਰੋੜ ਵਾਧੂ ਮੌਤਾਂ ਹੋਈਆਂ ਜਿਸ ਲਈ ਮਾੜਾ ਜਿਊਣ ਢੰਗ ਜ਼ਿੰਮੇਵਾਰ ਹੈ। ਅਮਰੀਕਾ ਦੀ 30 ਟ੍ਰਿਲੀਅਨ ਦੀ ਅਰਥਵਿਵਸਥਾ ਨਾਲ ਅੱਵਲ ਤੇ ਚੀਨ 20 ਟ੍ਰਿਲੀਅਨ ਨਾਲ ਦੂਸਰੇ ਨੰਬਰ 'ਤੇ ਹੈ। ਚੀਨ ਆਪਣੀ ਪੂੰਜੀ ਅਤੇ ਸਮੇਂ ਨੂੰ ਖਾਹ-ਮਖਾਹ ਨਸ਼ਟ ਨਹੀਂ ਕਰ ਰਿਹਾ। ਮੱਧ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਬਹੁਤ ਸਾਰੇ ਖੇਤਰਾਂ ਵਿੱਚ ਢੇਰ ਸਾਰਾ ਨਿਵੇਸ਼ ਕਰ ਕੇ ਉੱਥੋਂ ਦੇ ਜਨਜੀਵਨ ਨੂੰ ਵੀ ਸੰਵਾਰ ਰਿਹਾ ਹੈ। ਅੱਜ ਦੇ ਸੰਸਾਰ ਵਿੱਚ ਅਰਾਜਕਤਾ ਦਾ ਸਭ ਤੋਂ ਵੱਡਾ ਸਰੋਤ ਅਮਰੀਕਾ ਹੈ।

ਸਾਲ 2019 ਵਿੱਚ ਪਿਊ ਰਿਸਰਚ ਸੈਂਟਰ ਦੁਆਰਾ ਕੀਤੇ ਗਏ ਇੱਕ ਜਨਤਕ ਸਰਵੇਖਣ 'ਚ ਜ਼ਿਆਦਾਤਰ ਅਮਰੀਕਨਾਂ ਨੇ ਸਾਲ 2050 ਤੱਕ ਅਮਰੀਕਾ ਦੀ ਅਰਥਵਿਵਸਥਾ ਕਮਜ਼ੋਰ ਹੋਣ ਦੀ ਭਵਿੱਖਬਾਣੀ ਕੀਤੀ ਸੀ। ਹੁਣੇ ਜਿਹੇ ਹੋਏ ਗੈਲਅੱਪ ਪੋਲ ਵਿੱਚ 77% ਅਮਰੀਕਨਾਂ ਨੇ ਸਪਸ਼ਟ ਕਿਹਾ ਕਿ ਅੱਜ ਦੇ ਅਮਰੀਕਾ ਨੂੰ ਵੇਖ ਕੇ ਜਾਰਜ ਵਾਸ਼ਿੰਗਟਨ ਸਮੇਤ ਸਾਰੇ ਰਾਸ਼ਟਰ ਉਸਰੱਈਏ ਬੇਹੱਦ ਉਦਾਸ ਹੋਣਗੇ। ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿੱਚ ਫ਼ੌਜੀ ਕਸ਼ਮਕਸ਼ ਅਤੇ ਗ਼ੈਰ-ਜ਼ਰੂਰੀ ਲੜਾਈਆਂ ਨੇ ਅਮਰੀਕਨਾਂ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ।

ਸਾਧਾਰਨ ਅਮਰੀਕਨ ਇਨ੍ਹਾਂ ਯੁੱਧਾਂ ਤੋਂ ਅੱਕੇ ਹੋਣ ਕਾਰਨ ਹੀ ਇਰਾਨ ਨਾਲ ਜੰਗ ਦੇ ਵਿਰੋਧ ਵਿੱਚ ਥਾਂ-ਥਾਂ ਪ੍ਰਦਰਸ਼ਨ ਕਰਦੇ ਰਹੇ। ਅਮਰੀਕਾ ਲਈ ਈਰਾਨ ਸੰਕਟ ਇੱਕ ਸਬਕ ਲੈ ਕੇ ਵੀ ਆਇਆ ਹੈ। ਉਹ ਇਹ ਕਿ ਟੈਕਸਦਾਤਿਆਂ ਦੀ ਆਮਦਨ ਹਥਿਆਰਾਂ ਅਤੇ ਯੁੱਧਾਂ 'ਤੇ ਵਹਾਉਣ ਨਾਲੋਂ ਸਾਧਾਰਨ ਅਤੇ ਮੱਧ ਵਰਗ ਦੇ ਅਮਰੀਕਨਾਂ ਦੀ ਜ਼ਿੰਦਗੀ ਸੁਧਾਰਨ 'ਤੇ ਲਾਈ ਜਾਵੇ।

# ਬਲੈਕ ਹੋਲ: ਨਵੀਂ ਖੋਜ ਖੋਲ੍ਹੇਗੀ ਬ੍ਰਹਿਮੰਡ ਦੇ ਰਾਜ਼

ਅਸ਼ਵਨੀ ਚਤਰਥ

ਬਲੈਕ ਹੋਲ (ਕਾਲੇ ਛੇਕ) ਪੁਲਾੜ ਵਿੱਚ ਮਿਲਣ ਵਾਲੀ ਸਭ ਤੋਂ ਅਨੋਖੀ ਅਤੇ ਅਸਚਰਜ ਵਸਤ ਹੈ। ਇਨ੍ਹਾਂ ਬੇਹੱਦ ਸੰਘਣੀਆਂ ਆਕਾਸ਼ੀ ਵਸਤਾਂ ਵਿੱਚ ਬੇਹਿਸਾਬ ਗੁਰੂਤਾ-ਆਕਰਸ਼ਣ ਭਾਵ ਖਿੱਚ ਹੁੰਦੀ ਹੈ ਜਿਸ ਕਾਰਨ ਇਹ ਆਪਣੇ ਨੇੜੇ ਆਉਂਦੀਹਰੇਕ ਵਸਤੂ ਨੂੰ ਆਪਣੇ ਅੰਦਰ ਖਿੱਚ ਲੈਂਦੇ ਹਨ। ਇਸ ਖਿੱਚ ਕਾਰਨ ਹੀ ਬਲੈਕ ਹੋਲਜ਼ 'ਚ ਦਾਖ਼ਲ ਹੋਈ ਕੋਈ ਵੀ ਚੀਜ਼ ਮੁੜ ਕੇ ਬਾਹਰ ਨਹੀਂ ਨਿਕਲ ਸਕਦੀ। ਇੱਥੋਂ ਤੱਕ ਕਿ ਪ੍ਰਕਾਸ਼ ਦੀਆਂ ਕਿਰਨਾਂ ਵੀ ਕਾਲੇ ਛੇਕਾਂ ਵਿੱਚੋਂ ਬਾਹਰ ਨਹੀਂ ਨਿਕਲ ਸਕਦੀਆਂ ਹਨ ਅਤੇ ਸਿੱਟੇ ਵਜੋਂ ਇਨ੍ਹਾਂ ਦੀ ਹੋਂਦ ਵਾਲੀ ਥਾਂ ਪੂਰੀ ਤਰ੍ਹਾਂ ਕਾਲੀ ਹੀ ਨਜ਼ਰ ਆਉਂਦੀ ਹੈ, ਜਿਸ ਕਾਰਨ ਇਨ੍ਹਾਂ ਦਾ ਨਾਂਅ ਕਾਲੇ ਛੇਕ ਰੱਖਿਆ ਗਿਆ ਹੈ। ਇਨ੍ਹਾਂ ਦੀ ਸ਼ੁਰੂਆਤੀ ਖੋਜ ਬਾਰੇ ਸਭ ਤੋਂ ਪਹਿਲਾਂ ਸਾਲ 1915 ਵਿੱਚ ਮਹਾਨ ਵਿਗਿਆਨੀ ਐਲਬਰਟ ਆਈਨਸਟਾਈਨ ਨੇ ਆਪਣੇ ਜਨਰਲ ਥਿਊਰੀ ਆਫ ਰਿਲੇਟੀਵਿਟੀ ਦੇ ਸਿਧਾਂਤ ਵਿੱਚ ਜ਼ਿਕਰ ਕੀਤਾ ਸੀ। ਉਸ ਨੇ ਸੁਝਾਅ ਦਿੱਤਾ ਸੀ ਕਿ ਸਾਡੇ ਬ੍ਰਹਿਮੰਡ ਵਿੱਚ ਕੁਝ ਅਦਭੁਤ ਤੇ ਬੇਹਿਸਾਬ ਭਾਰੀਆਂ ਵਸਤਾਂ ਮੌਜੂਦ ਹਨ। ਇਨ੍ਹਾਂ ਵਸਤਾਂ ਦਾ ਜ਼ਿਕਰ ਕਰਦਿਆਂ ਉਸ ਦਾ ਇਸ਼ਾਰਾ ਕਾਲੇ ਛੇਕਾਂ ਦੀ ਮੌਜੂਦਗੀ ਵੱਲ ਸੀ। ਉਸ ਦਾ ਅਨੁਮਾਨ ਸੀ ਕਿ ਉਕਤ ਵਸਤਾਂ ਵੱਡ ਆਕਾਰੀ ਤਾਰਿਆਂ ਦੇ ਖ਼ਤਮ ਹੋਣ ਕਾਰਨ ਕੁਦਰਤੀ ਤੌਰ 'ਤੇ ਪੈਦਾ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਸਾਲ 1967 ਵਿੱਚ ਅਮਰੀਕੀ ਪੁਲਾੜ ਵਿਗਿਆਨੀ ਜੋਹਨ ਵ੍ਹੀਲਰ ਨੇ ਸਭ ਤੋਂ ਪਹਿਲਾਂ ਉਕਤ ਵਸਤਾਂ ਨੂੰ ਬਲੈਕ ਹੋਲ ਦਾ ਨਾਂਅ ਦਿੱਤਾ ਸੀ। ਦਹਾਕਿਆਂ ਤੱਕ ਤਾਂ ਇਨ੍ਹਾਂ ਦਾ ਜ਼ਿਕਰ ਸਿਧਾਂਤਕ ਤੌਰ 'ਤੇ ਹੀ ਹੁੰਦਾ ਰਿਹਾ ਸੀ ਪਰ ਵਿਹਾਰਕ ਤੌਰ 'ਤੇ ਇਨ੍ਹਾਂ ਦਾ ਪਤਾ ਨਹੀਂ ਸੀ ਲੱਗ ਸਕਿਆ। ਅਨੇਕਾਂ ਸਾਲਾਂ ਦੀਆਂ ਖੋਜਾਂ ਤੋਂ ਬਾਅਦ ਅਖ਼ੀਰ 1965 ਵਿੱਚ ਪਹਿਲੀ ਵਾਰ 'ਸਿਗਨਸ ਐਕਸ-1' ਨਾਮੀ ਕਾਲੇ ਛੇਕ ਦਾ ਪਤਾ ਲੱਗਿਆ ਸੀ। ਇਸ ਦੇ ਅੰਦਰ ਇੱਕ ਪਾਸੇ ਵੱਡ ਆਕਾਰੀ ਕਾਲਾ ਛੇਕ ਹੈ ਅਤੇ ਦੂਜੇ ਪਾਸੇ ਬੇਹੱਦ ਗਰਮ ਨੀਲੇ ਰੰਗ ਦਾ ਵੱਡ ਆਕਾਰੀ ਤਾਰਾ ਹੈ। ਇਹ ਤਾਰਾ ਸੂਰਜ ਨਾਲੋਂ ਤਿੰਨ ਲੱਖ ਗੁਣਾ ਚਮਕਦਾਰ ਹੈ।



ਬੀਤੇ ਦਿਨੀਂ ਪ੍ਰਕਾਸ਼ਿਤ ਇੱਕ ਤਾਜ਼ਾ ਰਿਪੋਰਟ ਵਿੱਚ ਯੂਨੀਵਰਸਿਟੀ ਆਫ ਆਕਸਫੋਰਡ ਅਤੇ ਕਰਟਿਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਸਿਗਨਸ ਐਕਸ-1 ਵਿੱਚੋਂ ਨਿਕਲ ਰਹੀਆਂ ਊਰਜਾ ਦੀਆਂ ਕਿਰਨਾਂ ਦਾ ਪਤਾ ਲਾਇਆ ਹੈ। ਇਨ੍ਹਾਂ ਕਿਰਨਾਂ ਦੀ ਸ਼ਕਤੀ 10,000 ਸੂਰਜਾਂ ਦੀ ਸ਼ਕਤੀ ਦੇ ਬਰਾਬਰ ਹੋਣ ਦਾ ਅਨੁਮਾਨ ਹੈ। ਵਿਗਿਆਨੀਆਂ ਨੇ ਦੇਖਿਆ ਕਿ ਕਾਲੇ ਛੇਕ 'ਚੋਂ ਨਿਕਲਦੀਆਂ ਊਰਜਾ ਤਰੰਗਾਂ, ਜਿਨ੍ਹਾਂ ਨੂੰ ਜੈੱਟਸ ਆਖਿਆ ਜਾਂਦਾ ਹੈ, ਦੀ ਰਫ਼ਤਾਰ ਪ੍ਰਕਾਸ਼ ਦੀ ਰਫ਼ਤਾਰ ਤੋਂ ਅੱਧੀ ਦੇ ਬਰਾਬਰ ਹੈ। ਭਾਵ ਇਨ੍ਹਾਂ ਦੀ ਰਫ਼ਤਾਰ 1,50,000 ਕਿਲੋਮੀਟਰ ਪ੍ਰਤੀ ਘੰਟਾ ਹੈ ਜਦਕਿ ਪ੍ਰਕਾਸ਼ ਦੀ ਰਫ਼ਤਾਰ 3,00,000 ਕਿਲੋਮੀਟਰ ਪ੍ਰਤੀ ਘੰਟਾ ਹੈ। ਮੌਜੂਦਾ ਸਮੇਂ ਵਿਗਿਆਨੀ ਸਟੀਵ ਪ੍ਰਬੂ ਅਤੇ ਸਾਥੀਆਂ ਨੇ ਆਪਣੀ ਖੋਜ ਵਿੱਚ ਦੇਖਿਆ ਕਿ ਕੁਝ ਕਾਲੇ ਛੇਕ ਅਜਿਹੇ ਹਨ ਜੋ ਆਪਣੇ ਨੇੜੇ ਆਉਂਦੇਕਿਸੇ ਪਦਾਰਥ ਦਾ ਦਸ ਫ਼ੀਸਦ ਹਿੱਸਾ ਊਰਜਾ ਦੇ ਰੂਪ ਵਿੱਚ ਆਪਣੇ ਆਲੇ ਦੁਆਲੇ ਛੱਡ ਦਿੰਦੇ ਹਨ। ਸਿਗਨਸ ਐਕਸ-1 ਵਿੱਚੋਂ ਨਿਕਲ ਰਹੀਆਂ ਜੈੱਟਸ ਕਿਰਨਾਂ ਵੀ ਇਸੇ ਦਸ ਫ਼ੀਸਦੀ ਊਰਜਾ ਦਾ ਹਿੱਸਾ ਹਨ। ਕਾਲੇ ਛੇਕਾਂ ਦੇ ਆਲੇ ਦੁਆਲੇ ਫਿਰਦੇ ਧੂੜ ਅਤੇ ਗੈਸਾਂ ਦੇ ਬੱਦਲਾਂ ਦਾ ਸਮੁੱਚਾ ਪਦਾਰਥ ਕਾਲੇ ਛੇਕਾਂ ਵਿੱਚ ਨਹੀਂ ਡਿੱਗਦਾ, ਭਾਵ ਕੁਝ ਹਿੱਸਾ ਇਨ੍ਹਾਂ ਦੇ ਦੁਆਲੇ ਦੇ ਚੁੰਬਕੀ ਖੇਤਰ ਵਿੱਚ ਫਸ ਜਾਂਦਾ ਹੈ। ਚੁੰਬਕੀ ਖੇਤਰ ਇਸ ਪਦਾਰਥ ਨੂੰ ਪਲਾਜ਼ਮਾ ਦੇ ਰੂਪ ਵਿੱਚ ਕਾਲੇ ਛੇਕਾਂ ਦੇ ਉੱਪਰਲੇ ਅਤੇ ਹੇਠਲੇ ਧਰੁਵਾਂ ਰਾਹੀਂ ਬਾਹਰ ਸੁੱਟ ਦਿੰਦਾ ਹੈ। ਧਰੁਵਾਂ 'ਚੋਂ ਨਿਕਲਦਾ ਇਹੀ ਪਲਾਜ਼ਮਾ ਜੈੱਟਸ ਅਖਵਾਉਂਦਾ ਹੈ। ਇਹ ਪਲਾਜ਼ਮਾ ਭਾਵ ਜੈੱਟਸ ਪ੍ਰੋਟਾਨਾਂ, ਪੋਜ਼ੀਟ੍ਰਾਨਾਂ ਅਤੇ ਇਲੈਕਟ੍ਰਾਨਾਂ ਤੋਂ ਬਣੇ ਬਿਜਲਈ ਤੌਰ 'ਤੇ ਚਾਰਜਿਤ ਉੱਚ ਊਰਜਾ ਵਾਲੀਆਂ ਕਿਰਨਾਂ ਦੇ ਰੂਪ ਵਿੱਚ ਹੁੰਦਾ ਹੈ। ਇਹ ਜੈੱਟਸ ਬ੍ਰਹਿਮੰਡ ਦੀਆਂ ਸਭ ਤੋਂ ਵੱਧ ਤਾਕਤਵਰ ਚੀਜ਼ਾਂ ਵਿੱਚੋਂ ਇੱਕ ਨੇ। ਜੈੱਟਸ ਸਾਰੇ ਕਾਲੇ ਛੇਕਾਂ ਵਿੱਚ ਨਹੀਂ ਹੁੰਦੇ, ਸਗੋਂ ਉਨ੍ਹਾਂ ਕਾਲੇ ਛੇਕਾਂ ਵਿੱਚੋਂ ਹੀ ਨਿਕਲਦੇ ਹਨ ਜਿਹੜੇ ਕਾਲੇ ਛੇਕ ਸਭ ਕੁਝ ਜਜ਼ਬ ਨਹੀਂ ਕਰਦੇ ਬਲਕਿ ਥੋੜ੍ਹਾ ਜਿਹਾ ਹਿੱਸਾ ਬਾਹਰ ਵੀ ਸੁੱਟ ਦਿੰਦੇ ਹਨ। ਜਦੋਂ ਇਹ ਜੈੱਟਸ ਨੂੰ ਬਾਹਰ ਸੁੱਟਦੇ ਹਨ ਤਾਂ ਇਹ ਕਿਸੇ ਜਵਾਲਾਮੁਖੀ ਦੇ ਫਟਣ ਵਰਗਾ ਲੱਗਦਾ ਹੈ ਕਿਉਂਕਿ ਇਹ ਜਵਾਲਾਮੁਖੀ ਪੁਲਾੜ ਵਿੱਚ ਫਟਦੇ ਹਨ ਇਸ ਲਈ ਇਨ੍ਹਾਂ ਨੂੰ 'ਕਾਸਮਿਕ ਜਵਾਲਾਮੁਖੀ' ਆਖਦੇ ਹਨ। ਜ਼ਿਕਰਯੋਗ ਹੈ ਕਿ ਇਹ ਸਿਗਨਸ ਐਕਸ-1 ਕਾਲਾ ਛੇਕ 10 ਕਰੋੜ ਸਾਲ ਸ਼ਿਥਲ ਰਹਿਣ ਤੋਂ ਬਾਅਦ ਗਤੀਸ਼ੀਲ ਭਾਵ ਕਿਰਿਆਸ਼ੀਲ ਹੋਇਆ ਹੈ। ਬਲੈਕ ਹੋਲਜ਼ ਦੇ ਮੁੜ ਕਿਰਿਆਸ਼ੀਲ ਹੋਣ ਦਾ ਕਾਰਨ ਇਹ ਹੈ ਕਿ ਜਦੋਂ ਇਨ੍ਹਾਂ ਨੂੰ ਗੈਸਾਂ, ਧੂੜ ਅਤੇ ਤਾਰੇ ਬਾਲਣ ਦੇ ਰੂਪ ਵਿੱਚ ਮਿਲਣੇ ਸ਼ੁਰੂ ਹੋ ਜਾਂਦੇ ਹਨ ਤਾਂ ਇਹ ਕਿਰਿਆਸ਼ੀਲ ਹੋ ਕੇ ਜੈੱਟਸ ਰੂਪੀ ਊਰਜਾ ਛੱਡਣ ਲੱਗ ਜਾਂਦੇ ਹਨ। ਮੌਜੂਦਾ ਖੋਜ ਨਾਲ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਬ੍ਰਹਿਮੰਡ ਵਿੱਚ ਤਾਰਾ ਮੰਡਲ ਕਿਵੇਂ ਬਣਦੇ ਹਨ। ਜੇਕਰ ਕਾਲੇ ਛੇਕਾਂ ਦੇ ਆਕਾਰ ਦੀ ਗੱਲ ਕਰੀਏ ਤਾਂ ਵਿਗਿਆਨੀਆਂ ਅਨੁਸਾਰ ਨਿੱਕੇ ਤੋਂ ਨਿੱਕਾ ਕਾਲਾ ਛੇਕ ਇੱਕ ਪ੍ਰਮਾਣੂ ਦੇ ਆਕਾਰ ਦਾ ਹੋ ਸਕਦਾ ਹੈ, ਜਿਸ ਦਾ ਵਜ਼ਨ ਇੱਕ ਵੱਡੇ ਪਹਾੜ ਦੇ ਭਾਰ ਦੇ ਬਰਾਬਰ ਹੋ ਸਕਦਾ ਹੈ। ਮੱਧ ਆਕਾਰ ਦੇ ਕਾਲੇ ਛੇਕ ਦਾ ਵਜ਼ਨ ਸੂਰਜ ਦੇ ਭਾਰ ਤੋਂ ਤਕਰੀਬਨ ਵੀਹ ਗੁਣਾ ਜ਼ਿਆਦਾ ਹੋ ਸਕਦਾ ਹੈ। 'ਮਿਲਕੀ ਵੇਅ ਆਕਾਸ਼ ਗੰਗਾ' (ਜਿਸ ਆਕਾਸ਼ ਗੰਗਾ ਵਿੱਚ ਸਾਡੀ ਧਰਤੀ ਮੌਜੂਦ ਹੈ) ਵਿੱਚ ਅਜਿਹੇ ਅਨੇਕਾਂ ਕਾਲੇ ਛੇਕ ਮੌਜੂਦ ਹਨ। ਤੀਸਰੀ ਕਿਸਮ ਦੇ ਕਾਲੇ ਛੇਕ ਵੱਡ ਆਕਾਰੀ ਹੁੰਦੇ ਹਨ ਜਿਨ੍ਹਾਂ ਦਾ ਵਜ਼ਨ ਸੂਰਜ ਦੇ ਭਾਰ ਤੋਂ ਦੱਸ ਲੱਖ ਗੁਣਾ ਜ਼ਿਆਦਾ ਹੋ ਸਕਦਾ ਹੈ। ਪੁਲਾੜ ਖੇਤਰ ਦੀ ਇੱਕ ਵੱਡੀ ਸਫ਼ਲਤਾ ਉਸ ਵੇਲੇ ਹਾਸਲ ਹੋਈ ਸੀ ਜਦੋਂ ਸਾਲ 2019 ਵਿੱਚ 'ਈਵੈਂਟ ਹੋਰਾਈਜ਼ਨ ਟੈਲੀਸਕੋਪ' ਨਾਮੀ ਦੂਰਬੀਨ ਨੇ ਸਭ ਤੋਂ ਪਹਿਲਾਂ ਕਾਲੇ ਛੇਕ ਦੀ ਤਸਵੀਰ ਰਿਕਾਰਡ ਕੀਤੀ ਸੀ। ਉਕਤ ਦੂਰਬੀਨ ਦੀ ਮਦਦ ਨਾਲ ਜਦੋਂ ਵਿਗਿਆਨੀ ਪੁਲਾੜ ਵਿੱਚ ਵਾਪਰ ਰਹੀਆਂ ਦੂਜੀਆਂ ਕੁਦਰਤੀ ਘਟਨਾਵਾਂ ਦਾ ਅਧਿਐਨ ਕਰ ਰਹੇ ਸਨ ਤਾਂ ਉਨ੍ਹਾਂ ਨੇ 'ਐੱਮ 87' ਨਾਂਅ ਦੀ ਆਕਾਸ਼ ਗੰਗਾ ਦੇ ਕੇਂਦਰ ਵਿੱਚ ਇੱਕ ਕਾਲਾ ਛੇਕ ਦੇਖਿਆ ਸੀ।

(ਬਾਕੀ ਸਫ਼ਾ 27 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's AMBEST

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਸ਼ਹਾਦਤ 'ਤੇ ਵਿਸ਼ੇਸ਼

# ਸ਼ਹੀਦ ਭਾਈ ਮਨੀ ਸਿੰਘ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਦ ਤੋਂ ਪੱਛਮੀ ਦੇਸ਼ਾਂ ਦੇ ਲੋਕ ਮੁਸਲਮਾਨ ਬਣੇ, ਉਹਨਾਂ ਦਾ ਸੰਸਾਰ ਵਿੱਚ ਬੋਲ ਬਾਲਾ ਸੀ। ਉਹ ਲੁੱਟ ਮਾਰ ਕਰਨ ਤੋਂ ਇਲਾਵਾ ਹਿਦੂਆਂ ਤੇ ਧਾਰਮਿਕ ਹੱਲੇ ਵੀ ਕਰਨ ਲੱਗੇ। ਦੌਲਤ ਲੁੱਟ ਲੈਣੀ, ਘਰ ਘਾਟ ਸਾੜ ਦੇਣੇ, ਮੰਦਰ ਢਾਹ ਦੇਣੇ, ਮਨੁੱਖਤਾ ਦਾ ਕਤਲੇਆਮ ਕਰ ਦੇਣਾ, ਬੰਦੀ ਬਣਾ ਕੇ ਜਬਰੀ ਧਰਮ ਪ੍ਰੀਵਰਤਨ ਕਰਵਾ ਲੈਣਾ। ਸੰਨ 1000 ਈਸਵੀ ਦੇ ਕਰੀਬ ਮਹਿਮੂਦ ਗ਼ਜ਼ਨਵੀ ਅਫ਼ਗਾਨਿਸਤਾਨ ਵਿੱਚ ਉਠਿਆ। ਉਸਨੇ ਇਸੇ ਨੀਤੀ ਹੇਠ ਕੰਮ ਕੀਤਾ ਤੇ ਹਿੰਦੁਸਤਾਨ ਨੂੰ ਸਤਾਰਾਂ ਵਾਰ ਲੁੱਟਿਆ।

ਬਾਰ੍ਹਵੀਂ ਸਦੀ ਦੇ ਅੰਤ ਵਿੱਚ ਪਠਾਣ ਮੁਹੰਮਦ ਗੋਰੀ ਆਇਆ, ਉਸਨੇ ਹਿੰਦੁਸਤਾਨ ਵਿੱਚ ਮੁਸਲਮਾਨੀ ਰਾਜ ਕਾਇਮ ਕਰਨਾ ਚਾਹਿਆ। ਉਸਨੇ ਪਠਾਣਾਂ ਦੀ ਫ਼ੌਜ ਨਾਲ ਕਈ ਹਮਲੇ ਕੀਤੇ। ਦਿੱਲੀ ਦੇ ਤਖ਼ਤ ਤੇ ਪ੍ਰਿਥੀਰਾਜ ਚੌਹਾਨ ਸੀ। ਉਹ ਬੜਾ ਅਣਖੀ ਰਾਜਪੂਤ ਯੋਧਾ ਸੀ। ਉਸ ਕੋਲ ਚੰਗਾ ਰਾਜ ਪ੍ਰਬੰਧ ਸੀ, ਉਸਨੇ ਈਨ ਨਹੀਂ ਮੰਨੀ। ਮੁਹੰਮਦ ਗੋਰੀ ਨੇ ਗਿਆਰਾਂ ਹੱਲੇ ਕੀਤੇ ਪਰ ਕਾਮਯਾਬੀ ਨਾ ਮਿਲੀ।

ਕਨੌਂਜ ਦਾ ਰਾਜਾ ਜੈ ਚੰਦਰ ਪ੍ਰਿਥੀਰਾਜ ਦੀ ਮਾਸੀ ਦਾ ਪੁੱਤ ਸੀ। ਉਹ ਘਰੋਗੀ ਝਗੜੇ ਨਾਲ ਵੈਰੀ ਨਾਲ ਮਿਲ ਗਿਆ। ਪ੍ਰਿਥੀਰਾਜ ਲੜਾਈ ਵਿੱਚ ਮਾਰਿਆ ਗਿਆ। ਮੁਹੰਮਦ ਗੋਰੀ ਨੇ ਦਿੱਲੀ ਤਖ਼ਤ 'ਤੇ ਕਬਜ਼ਾ ਕਰਕੇ ਹੋਲੀ ਹੋਲੀ ਜੈ ਚੰਦ ਤੇ ਹੋਰਨਾਂ ਹਿੰਦੂ ਰਾਜਿਆਂ ਨੂੰ ਮਾਰ ਮੁਕਾਇਆ। ਹਿੰਦੂ ਰਾਜ ਖਤਮ ਕਰਕੇ ਮੁਸਲਿਮ ਰਾਜ ਦੀ ਨੀਂਹ ਰੱਖੀ। ਹਿੰਦੂਆਂ ਦੀ ਰਾਜਪੂਤੀ ਅਣਖ, ਬਹਾਦਰੀ ਅਤੇ ਦੇਸ਼ ਪਿਆਰ ਖਤਮ ਹੋ ਗਿਆ। ਮੁਸਲਮਾਨਾਂ ਦੀਆਂ ਵਧੀਕੀਆਂ ਅੱਤਿਆਚਾਰ ਅਤੇ ਜ਼ੁਲਮ ਤੋਂ ਭਾਰਤ ਵਾਸੀ ਬੜੇ ਦੁਖੀ ਸਨ। ਸੋਲ੍ਹਵੀਂ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਗੁਰੂ ਸਾਹਿਬ ਨੇ ਵੇਖਿਆ ਕਿ ਲੋਕ ਨਿਰਬਲ, ਡਰੇ ਹੋਏ , ਬੇਅਣਖੇ ਅਤੇ ਖ਼ੁਦਗਰਜ਼ ਹੋ ਗਏ ਹਨ। ਗੁਰੂ ਸਾਹਿਬ ਜੀ ਨੇ ਪੂਰਬ ਪੱਛਮ ਵਿੱਚ ਯਾਤਰਾਵਾਂ ਕਰਕੇ ਲੋਕਾਂ ਨੂੰ ਸੱਚਾ ਸੁੱਚਾ ਜੀਵਨ ਉਪਦੇਸ਼ ਦਿੱਤਾ ਕਿ ਤੁਸੀਂ ਵਿਸ਼ੇ ਵਿਕਾਰਾਂ ਵਿੱਚ ਫਸਕੇ ਆਤਮਾ ਅਤੇ ਸਰੀਰ ਦਾ ਨਾਸ ਕਰ ਚੁੱਕੇ ਹੋ। ਸੁੱਖੀ ਜੀਵਨ ਵਾਸਤੇ ਅੰਦਰੋਂ ਬਲਵਾਨ ਹੋਣਾ ਜਰੂਰੀ ਹੈ। ਗੁਰੂ ਸਾਹਿਬ ਜੀ ਨੇ ਸੱਚ ਧਰਮ ਦਾ ਉਪਦੇਸ਼ ਘਰ ਘਰ ਪਹੁੰਚਾਇਆ। ਇਸ ਹੁਨਰ ਨੇ ਦਸ ਜਾਮਿਆ ਵਿੱਚ ਮਾਨਵਤਾ ਦੀ ਭਲਾਈ ਵਿੱਚ ਹਿੰਦੀਆਂ ਵਿੱਚ ਆਤਮ ਬਲ, ਅਣਖ, ਸੱਚਾਈ ਤੇ ਕੁਰਬਾਨੀ ਦੀ ਰੂਹ ਭਰੀ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਖ਼ਾਲਸੇ ਨੂੰ ਜਨਮ ਦਿੱਤਾ, ਬਲਵਾਨ ਫ਼ੌਜੀ ਬਣਾਇਆ, ਬੜੇ ਨਿਸ਼ਚੇ ਨਾਲ ਦ੍ਰਿੜ ਕਰਵਾਇਆ।

ਸਵਾ ਲਾਖ ਸੇ ਏਕੇ ਲੜਾਉਂ,
ਤਬੈ ਗੋਬਿੰਦ ਸਿੰਘ ਨਾਮ ਕਹਾਉਂ

ਇਸ ਨੂੰ ਪੂਰਾ ਕਰਨ ਲਈ ਭਾਈ ਮਨੀ ਸਿੰਘ ਸ਼ਹੀਦ ਵਰਗੇ ਅਨੇਕਾਂ ਸਿੰਘ ਹੋਏ ਹਨ, ਜਿੰਨਾਂ ਨੇ ਜਾਨਾਂ ਤਲੀ 'ਤੇ ਰੱਖ ਕੇ ਬੰਦ ਬੰਦ ਕਟਾਏ, ਚਰਖੜੀਆਂ 'ਤੇ ਚੜੇ ਧਰਮ ਹੇਠ ਕੁਰਬਾਨ ਹੋਏ। ਜ਼ੁਲਮ ਦੇ ਰਾਜ ਨੂੰ ਖਤਮ ਕਰਨ ਲਈ ਭਰਪੂਰ ਯੋਗਦਾਨ ਪਾਇਆ। ਸੱਤ ਸੋ ਵਰ੍ਹੇ ਬਾਅਦ ਹਿੰਦੀਆਂ ਦਾ ਆਪਣਾ ਰਾਜ ਕਾਇਮ ਹੋਇਆ।

ਪ੍ਰਿਥੀਰਾਜ ਦੇ ਸਮੇਂ ਦੇਸ਼ ਦਾ ਪ੍ਰਬੰਧ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਆਗਰੇ ਸੂਬੇ ਦਾ ਪ੍ਰਬੰਧ ਭਾਈ ਮਨੀ ਸਿੰਘ ਜੀ ਦੇ ਵਡੇਰੇ ਰਾਇਬੀਰ ਦੁਲੱਟ ਦੇ ਹੱਥ ਵਿੱਚ ਸੀ। ਉਹ ਬਹਾਦਰ ਰਾਜੂਪਤ ਮੁਹੰਮਦ ਗੌਰੀ ਦੇ ਹੱਲੇ ਵੇਲੇ ਖੂਬ ਲੜਿਆ ਪਰ ਪ੍ਰਿਥੀ ਰਾਜ ਦੇ ਮਾਰੇ ਜਾਣ ਤੋਂ ਬਾਅਦ ਰਾਇਬੀਰ ਆਪਣੇ ਪ੍ਰਵਾਰ ਸਮੇਤ ਆਗਰਾ ਛੱਡ ਯਮਨਾ ਤੇ ਸਤਲੁਜ ਦੇ ਵਿਚਕਾਰ ਜੰਗਲ ਵਿੱਚ ਡੇਰਾ ਲਗਾ ਬੈਠਾ। ਇਥੇ ਇਕ ਰਾਣੀ ਦੀ ਰਿਆਸਤ ਉਸ ਨੂੰ ਮਿਲ ਗਈ। ਬਹਾਦਰ ਦੁਲੱਟ ਰਾਜਾ ਬਣ ਬੈਠਾ। ਉਸਨੇ ਨਵੀਂ ਰਿਆਸਤ ਦਾ ਪ੍ਰਬੰਧ ਅਜਿਹੇ ਸੁੱਚਜੇ ਢੰਗ ਨਾਲ ਕੀਤਾ ਕਿ ਉਸ ਦੀ ਬਹਾਦਰੀ ਦੀਆਂ ਧੁੰਮਾਂ ਪੈ ਗਈਆਂ। ਇਸ ਦੇ ਪੁੱਤਰਾਂ ਦੀ ਵੀ ਬੜੀ ਚੜ੍ਹਤ ਸੀ। ਇਲਾਕੇ ਦੇ ਵੱਡੇ ਪ੍ਰਵਾਰਾਂ ਵਿੱਚ ਇਨ੍ਹਾਂ ਦਾ ਬੜਾ ਰਸੂਖ ਸੀ। ਕਈ ਨਵੇਂ ਪਿੰਡ ਵਸਾ ਲਏ। ਜਿਨ੍ਹਾਂ ਵਿੱਚ ਕੈਬੋਂ ਲੌਂਗੋਵਾਲ ਬੜਾ ਪ੍ਰਸਿੱਧ ਹੋਇਆ।

ਪੰਜ ਸੌ ਸਾਲ ਤਕ ਦੁਲੱਟ ਦੀ ਔਲਾਦ ਬੜੀ ਮੌਜ ਵਿੱਚ ਰਹੀ, ਫਿਰ ਰਾਜ ਖੁਸ ਗਿਆ ਅਤੇ ਜ਼ਿੰਮੀਦਾਰੇ ਦਾ ਕੰਮ ਰਹਿ ਗਿਆ। 1729 ਈ. ਨੂੰ ਨਾਦਰ ਸ਼ਾਹ ਦਿੱਲੀ 'ਤੇ ਆਣ ਚੜ੍ਹਿਆ। ਸ਼ਹਿਰ ਨੂੰ ਲੁੱਟਿਆ, ਸਾੜਿਆ ਵੱਡਾ ਕਤਲਾਮ ਕੀਤਾ। ਜਦੋਂ ਮੁੜਿਆ ਤਾਂ ਦੁਲੱਟਾਂ ਦੇ ਪਿੰਡ ਵੀ ਉਜਾੜ ਗਿਆ। ਇਹ ਫਿਰ ਜੰਗਲਾਂ ਵਿੱਚ ਜਾ ਲੁਕੇ । ਪਟਿਆਲਾ ਵਾਲੇ ਸਰਦਾਰ ਆਲਾ ਸਿੰਘ ਦਾ ਬੜਾ ਜੋਰ ਸੀ। ਉਹਨਾਂ ਇਨ੍ਹਾਂ ਨੂੰ ਥੇਹ ਵਿੱਚ ਵਸਾ ਲਿਆ। ਇਹਨਾਂ ਨੇ ਥੇਹ ਦਾ ਨਾਉਂ ਆਪਣੇ ਵਡੇਰਿਆਂ ਦੀ ਯਾਦ ਵਿੱਚ ਲੌਂਗੋਵਾਲ ਰਖਿਆ। ਇਥੇ ਹੀ ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ. ਵਿੱਚ ਹੋਇਆ। ਦੁਲੱਟ ਘਰਾਣਾ ਪਹਿਲਾਂ ਪੀਰ ਸਖੀ ਸਰਵਰ ਨੂੰ ਪੂਜਦਾ ਸੀ। ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ ਪਿੰਡ ਅਕੋਈ ਪੁੱਜੇ ਤਾਂ ਗੁਰ ਦਰਸ਼ਨਾਂ ਲਈ ਦੁਲੱਟ ਸਰਦਾਰ ਵੀ ਚੋਖੀ ਸੰਗਤ ਨਾਲ ਪਹੁੰਚੇ। ਗੁਰਬਾਣੀ ਦਾ ਉਪਦੇਸ਼ ਸੁਣ ਅਜਿਹੇ ਪ੍ਰਸੰਨ ਹੋਏ ਕਿ ਪੱਕੇ ਸਿੱਖ ਬਣ ਗਏ। ਉਹਨਾਂ ਵਿਚੋਂ ਭਾਈ ਚੂਹੜ ਸਿੰਘ ਤੇ ਭਾਈ ਭੱਲਣ ਦੋਵੇਂ ਦੁੱਲਟ ਸਰਦਾਰ ਘਰ ਜਾਣਾ ਹੀ ਭੁੱਲ ਗਏ। ਭਾਈ ਭੱਲਣ ਆਪਣੇ ਪੋਤਰੇ ਕਾਲੇ ਸਮੇਤ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਰਹਿ ਪਏ। ਇਹੋ ਭਾਈ ਕਾਲਾ ਜੀ ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਸਨ। ਭਾਈ ਭੱਲਣ ਨੇ ਗੁਰੂ ਸਾਹਿਬ ਜੀ ਦੇ ਦਿਲਬਾਗ ਘੋੜੇ ਦੀ ਸੇਵਾ ਲੈ ਲਈ। ਜਿਧਰ ਤੋੜਾ ਆਪਣੇ ਯੋਧੇ ਸਵਾਰ ਨੂੰ ਲੈ ਕੇ ਜਾਂਦਾ ਭਾਈ ਭੱਲਣ ਵੀ ਨਾਲ ਹੀ ਜਾਂਦਾ। ਇਕ ਵਾਰ ਸ਼ਿਕਾਰ ਖੇਡਦਿਆਂ ਗੁਰੂ ਸਾਹਿਬ ਜੀ ਨੂੰ 2-3 ਸ਼ੇਰਾਂ ਨਾਲ ਟਾਕਰਾ ਕਰਨਾ ਪਿਆ। ਦੋ ਸ਼ੇਰ ਤਾਂ ਗੁਰੂ ਸਾਹਿਬ ਜੀ ਨੇ ਆਪ ਮੁਕਤ ਕੀਤੇ, ਪਰ ਤੀਜਾ ਅੱਗੇ ਵਧਿਆ ਤਾਂ ਭਾਈ ਭੱਲਣ ਨੇ ਉਸ ਨੂੰ ਮਾਰ ਮੁਕਾਇਆ। ਗੁਰੂ ਜੀ ਬੜੇ ਪ੍ਰਸੰਨ ਹੋਏ। ਆਖਣ ਲੱਗੇ ਭਾਈ ਭੱਲਣ ਤੇਰੀ ਕੁਲ ਵਿੱਚ ਸਿੱਖੀ ਸਿਦਕ ਰਹੇਗਾ। ਅਜਿਹੇ ਸੂਰਮੇ ਪੈਦਾ ਹੋਣਗੇ ਜੋ ਸਿੱਖੀ ਭਰੋਸੇ ਵਾਲੇ ਹੋਣਗੇ। ਭਾਈ ਭੱਲਣ ਸਿੱਖ ਸੈਨਾ ਦਾ ਜਰਨੈਲ ਬਣ ਗਿਆ। ਕਰਤਾਰਪੁਰ ਦੀ ਜੰਗ ਵਿੱਚ ਵੈਰੀਆਂ ਦੇ ਆਹੂ ਲਾਹੁੰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਕਾਲਾ ਜੀ ਗੁਰੂ ਚਰਨਾਂ ਵਿੱਚ ਰਹਿੰਦਿਆਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ, ਨਾਮ ਜਪਦੇ, ਕੀਰਤਨ ਸੁਣਦੇ, ਲੰਗਰ ਅਤੇ ਤਬੇਲੇ ਦੀ ਸੇਵਾ ਕਰਦੇ, ਕਸਰਤ ਕਰਦੇ ਤਰਾਂ ਤਰਾਂ ਦੇ ਕਰਤੱਬ ਸਿੱਖਦੇ। ਜੁਆਨ ਹੋਏ ਤਾਂ ਰਣ ਵਿੱਚ ਜਾ ਕੇ ਵੀ ਜੌਹਰ ਵਿਖਾਏ।

ਜੰਗ ਤੋਂ ਬਾਅਦ ਅਮਨ ਹੋ ਗਿਆ ਤਾਂ ਗੁਰੂ ਸਾਹਿਬ ਜੀ ਨੇ ਭਾਈ ਕਾਲਾ ਨੂੰ ਆਪਣੇ ਨਗਰ ਜਾਣ ਦੀ ਆਗਿਆ ਦਿੱਤੀ। ਭਾਈ ਕਾਲਾ ਜੀ ਨੇ ਘਰ ਆ ਕੇ ਵਿਆਹ ਕਰ ਲਿਆ। ਆਪ ਜੀ ਦੀ ਸੁਪਤਨੀ ਦਾ ਨਾਉਂ ਦਇਆ ਕੌਰ ਸੀ। ਉਹਨਾਂ ਦਾ ਗੁਰ ਸਿੱਖੀ ਵਾਲਾ ਜੀਵਨ ਸੀ। ਦੋ ਪੁੱਤਰਾਂ ਦੀ ਬਖਸ਼ਿਸ਼ ਹੋਈ। ਜੇਠੇ ਪੁੱਤਰ ਦਾ ਨਾਉਂ ਭਾਈ ਨਗਾਹੀਆ ਅਤੇ ਛੋਟੇ ਦਾ ਮਨੀਆ, ਜੋ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਵਜੋਂ ਪ੍ਰਸਿੱਧ ਹੋਏ। ਭਾਈ ਸਾਹਿਬ ਜੀ ਨੇ ਜੀਵਨ ਵਿੱਚ ਗੁਰਸਿੱਖੀ ਦੇ ਗੁਣ ਅਪਨਾਏ। ਨਿਸ਼ਕਾਮ ਸੇਵਾ, ਗੁਰ ਸਤਿਕਾਰ, ਪੰਥ ਪਿਆਰ, ਅਸਚਰਜ ਵਿਦਵਤਾ, ਨੀਤੀ, ਨਿਰਮਾਣ ਬੇਅੰਤ ਘਾਲਣਾ, ਅਦੁੱਤੀ ਕੁਰਬਾਨੀ, ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਸਾਧੂ ਸੁਭਾਅ। ਭਾਈ ਨਗਾਹੀਆਂ ਸਿੰਘ ਅਤੇ ਭਾਈ ਮਨੀ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਗ੍ਰੰਥੀ ਕੋਲ ਪੜ੍ਹਨੇ ਪਾਇਆ। ਭਾਈ ਮਨੀ ਸਿੰਘ ਜੀ ਪੜ੍ਹਾਈ ਵਿੱਚ ਹੁਸ਼ਿਆਰ ਸਨ। ਕੁਝ ਪੜ੍ਹਨਾ ਲਿਖਣਾ ਸਿੱਖ ਗਏ। ਉਹਨਾਂ ਦੇ ਪਿਤਾ ਜੀ ਭਾਈ ਕਾਲਾ ਜੀ ਇੱਕ ਪੂਰਨ ਸਿੱਖ ਸਨ, ਧਰਮ ਪ੍ਰੇਮੀ ਸਨ। ਨੌਵੇਂ ਪਾਤਸ਼ਾਹ ਧਰਮ ਦੀ ਰਖਿਆ ਲਈ ਦਿੱਲੀ ਵਿੱਚ ਸ਼ਹੀਦ ਹੋ ਚੁੱਗੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਵਿੱਚ ਪਹਾੜੀ ਰਾਜਿਆਂ ਨਾਲ ਛੋਟੀਆਂ ਛੋਟੀਆਂ ਲੜਾਈਆਂ ਵਿੱਚ ਰੁੱਝੇ ਹੋਏ ਸਨ। ਲੋਕ ਵਹੀਰਾਂ ਪਾ ਕੇ ਗੁਰੂ ਸਾਹਿਬ ਜੀ ਦੀ ਮਦਦ ਲਈ ਆਨੰਦਪੁਰ ਸਾਹਿਬ ਆ ਰਹੇ ਸਨ। ਭਾਈ ਕਾਲਾ ਜੀ ਵੀ ਪ੍ਰਵਾਰ ਸਮੇਤ ਆਨੰਦਪੁਰ ਸਾਹਿਬ ਗੁਰ ਦਰਬਾਰ ਵਿੱਚ ਆਣ ਪਹੁੰਚੇ। ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਦੀਵਾਨ ਦੀ ਸਮਾਪਤੀ 'ਤੇ ਸੰਗਤ ਗੁਰੂ ਜੀ ਵਲ ਵਧੀ। ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਦਗ ਦਗ ਹੋ ਗਏ। ਵਿਸਮਾਦ ਵਿੱਚ ਆ ਗਏ। ਗੁਰੂ ਜੀ ਨੂੰ ਮਨੀਏ ਨੂੰ ਵੇਖ ਕੇ ਅਜਿਹਾ ਪ੍ਰੇਮ ਆਇਆ ਕਿ ਆਪਣੇ ਪਾਸ ਬਿਠਾ ਲਿਆ। ਭਾਈ ਕਾਲਾ ਜੀ ਕੁਝ ਦਿਨ ਅਨੰਦਪੁਰ ਸਾਹਿਬ ਰਹੇ। ਸਾਰੀ ਸੰਗਤ ਆਗਿਆ ਲੈ ਕੇ ਘਰਾਂ ਨੂੰ ਪਰਤੀ ਤਾਂ ਭਾਈ ਮਨੀਆ ਜੀ ਆਪਣੇ ਪਿਤਾ ਨੂੰ ਕਹਿਣ ਲੱਗੇ ਕਿ ਮੈਂ ਇੱਥੇ ਹੀ ਰਹਿਣਾ ਹੈ। ਘਰ ਨਹੀਂ ਜਾਣਾ। ਗੁਰੂ ਜੀ ਨੇ ਵੀ ਕਹਿ ਦਿੱਤਾ ਕਿ ਭਾਈ ਮਨੀਆ ਨਾਲ ਜਾਵੇ। ਭਾਈ ਕਾਲਾ ਜੀ ਬੜੇ ਪ੍ਰਸੰਨ ਹੋਏ। ਮਨੀਏ ਨੂੰ ਗੁਰ ਚਰਨਾਂ ਵਿੱਚ ਛੱਡ ਕੇ ਆਪ ਘਰ ਮੁੜ ਗਏ। ਮਨੀਏ ਦੀ ਉਮਰ 8-10 ਸਾਲ ਸੀ। ਅੰਤਲੇ ਦਮ ਤਕ ਸਾਰੀ ਉਮਰ ਉਹਨਾਂ ਨੇ ਪੰਥ ਦੀ ਸੇਵਾ ਕੀਤੀ।



ਭਾਈ ਮਨੀ ਸਿੰਘ ਜੀ ਦੇ ਪ੍ਰਵਾਰ ਨੂੰ ਸ਼ਹੀਦਾਂ ਦਾ ਪ੍ਰਵਾਰ ਵਜੋਂ ਮਾਨਤਾ ਪ੍ਰਾਪਤ ਹੈ। ਗੁਰੂਆਂ ਪ੍ਰਤੀ ਸ਼ਰਧਾ ਉਹਨਾਂ ਨੂੰ ਵਿਰਾਸਤ ਵਿੱਚ ਮਿਲੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੇਲੇ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿੱਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ, ਭਾਈ ਮਨੀਰਾਮ ਜੀ ਦੇ ਭਰਾ ਸਨ। ਭਾਈ ਸਾਹਿਬ ਦੀ ਛੋਟੀ ਉਮਰ ਵਿੱਚ ਭਰਵਾਂ ਸਰੀਰ, ਸ਼ਾਂਤ ਚਿਹਰਾ, ਉਹਨਾਂ ਨੂੰ ਜਿਹੜੀ ਵੀ ਸੇਵਾ ਮਿਲਦੀ ਬੜੇ ਸੁੱਚਜੇ ਢੰਗ ਨਾਲ ਨਿਭਾਉਂਦੇ ਜਿਵੇਂ ਦੀਵਾਨ ਵਿੱਚ ਪੱਖਾ ਕਰਦੇ, ਲੰਗਰਾਂ ਵਿੱਚ ਪਾਣੀ ਢੋਂਦੇ , ਭਾਂਡੇ ਮਾਂਜਦੇ। ਗੁਰੂ ਸਾਹਿਬ ਉਹਨਾਂ ਦੀ ਸੇਵਾ ਤੇ ਪ੍ਰਸੰਨ ਹੁੰਦੇ। ਉਹਨਾਂ ਨੂੰ ਲੰਗਰ ਦਾ ਜਥੇਦਾਰ ਬਣਾ ਦਿੱਤਾ। ਉਹਨਾਂ ਦਾ ਲੰਗਰ ਦਾ ਪ੍ਰਬੰਧ ਸ਼ਲਾਘਾਯੋਗ ਸੀ। ਉਹ ਨਿਰਮਾਣ ਤੇ ਨਿਸ਼ਕਾਮ ਸੇਵਕ ਬਣਦੇ ਗਏ। ਗੁਰੂ ਸਾਹਿਬ ਜੀ ਨੇ ਭਾਈ ਮਨੀਆ ਨੂੰ ਵਿਦਿਆ ਪ੍ਰਾਪਤੀ ਵੱਲ ਲਾ ਲਿਆ। ਜਦ ਉਹ ਪੜ੍ਹਨਾ ਲਿਖਣਾ ਸਿੱਖ ਗਏ ਤਾਂ ਉਹਨਾਂ ਨੇ ਹੋਰਨਾਂ ਨੂੰ ਵੀ ਪੜਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਦੀਵਾਨ ਵਿੱਚ ਕਥਾ ਕਰਨ ਲੱਗ ਪਏ। ਗੁਰੂ ਸਾਹਿਬ ਜੀ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ ਤੋਂ ਵੀ ਗਿਆਨ ਪ੍ਰਾਪਤ ਕੀਤਾ। ਗੁਰੂ ਸਾਹਿਬ ਜੀ ਜਦੋਂ ਪਾਉਂਟਾ ਸਾਹਿਬ ਵਿਖੇ ਇਕਾਂਤ ਵਾਸ ਵਿੱਚ ਸਨ ਤਾਂ ਭਾਈ ਮਨੀਆ ਨੇ ਸਤੰਬਰ 1688 ਵਿੱਚ ਭੰਗਾਣੀ , 1690 ਵਿੱਚ ਨਦੋਨ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿਸਾ ਲਿਆ। ਸੰਨ 1691 ਵਿੱਚ ਗੁਰੂ ਸਾਹਿਬ ਜੀ ਨੇ ਨੰਦ ਚੰਦ ਤੋਂ ਬਾਅਦ ਉਹਨਾਂ ਨੂੰ ਦੀਵਾਨ ਦੀ ਉਪਾਧੀ ਦਿੱਤੀ। ਸੰਨ 1695 ਵਿੱਚ ਜਦੋਂ ਮੁਗਲ ਸੈਨਾਪਤੀ ਹੁਸੈਨ ਖਾਨ ਨੇ ਆਨੰਦਪੁਰ ਤੇ ਹਮਲਾ ਕੀਤਾ ਤਾਂ ਵੀ ਭਾਈ ਮਨੀਆ ਜੀ ਬੜੀ ਬ ਹ ਾਦਰੀ ਨਾਲ ਲੜੇ। ਗੁਰੂ ਦਰਬਾਰ ਵਿੱਚ ਉਹਨਾਂ ਦਾ ਸਥਾਨ ਲੇਖਕ ਪ੍ਰਚਾਰਕ ਅਤੇ ਬਹਾਦਰੀ ਦਾ ਸੀ। ਉਹ ਗੁਰੂ ਦਰਬਾਰ ਦੇ 52 ਰਤਨ ਕਵੀਆਂ ਵਿਚੋਂ ਵੀ ਇਕ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਗਿਆਨੀ ਦੀ ਉਪਾਧੀ ਦਿੱਤੀ ਅਤੇ ਸਿਰੋਪਾਓ ਦੇ ਕੇ ਸੰਗਤ ਵਿੱਚ ਸ਼ਲਾਘਾ ਵੀ ਕੀਤੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛੱਕ ਕੇ ਨਾਉਂ ਮਨੀ ਸਿੰਘ ਹੋ ਗਿਆ। ਸੰਨ 1704 ਵਿੱਚ 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾ ਨੂੰ ਸੁਰੱਖਿਅਕ ਦਿੱਲੀ ਪਹੁੰਚਾਉਣ ਵਿੱਚ ਸਫਲ ਹੋਏ। ਜਦੋਂ ਗੁਰੂ ਸਾਹਿਬ ਜੀ 29 ਦਸੰਬਰ 1705 ਨੂੰ ਮੁਕਤਸਰ ਦੀ ਜੰਗ ਤੋਂ ਬਾਅਦ ਸਾਬੋ ਕੀ ਤਲਵੰਡੀ ਆਣ ਪੁੱਜੇ। ਇਥੇ ਆਰਾਮ ਕੀਤਾ, ਇਸੇ ਲਈ ਇਸ ਦਾ ਨਾਉਂ ਦਮਦਮਾ ਸਾਹਿਬ ਪੈ ਗਿਆ। ਇੱਥੇ ਗੁਰੂ ਸਾਹਿਬ ਜੀ ਨੇ ਵਿਦਿਆ ਅਤੇ ਸਾਹਿਤ ਦਾ ਪ੍ਰਵਾਹ ਚਲਾਇਆ। ਇਸੇ ਕਰਕੇ ਇਸ ਨੂੰ ਗੁਰੂ ਕੀ ਕਾਸ਼ੀ ਵੀ ਆਖਦੇ ਹਨ। ਭਾਈ ਸਾਹਿਬ ਗੁਰੂ ਕੇ ਮਹਿਲਾ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਗੁਰੂ ਸਾਹਿਬ ਜੀ ਨੇ ਇੱਥੇ ਹੀ ਭਾਈ ਸਾਹਿਬ ਪਾਸੋਂ ਆਦਿ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਲਿਖਵਾਈ। ਬਾਬਾ ਦੀਪ ਸਿੰਘ ਜੀ ਨੇ ਵੀ ਸੇਵਾ ਨਾਲ ਨਿਭਾਈ।

ਅੰਮ੍ਰਿਤਸਰ ਦੀ ਸੰਗਤ ਨੇ ਬੇਨਤੀ ਕੀਤੀ ਤਾਂ ਭਾਈ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਅਤੇ ਬਾਅਦ ਵਿੱਚ ਅਕਾਲੀ ਬੁੰਗੇ ਦਾ ਸੇਵਾਦਾਰ ਨਿਯੁਕਤ ਕੀਤਾ। ਉਹਨਾਂ ਅੰਮ੍ਰਿਤਸਰ ਦੀ ਪ੍ਰੱਪੱਕ ਮਰਿਆਦਾ ਚਲਾਉਣ ਲਈ ਸੇਵਾ ਨਿਭਾਈ। ਉਹ ਗੁਰਬਾਣੀ ਦੀ ਵਿਆਖਿਆ ਨਾਲ ਸੰਗਤਾਂ ਨੂੰ ਜੋੜਦੇ ਸਨ। ਉਹਨਾਂ ਨੇ ਪ੍ਰਚਾਰ ਲਈ 1714-15 ਵਿੱਚ ਝੰਗ ਪਾਕਿਸਤਾਨ ਵਿਖੇ ਪ੍ਰਚਾਰ ਕੀਤਾ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਥ ਦੋ ਦਲਾਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡਿਆ ਗਿਆ ਸੀ। ਸੰਗਤਾਂ ਵਿੱਚ ਭਾਈ ਸਾਹਿਬ ਦਾ ਬੜਾ ਸਤਿਕਾਰ ਸੀ। ਭਾਈ ਸਾਹਿਬ ਨੇ ਆਪਣੇ ਪ੍ਰਭਾਵ ਨਾਲ ਖ਼ਾਲਸੇ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ।

ਸੰਨ 1734 ਵਿੱਚ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ ਬੰਦੀ ਛੋੜ ਦੀਪਮਾਲਾ ਦਿਵਸ ਮਨਾਉਣ। ਜਕਰੀਆ ਖਾਨ ਲਾਹੌਰ ਦਾ ਰਾਜਪਾਲ ਸੀ। ਉਸਨੇ ਸੁਰੱਖਿਆ ਪ੍ਰਦਾਨ ਕਰਨ ਲਈ ਪੰਜ ਹਜ਼ਾਰ ਰੁਪਏ ਅਦਾ ਕਰਨ ਲਈ ਕਿਹਾ। ਜਕਰੀਆਂ ਖਾਨ ਅਤੇ ਦੀਵਾਨ ਲੱਖਪਤ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲਾਂ ਦੀ ਇਸ ਚਾਲ ਦਾ ਪਤੱਤ ਭਾਈ ਸਾਹਿਬ ਨੂੰ ਲੱਗ ਗਿਆ ਕਿ ਇਕੱਠ ਤੋਂ ਪਹਿਲਾਂ ਹੀ ਘੇਰਾ ਬੰਦੀ ਲਈ ਫ਼ੌਜ ਲਗਾ ਦਿੱਤੀ ਗਈ ਸੀ। ਕਤਲੇਆਮ ਦੇ ਬਚਾਅ ਲਈ ਭਾਈ ਸਾਹਿਬ ਜੀ ਨੇ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ ਸੰਗਤਾਂ ਪੁਰਬ 'ਤੇ ਨਾ ਪਹੁੰਚਣ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਾਵੇ ਦੀ ਧੰਨ ਰਾਸ਼ੀ ਵਿਚੋਂ ਸਰਕਾਰੀ ਅਦਾਇਗੀ ਨਹੀਂ ਹੋ ਸਕਦੀ ਸੀ।

ਦੁਬਾਰਾ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿੱਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੰਘਾਂ ਨੂੰ ਇਕੱਠੇ ਕਰਕੇ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੰਘਾਂ ਦੇ ਕਤਲੇਆਮ ਨੂੰ ਰੋਕਣ ਲਈ ਸੁਨੇਹੇ ਭੇਜੇ ਕਿ ਇਹ ਵੀ ਹਕੂਮਤ ਦੀ ਸਿੰਘਾਂ ਨੂੰ ਖਤਮ ਕਰਨ ਦੀ ਇੱਕ ਹੋਰ ਚਾਲ ਹੈ ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤੱਤ ਨੂੰ ਫ਼ੌਜ ਦੇ ਕੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਦਿੱਤੱਤ। ਜਿਸ ਵਿੱਚ ਸਿੰਘਾਂ ਦਾ ਜਾਨੀ ਨੁਕਸਾਨ ਵੀ ਹੋਇਆ। ਅਦਾਇਗੀ ਜੋਗੀ ਰਕਮ ਫਿਰ ਇਕੱਠੀ ਨਾ ਹੋ ਸਕੀ।

ਸੁਬੇ ਦੇ ਪ੍ਰਬੰਧਕ ਆ ਗਏ ਕਿ ਲਾਹੌਰ ਚਲ ਕੇ ਰਕਮ ਤਾਰ ਆਉ ਅਤੇ ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਰਕਮ ਨਾ ਅਦਾ ਕਰਨ ਦੇ ਦੋਸ਼ ਵਿੱਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਸੂਬੇ ਨੇ ਕਿਹਾ ਕਿ ਇਸਲਾਮ ਕਬੂਲ ਕਰ ਲੈ ਰਕਮ ਮੁਆਫ਼ ਹੋ ਜਾਵੇਗੀ। ਭਾਈ ਸਾਹਿਬ ਨੇ ਕਿਹਾ ਕਿ ਮੇਰਾ ਧਰਮ ਨਿਆਰਾ ਹੈ। ਇਹ ਆਸ ਨਾ ਰੱਖੀ ਕਿ ਮੈਂ ਤੇਰੇ ਡਰਾਵਿਆਂ ਤੋਂ ਡਰ ਕੇ ਆਪਣਾ ਧਰਮ ਤਿਆਗ ਦੇਵਾਂ। ਤਕ ਸੂਬੇ ਨੇ ਕਈ ਤਰਾਂ ਦੇ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਪਰ ਭਾਈ ਸਾਹਿਬ ਕਿਸੇ ਵੀ ਗਲ ਵਿੱਚ ਨਾ ਆਏ। ਕਾਰਵਾਈ ਅਗਲੇ ਦਿਨ ਤੇ ਪਾ ਦਿੱਤੀ ਗਈ ਕਿ ਸ਼ਾਇਦ ਭਾਈ ਸਾਹਿਬ ਸਮਾਂ ਪਾ ਕੇ ਆਪਣੀ ਦਲੀਲ ਬਦਲ ਲੈਣ।

ਅਗਲੇ ਦਿਨ ਫਿਰ ਉਹੀ ਸ਼ਰਤਾਂ ਭਾਈ ਸਾਹਿਬ ਸਾਹਮਣੇ ਰੱਖੀਆਂ ਗਈਆਂ। ਭਾਈ ਸਾਹਿਬ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਨਾ ਤਾਂ ਮੇਰੇ ਕੋਲ ਰਕਮ ਅਦਾ ਕਰਨ ਲਈ ਹੈ ਅਤੇ ਨਾ ਹੀ ਮੈਂ ਆਪਣਾ ਪਿਆਰਾ ਧਰਮ ਹੀ ਬਦਲਣਾ ਹੈ। ਮੈਨੂੰ ਤੇਰੀ ਸਜ਼ਾ ਦਾ ਵੀ ਕੋਈ ਡਰ ਨਹੀਂ ਹੈ।

ਸੂਬੇ ਨੇ ਆਪਣੇ ਕਾਜ਼ੀ ਬੁਲਾ ਲਏ ਤੇ ਉਹਨਾਂ ਨੂੰ ਆਖਿਆ ਕਿ ਵੇਖੋ ਖਾਂ, ਐਸੇ ਕਾਫ਼ਰ ਲਈ ਸਾਡੀ ਸ਼ਰ੍ਹਾ ਵਿੱਚ ਕੀ ਸਜਾ ਹੈ ? ਜੋ ਆਪਣੇ ਵਾਅਦੇ ਤੋਂ ਮੁਨਕਰ ਹੋ ਕੇ ਰਕਮ ਭੀ ਨਾ ਦੇ ਸਕੇ ਅਤੇ ਦੀਨ ਵੀ ਨਾ ਕਬੂਲੇ। ਕਾਜ਼ੀ ਨੇ ਕਿਹਾ ਕਿ ਐਸੇ ਕਾਫ਼ਰ ਲਈ ਤਿੰਨ ਹੁਕਮ ਹਨ। ਉਹ ਵਾਅਦੇ ਮੁਤਾਬਕ ਰਕਮ ਤਾਰ ਦੇਵ ਜਾਂ ਦੀਨ ਕਬੂਲ ਕਰ ਲਵੇ। ਅਤੇ ਜਾਂ ਬੰਦ ਬੰਦ ਕਟਵਾਣੇ ਮਨਜ਼ੂਰ ਕਰੇ। ਭਾਈ ਸਾਹਿਬ ਜੀ ਨੇ ਖਿੜੇ ਮੱਥੇ ਸਜਾ ਕਬੂਲ ਕੀਤੀ ਕਿ ਮੈਂ ਬੰਦ ਬੰਦ ਕਟਵਾਏ ਜਾਣ ਨੂੰ ਤਿਆਰ ਹਾਂ। ਗੁਰੂ ਕੇ ਸਿੰਘਾਂ ਨੂੰ ਮੌਤ ਤੋਂ ਅਸਲੋਂ ਡਰ ਨਹੀਉਂ ਭਾਵੇਂ ਉਹ ਕੈਸੇ ਹੀ ਭਿਆਨਕ ਰੂਪ ਵਿੱਚ ਸਾਹਮਣੇ ਆਵੇ।

ਭਾਈ ਸਾਹਿਬ ਜੀ ਜੀ ਦੇ ਨਾਲ ਸਿੰਘ ਵੀ ਸ਼ਹੀਦ ਹੋਏ। ਭਾਈ ਦੀਵਾਨ ਸਿੰਘ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਗੁਲਜ਼ਾਰ ਸਿੰਘ , ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਂਕ ਲੰਡੇ ਬਾਜ਼ਾਰ ਲਾਹੌਰ ਵਿੱਚ 90 ਸਾਲ ਦੀ ਉਮਰ ਵਿੱਚ 24 ਜੂਨ 1734 ਨੂੰ ਬੰਦ ਬੰਦ ਕਟਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲੇ ਕੋਲ ਕੀਤੇ। ਜਿਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੈ। ਭਾਈ ਸਾਹਿਬ ਜੀ ਦਾ ਸਮੁੱਚਾ ਜਵੀਨ ਸਿਦਕ, ਸੇਵਾ ਸੰਭਾਲ ਅਤੇ ਕੁਰਬਾਨੀ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਗੁਰੂ ਪੰਥ ਦੇ ਨਿਸ਼ਕਾਮ ਸੇਵਕ ਸੇਵਾ ਅਤੇ ਕੁਰਬਾਨੀ ਵਿੱਚ ਸੱਚ ਮੁੱਚ ਇੱਕ ਸੱਚੇ ਸਿੱਖ ਸਨ। ਪੰਥਕ ਆਨ ਸ਼ਾਨ ਤੇ ਮਰ ਮਿਟਣ ਵਾਲੇ ਸਿਦਗੀ ਪ੍ਰਵਾਨੇ ਸਨ। ਉਹਨਾਂ ਦੀ ਸ਼ਹਾਦਤ ਦੇ ਰੋਹ ਵਿੱਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਬਹਾਦਰੀ ਵਾਲਾ ਰਾਹ ਅਪਣਾਇਆ। ਉਹਨਾਂ ਦੀ ਸ਼ਹਾਦਤ ਨੂੰ ਸਿੱਖ ਕੌਮ ਨੇ ਵਿਰਥਾ ਨਹੀਂ ਜਾਣ ਦਿੱਤਾ।

# ਵਸਦਾ ਰਹੇ ਮੇਰੇ ਬਾਬਲ ਦਾ ਵਿਹੜਾ....

ਗੁਰਬਿੰਦਰ ਸਿੰਘ ਮਾਣਕ

ਧੀਆਂ ਸਦਾ ਹੀ ਸੱਚੇ ਦਿਲੋਂ ਮਾਪਿਆਂ ਦੇ ਵਿਹੜੇ ਦੀ ਖ਼ੈਰ ਮੰਗਦੀਆਂ ਹਨ । ਵਿਆਹ-ਸ਼ਾਦੀ ਉਪਰੰਤ ਜਦੋਂ ਕਦੇ ਦੂਰ ਬਿਗਾਨੜੇ ਦੇਸ਼ ਵੀ ਉਡਾਰੀ ਮਾਰ ਜਾਂਦੀਆਂ ਹਨ, ਤਾਂ ਵੀ ਜਿਸ ਵਿਹੜੇ ਵਿੱਚ ਬਚਪਨ ਤੋਂ ਲੈ ਕੇ ਜਵਾਨੀ ਤੱਕ ਮਾਪਿਆਂ ਤੇ ਭੈਣਾਂ-ਭਰਾਵਾਂ ਨਾਲ ਵਿਚਰੀਆਂ ਹੁੰਦੀਆਂ ਹਨ, ਉਸ ਵਿਹੜੇ ਦੀ ਸਦਾ ਸਲਾਮਤੀ ਲਈ ਦੁਆਵਾਂ ਕਰਦੀਆਂ ਨਹੀਂ ਥੱਕਦੀਆਂ। ਧੀਆਂ ਦੀ ਜ਼ਿੰਦਗੀ ਦਾ ਵੀ ਕੁਦਰਤ ਨੇ ਅਜੀਬ ਦਸਤੂਰ ਸਿਰਜਿਆ ਹੋਇਆ ਹੈ। ਜਿਸ ਘਰ ਜਨਮ ਲੈਂਦੀਆਂ ਹਨ, ਉਸ ਘਰ ਨੂੰ ਸਜਾਉਂਦੀਆਂ, ਸਵਾਰਦੀਆਂ, ਸਲੀਕੇ ਤੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ, ਪੂਰੇ ਘਰ ਨਾਲ ਮੋਹ ਤੇ ਮੁਹੱਬਤ ਦੀਆਂ ਪੀਡੀਆਂ ਤੰਦਾਂ ਨਾਲ ਇਸ ਕਦਰ ਬੱਝ ਜਾਂਦੀਆਂ ਹਨ ਕਿ ਜਿਵੇਂ ਸਾਰੀ ਉਮਰ ਵਿਹੜੇ ਦੀ ਰੌਣਕ ਹੀ ਬਣੀ ਰਹਿਣਾ ਹੋਵੇ। ਪਰ ਸਮਾਜਿਕ ਦਸਤੂਰ ਵਿੱਚ ਬੱਝੇ ਮਾਪਿਆਂ ਨੂੰ ਇੱਕ ਦਿਨ ਘਰ ਦੀ ਧੀ-ਧਿਆਣੀ ਨੂੰ, ਕਿਸੇ ਹੋਰ ਘਰ ਨੂੰ ਵਸਾਉਣ ਲਈ ਆਪਣੇ ਹੱਥੀਂ ਤੋਰਨਾ ਪੈਂਦਾ ਹੈ। ਮਾਪੇ ਅਕਸਰ ਹੀ ਦੁਆਵਾਂ ਕਰਦੇ ਹਨ ਕਿ ਉਨ੍ਹਾਂ ਦੀ ਧੀ ਹਮੇਸ਼ਾ ਸੁਖੀ ਵਸੇ।

ਪਹਿਲੇ ਸਮਿਆਂ ਵਿੱਚ ਤਾਂ ਮਾਪੇ ਧੀ ਦੇ ਜਨਮ ਤੋਂ ਬਾਅਦ ਹੀ, ਉਸ ਨੂੰ ਵਿਆਹ-ਸ਼ਾਦੀ ਕਰ ਕੇ ਸਹੁਰੇ ਘਰ ਤੋਰਨ ਦੇ ਫਿਕਰਾਂ ਵਿੱਚ ਪੈ ਜਾਂਦੇ ਸਨ। ਉਨ੍ਹਾਂ ਸਮਿਆਂ ਵਿੱਚ ਕੁੜੀਆਂ ਨੂੰ ਪੜ੍ਹਾਉਣ ਦਾ ਬਹੁਤਾ ਰਿਵਾਜ਼ ਨਹੀਂ ਸੀ । ਘਰ-ਪਰਿਵਾਰ ਨੂੰ ਸੰਭਾਲਣ ਦੇ ਸਾਰੇ ਕੰਮਾਂ ਵਿੱਚ ਉਨ੍ਹਾਂ ਨੂੰ ਪ੍ਰਵੀਨ ਕੀਤਾ ਜਾਂਦਾ ਸੀ। ਮਾਵਾਂ, ਦਾਦੀਆਂ, ਨਾਨੀਆਂ, ਚਾਚੀਆਂ, ਤਾਈਆਂ ਅਕਸਰ ਹੀ ਧੀਆਂ ਨੂੰ ਟੋਕਦੀਆਂ ਕਿ ਸਾਰੇ ਕੰਮ ਚੱਜ ਨਾਲ ਸਿੱਖ ਲਉ, ਨਹੀਂ ਤਾਂ ਸਹੁਰੇ ਘਰ ਜਾ ਕੇ ਔਖੀਆਂ ਹੋਵੋਂਗੀਆਂ। ਸਚਿਆਰੀਆਂ ਕੁੜੀਆਂ ਸਾਰੇ ਕੰਮ ਹੱਥੀਂ ਕਰਨੇ ਸਿੱਖ ਲੈਂਦੀਆਂ ਤਾਂ ਕਿ ਸੱਸ ਨੂੰ ਮਿਹਣੇ ਮਾਰਨ ਤੇ ਟੋਕਣ ਦਾ ਮੌਕਾ ਨਾ ਮਿਲੇ। ਪਰ ਕੁੜੀਆਂ ਦੇ ਮਨ ਵਿੱਚ ਵਿਆਹ ਤੋਂ ਪਹਿਲਾਂ ਹੀ ਸਮਾਜ ਵੱਲੋਂ ਸੱਸਾਂ ਦਾ ਡਰ ਇਸ ਕਦਰ ਪਾ ਦਿੱਤਾ ਜਾਂਦਾ ਜਿਵੇਂ ਉਹ ਕੋਈ ਹਊਆ ਹੋਣ। ਸੱਸਾਂ-ਨੂੰਹਾਂ ਵਿੱਚ ਲੜਾਈਆਂ , ਝਗੜੇ, ਬੋਲ-ਬੁਲਾਰਾ, ਮਿਹਣੇ-ਕੁਮਿਹਣੇ ਸਦੀਆਂ ਤੋਂ ਚੱਲਦੇ ਆ ਰਹੇ ਹਨ। ਗੱਲ ਭਾਵੇਂ ਕੋਈ ਮਮੂਲੀ ਜਿਹੀ ਹੀ ਹੋਵੇ, ਪਰ ਗ਼ਲਤ-ਫ਼ਹਿਮੀ ਕਾਰਨ ਕਈ ਵਾਰ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਵਿਆਹੀ ਮੁਟਿਆਰ ਨੂੰ ਆਪਣਾ ਪੇਕਾ ਘਰ ਬਹੁਤ ਯਾਦ ਆਉਂਦਾ ਹੈ।

ਜਿਹੜੇ ਘਰ ਧੀ ਹੋਵੇ, ਉਸ ਘਰ ਦਾ ਰੱਖ-ਰਖਾਅ, ਸਲੀਕਾ, ਸਾਫ਼-ਸਫ਼ਾਈ ਤੇ ਸਜਾਵਟ ਨਿਵੇਕਲੀ ਹੀ ਹੁੰਦੀ ਹੈ। ਭਾਵੇਂ ਹੁਣ ਸਮਾਂ ਬਦਲ ਗਿਆ ਹੈ ਤੇ ਮਾਪੇ ਧੀਆਂ ਨੂੰ ਵੀ ਪੜ੍ਹਾਉਣ ਤੇ ਪੈਰਾਂ 'ਤੇ ਖੜ੍ਹੇ ਕਰਨ ਪ੍ਰਤੀ ਬਹੁਤ ਹੱਦ ਤੱਕ ਜਾਗਰੂਕ ਹੋ ਗਏ ਹਨ। ਸਮਾਜ ਵੱਲ ਨਜ਼ਰ ਮਾਰੀਏ ਤਾਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਧੀਆਂ ਨੇ ਆਪਣੀ ਸੂਝ-ਬੂਝ, ਮਿਹਨਤ, ਲਗਨ ਤੇ ਕਾਬਲੀਅਤ ਨਾਲ, ਉੱਚੇ ਅਹੁਦਿਆਂ 'ਤੇ ਪਹੁੰਚ ਕੇ ਸਮਾਜ ਨੂੰ ਹੈਰਾਨ ਕਰ ਦਿੱਤਾ ਹੈ। ਜੀਵਨ ਦਾ ਕੋਈ ਵੀ ਖੇਤਰ ਹੋਵੇ, ਕੁੜੀਆਂ ਨੇ ਹਰ ਥਾਂ ਵੱਡਾ ਨਾਮਣਾ ਖੱਟਿਆ ਹੈ। ਮਾਪੇ ਵੀ ਬਹੁਤ ਖ਼ੁਸ਼ੀ ਤੇ ਚਾਅ ਨਾਲ ਧੀਆਂ ਨੂੰ ਸਿੱਖਿਅਤ ਕਰਨ ਤੇ ਉਨ੍ਹਾਂ ਦੀ ਹਰ ਰੀਝ ਪੂਰੀ ਕਰਨ ਲਈ, ਔਖੇ ਹੋ ਕੇ ਵੀ ਤਿਆਰ ਹੋ ਜਾਂਦੇ ਹਨ। ਕਈ ਵਾਰ ਮਾਪੇ ਭਵਿੱਖ ਦੀਆਂ ਸੋਚਾਂ ਸੋਚਦਿਆਂ ਖਰਚ ਮੁੰਡੇ 'ਤੇ ਜ਼ਿਆਦਾ ਕਰਦੇ ਹਨ, ਪਰ ਪੜ੍ਹ ਧੀ ਜ਼ਿਆਦਾ ਜਾਂਦੀ ਹੈ । ਸਮਾਜ ਲਈ ਇਹ ਗੰਭੀਰ ਸਮੱਸਿਆ ਬਣ ਰਹੀ ਹੈ ਕਿ ਅੱਜ-ਕੱਲ੍ਹ ਬਹੁਤ ਘੱਟ ਮੁੰਡੇ ਮਾਪਿਆਂ ਦੇ ਕਹਿਣੇਕਾਰ ਬਣ ਕੇ ਮਿਹਨਤ ਨਾਲ ਪੜ੍ਹਨ ਤੋਂ ਅਣਗਹਿਲੀ ਕਰ ਰਹੇ ਹਨ। ਦੂਜੇ ਪਾਸੇ ਕੁੜੀਆਂ ਪੜ੍ਹਾਈ ਸਮੇਤ ਹਰ ਪਾਸੇ ਹੀ ਮੋਹਰੀ ਹਨ ਤੇ ਮਾਪਿਆਂ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ ।

ਸਿਆਣੀਆਂ ਤੇ ਸਚਿਆਰੀਆਂ ਮਾਵਾਂ ਕੁੜੀਆਂ ਨੂੰ, ਜ਼ਿੰਦਗੀ ਦੇ ਰਾਹਾਂ 'ਤੇ ਸੁਚਾਰੂ ਰੂਪ ਵਿੱਚ ਚੱਲਦੇ ਰਹਿਣ ਲਈ, ਰਸੋਈ ਤੋਂ ਲੈ ਕੇ ਹਰ ਕੰਮ ਵਿੱਚ ਮੁਹਾਰਤ ਹਾਸਿਲ ਕਰਾਉਂਦੀਆਂ ਹਨ ਤਾਂ ਕਿ ਉਹ ਅਗਲੇਰੀ ਜ਼ਿੰਦਗੀ ਵਿੱਚ ਕਿਸੇ ਪ੍ਰੇਸ਼ਾਨੀ ਤੋਂ ਬੱਚ ਸਕਣ। ਉਂਝ ਵੀ ਔਰਤ ਭਾਵੇਂ, ਜਿੰਨੇ ਮਰਜ਼ੀ ਉੱਚੇ ਅਹੁਦੇ 'ਤੇ ਹੋਵੇ ਪਰ ਉਸਦਾ ਘਰੇਲੂ ਕੰਮਾਂ ਵਿੱਚ ਪ੍ਰਵੀਨ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਘਰ ਦੇ ਹੋਰ ਜੀਆਂ ਤੇ ਜੀਵਨ-ਸਾਥੀ ਨੂੰ ਕੁਝ ਨਹੀਂ ਕਰਨਾ ਚਾਹੀਦਾ।

ਪਰ ਅਸਲ ਗੱਲ ਇਹ ਹੈ ਕਿ ਸਮਾਜ ਅੱਜ ਵੀ ਇਹੀ ਤਵੱਕੋ ਕਰਦਾ ਹੈ ਕਿ ਉਨ੍ਹਾਂ ਦੇ ਘਰ ਆਈ ਨੂੰਹ-ਰਾਣੀ ਨੂੰ ਹਰ ਕੰਮ ਆਉਂਦਾ ਹੋਵੇ । ਧੀਆਂ ਨੂੰ ਤਾਂ ਅਕਸਰ ਹੀ ਮਾਪੇ ਝਿੜਕਾਂ ਮਾਰ ਕੇ ਵੀ ਕੰਮ ਕਰਾ ਲੈਂਦੇ ਹਨ। ਘਰਾਂ ਦੇ ਅਨੇਕਾਂ ਕੰਮ ਹੁੰਦੇ ਹਨ, ਜਿਹੜੇ ਮਾਂ ਆਪਣੀ ਧੀ ਨੂੰ ਸਿਖਾਉਂਦੀ ਹੈ, ਤਾਂ ਕਿ ਉਹ ਜੀਵਨ ਵਿੱਚ ਕਿਸੇ ਨਮੋਸ਼ੀ ਤੇ ਘਟੀਆਪਨ ਦੇ ਅਹਿਸਾਸ ਤੋਂ ਬਚ ਸਕੇ ।

ਧੀਆਂ ਘਰਾਂ ਦੀ ਰੌਣਕ ਹੁੰਦੀਆਂ ਹਨ। ਕਿਸੇ ਧੀ ਦੇ ਜਨਮ ਸਮੇਂ ਮਾਪੇ ਭਾਵੇਂ ਜਿੰਨੇ ਮਰਜ਼ੀ ਉਦਾਸ ਹੋਏ ਹੋਣ ਪਰ ਉਹੀ ਧੀ ਹੌਲੀ-ਹੌਲੀ ਸਾਰੇ ਟੱਬਰ ਦੇ ਜੀਆਂ ਤੋਂ ਏਨਾ ਲਾਡ ਤੇ ਪਿਆਰ ਲੈਂਦੀ ਹੈ ਕਿ ਸਾਰੇ ਘਰ ਦੀ ਚਹੇਤੀ ਬਣ ਜਾਂਦੀ ਹੈ । ਘਰਾਂ ਦੇ ਕੰਮ ਸਵਾਰਦੀਆਂ, ਘਰਾਂ ਵਿੱਚ ਚਹਿਕਦੀਆਂ ਟਹਿਕਦੀਆਂ, ਮਾਪਿਆਂ ਨੂੰ ਪਿਆਰ ਨਾਲ ਮੋਹ ਲੈਂਦੀਆਂ ਧੀਆਂ, ਇੱਕ ਦਿਨ ਪੇਕਿਆਂ ਦੇ ਵਿਹੜੇ ਨੂੰ ਸੁੰਨਾ ਕਰ ਕੇ, ਕਿਸੇ ਹੋਰ ਘਰ ਵਿੱਚ ਜਾ ਰੌਣਕ ਲਾਉਂਦੀਆਂ ਹਨ। ਹੁਣ ਸਮੇਂ ਦੀ ਲੋੜ ਅਨੁਸਾਰ ਧੀਆਂ ਆਪਣੀ ਮਿਹਨਤ ਨਾਲ ਵਿਦੇਸ਼ਾਂ ਵਿੱਚ ਸਿੱਖਿਆ ਪ੍ਰਾਪਤ ਕਰ ਕੇ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ।

ਵਿਆਹ-ਸ਼ਾਦੀ ਉਪਰੰਤ ਅਨੇਕਾਂ ਮਾਪੇ ਆਪਣੀਆਂ ਧੀਆਂ ਦੀ ਬਦੌਲਤ ਹੀ ਵਿਦੇਸ਼ਾਂ ਵਿੱਚ ਜਾਣ ਦੇ ਕਾਬਲ ਹੋਏ ਹਨ। ਕਈ ਧੀਆਂ, ਮਾਪਿਆਂ ਦੀ, ਪੁੱਤਾਂ-ਨੂੰਹਾਂ ਨਾਲੋਂ ਵੀ ਵੱਧ ਸੇਵਾ-ਸੰਭਾਲ ਕਰਦੀਆਂ ਹਨ। ਧੀ ਨੂੰ ਪਿਆਰ ਕਰਨ ਵਾਲੇ ਮਾਪੇ, ਆਪਣੀ ਨੂੰਹ ਵਿਚੋਂ ਵੀ ਧੀ ਹੀ ਦੇਖਦੇ ਹਨ, ਇਸ ਕਾਰਨ ਹੀ ਉਹ ਨੂੰਹ ਨੂੰ ਕਿਸੇ ਬਿਗਾਨੇਪਨ ਦਾ ਅਹਿਸਾਸ ਨਹੀਂ ਹੋਣ ਦਿੰਦੇ । ਅਸਲ ਗੱਲ ਇਹ ਹੈ ਕਿ ਧੀ ਨੇ ਤਾਂ ਇਕ ਦਿਨ ਸਹੁਰੇ ਘਰ ਜਾ ਵਸਣਾ ਹੈ, ਤੇ ਅਸਲ ਧੀ ਤਾਂ ਘਰ ਦੀ ਨੂੰਹ-ਰਾਣੀ ਹੀ ਹੁੰਦੀ ਹੈ ।

ਜਿਹੜੇ ਘਰ ਵਿੱਚ ਧੀ ਨੇ ਜਨਮ ਤੋਂ ਲੈ ਕੇ ਵਿਆਹ-ਸ਼ਾਦੀ ਹੋਣ ਤੱਕ, ਜੀਵਨ ਦੇ ਅਨੇਕਾਂ ਰੰਗ ਮਾਣੇ ਹੁੰਦੇ ਹਨ, ਉਹ ਕਿਤੇ ਦੂਰ ਵੀ ਚਲੀ ਜਾਵੇ ਤਾਂ ਉਹ ਘਰ ਉਹਦੇ ਮਨ ਵਿੱਚ ਸਦਾ ਲਈ ਵਸਿਆ ਰਹਿੰਦਾ ਹੈ। ਉਹ ਸਹੁਰੇ ਘਰ ਬੈਠੀ ਵੀ ਮਾਪਿਆਂ ਦੀ ਫ਼ਿਕਰ ਕਰਦੀ, ਹਮੇਸ਼ਾਂ ਸੁੱਖਾਂ ਦੀ ਦੁਆ ਕਰਦੀ ਰਹਿੰਦੀ ਹੈ। ਜੇ ਮਾਂ-ਬਾਪ ਵਿਚੋਂ ਕੋਈ ਬਿਮਾਰ ਹੋਵੇ ਤਾਂ ਉਹ ਚਿੰਤਾ ਵਿੱਚ ਤੜਪ ਉੱਠਦੀ ਹੈ। ਅਕਸਰ ਹੀ ਉਹ ਮਾਪਿਆਂ ਨੂੰ ਚੰਗੇ ਡਾਕਟਰ ਨੂੰ ਦਿਖਾਉਣ, ਦਵਾਈ ਸਮੇਂ ਸਿਰ ਖਾਣ ਤੇ ਸਿਹਤ ਦਾ ਪੂਰਾ ਖਿਆਲ ਰੱਖਣ ਦੀਆਂ ਸਲਾਹਾਂ ਦਿੰਦੀ ਨਹੀਂ ਥੱਕਦੀ। ਜੇ ਨੇੜੇ ਹੋਵੇ ਤਾਂ ਮਾਪਿਆਂ ਨੂੰ ਹਰ ਸੁੱਖ-ਦੁੱਖ ਸਮੇਂ ਆਪ ਮਿਲ ਕੇ ਖ਼ੁਸ਼ੀ ਤੇ ਦਰਦ ਸਾਂਝਾ ਕਰਨ ਲਈ ਤਾਂਘਦੀ ਹੈ। ਗੀਤ ਦੇ ਬੋਲ ਵੀ ਅਜਿਹੀ ਸੱਚਾਈ ਨੂੰ ਹੀ ਬਿਆਨ ਕਰਦੇ ਹਨ; 'ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ.. ।'

ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਸਹੁਰੇ ਘਰੋਂ ਧੀ ਜਦੋਂ ਮਾਪਿਆਂ ਨੂੰ ਮਿਲਣ ਆਉਂਦੀ ਹੈ, ਤਾਂ ਉਸ ਕੋਲੋਂ ਇਹ ਚਾਅ ਸਾਂਭਿਆ ਨਹੀਂ ਜਾਂਦਾ । ਮਾਪਿਆਂ ਦੇ ਬੈਠਿਆਂ ਤਾਂ ਪੇਕਾ ਘਰ ਵੀ, ਧੀ ਦੇ ਸਿਰ ਠੰਢੀਆਂ ਛਾਂਵਾਂ ਕਰਦਾ ਨਹੀਂ ਥੱਕਦਾ। ਧੀਆਂ, ਅਕਸਰ ਹੀ ਦੇਰ ਰਾਤ ਤੱਕ ਮਾਵਾਂ ਨਾਲ ਗੱਲਾਂ ਕਰਦੀਆਂ ਨਹੀਂ ਥੱਕਦੀਆਂ। ਹਰ ਵਾਰ ਹੀ ਪਤਾ ਨਹੀਂ ਉਹ ਕਿਹੜੇ ਦੁੱਖ-ਸੁੱਖ ਫਰੋਲਦੀਆਂ ਰਹਿੰਦੀਆਂ ਹਨ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਸਾਡੇ ਵਿਆਹ ਨੂੰ ਲੱਗਭੱਗ ਚਾਰ ਦਹਾਕੇ ਹੋਣ ਵਾਲੇ ਹਨ, ਪਰ ਮੇਰੀ ਜੀਵਨ ਸਾਥਣ ਹੁਣ ਵੀ ਜਦੋਂ ਪੇਕੇ ਘਰ ਜਾਵੇ ਤਾਂ ਉਹ ਮਾਂ-ਧੀ ਪਤਾ ਨਹੀਂ ਘੰਟਿਆਂ-ਬੱਧੀ ਕਿਹੜੀਆਂ ਗੱਲਾਂ ਕਰਦੀਆਂ ਰਹਿੰਦੀਆਂ ਹਨ । ਸਿਆਣੇ ਕਹਿੰਦੇ ਨੇ ਮਾਂ-ਧੀ ਦੀ ਇਕ ਗੱਲ ਹੁੰਦੀ ਹੈ ।

ਪੇਕਾ ਘਰ ਵੀ ਧੀਆਂ ਨੂੰ ਮਾਵਾਂ ਨਾਲ ਹੀ ਸੁਹਣਾ ਲੱਗਦਾ ਹੈ । ਮਾਂ-ਬਾਪ ਦੇ ਤੁਰ ਜਾਣ ਬਾਅਦ ਤਾਂ ਭਰਾ-ਭਰਜਾਈਆਂ ਹੀ ਕਿਸੇ ਧੀ ਲਈ, ਪੇਕਿਆਂ ਦੀ ਧਰੋਹਰ ਬਣਦੇ ਹਨ । ਜੇ ਤਾਂ ਆਪਸੀ ਪਿਆਰ, ਸਨੇਹ ਤੇ ਅਪਣੱਤ ਗੂੜ੍ਹੀ ਹੋਵੇ ਤਾਂ ਕਿਸੇ ਧੀ ਲਈ ਪੇਕੇ ਘਰ ਆਉਣਾ ਖ਼ੁਸ਼ੀਆਂ ਖੇੜਿਆਂ ਦਾ ਸਬੱਬ ਹੁੰਦਾ ਹੈ। ਪਰ ਅਜੋਕੇ ਸਮਿਆਂ ਨੇ ਬਹੁਤ ਕੁਝ ਬਦਲ ਦਿੱਤਾ ਹੈ। ਜਦੋਂ ਰਿਸ਼ਤੇ ਬੋਝ ਲੱਗਣ ਲੱਗ ਪੈਣ, ਉਦੋਂ ਸਾਂਝਾਂ ਦੀ ਤੰਦ ਕਮਜ਼ੋਰ ਹੋ ਜਾਂਦੀ ਹੈ। ਹਰ ਧੀ ਦੇ ਮਨ ਦੀ ਇਹ ਰੀਝ ਹੁੰਦੀ ਹੈ ਕਿ ਪੇਕੇ ਘਰ ਦਾ ਦਰਵਾਜ਼ਾ ਉਸ ਨੂੰ ਹਮੇਸ਼ਾ ਪਿਆਰ ਤੇ ਨਿੱਘੀ ਗਲਵੱਕੜੀ ਨਾਲ ਨਿਵਾਜ਼ਦਾ ਰਹੇ। ਧੀਆਂ ਹਮੇਸ਼ਾਂ ਮਾਪਿਆਂ ਦਾ ਭਲਾ ਲੋੜਦੀਆਂ ਹਨ। ਅਜੋਕੇ ਸਮਿਆਂ ਵਿੱਚ, ਧੀਆਂ ਨਾਲ ਜੁੜੇ ਦਿਨ-ਦਿਹਾਰਾਂ ਨੂੰ ਪੈਸੇ ਤੇ ਪਦਾਰਥਿਕ ਵਸਤਾਂ ਨਾਲ ਜੋੜ ਕੇ ਦੇਖਣ ਦੀ ਪ੍ਰਵਿਰਤੀ ਨੇ ਆਪਸੀ ਸਨੇਹ-ਪਿਆਰ ਨੂੰ ਘਟਾ ਦਿੱਤਾ ਹੈ। ਅਸਲ ਵਿੱਚ, ਇਹ ਧੀ ਨਾਲ ਮੇਲ-ਮਿਲਾਪ ਦਾ ਇਕ ਸਬੱਬ ਹੀ ਹੁੰਦਾ ਹੈ, ਤਾਂ ਕਿ ਧੀ ਸਹੁਰੇ ਘਰ ਉਦਾਸ ਨਾ ਹੋਵੇ ਤੇ ਉਸ ਨੂੰ ਇਹ ਅਹਿਸਾਸ ਰਹੇ ਕਿ ਜਿਹੜੇ ਘਰ ਉਸ ਨੇ ਜ਼ਿੰਦਗੀ ਦੇ ਪੱਚੀ ਵਰ੍ਹੇ ਗੁਜ਼ਾਰੇ ਸਨ, ਉਸ ਘਰ ਦੇ ਵਿਹੜੇ ਵਿੱਚ ਵਸਦੇ ਜੀਅ ਅਜੇ ਵੀ ਉਸ ਨਾਲ ਮੋਹ ਕਰਦੇ ਹਨ। ਮਾਂ-ਬਾਪ, ਭਰਾ-ਭਰਜਾਈਆਂ ਧੀ ਦਾ ਪਿਆਰ ਤੇ ਅਪਣੱਤ ਨਾਲ ਸਿਰ ਹੀ ਪਲੋਸ ਦੇਣ ਤਾਂ, ਧੀ ਲਈ ਇਸ ਤੋਂ ਵੱਡੀ ਕੋਈ ਖ਼ੁਸ਼ੀ ਨਹੀਂ ਹੁੰਦੀ। ਅਨੇਕਾਂ ਧੀਆਂ, ਪੁੱਤਰਾਂ ਵੱਲੋਂ ਨਕਾਰੇ ਬਜ਼ੁਰਗ ਮਾਂ-ਬਾਪ ਨੂੰ ਸਾਂਭ ਕੇ ਆਪਣੇ ਫ਼ਰਜ਼ ਨਿਭਾਅ ਰਹੀਆਂ ਹਨ। ਆਪਣੇ ਪੇਕੇ ਘਰ ਨੂੰ ਵਸਦਾ-ਰਸਦਾ ਦੇਖਣ ਲਈ ਉਹ ਸਦਾ ਦੁਆਵਾਂ ਕਰਦੀਆਂ ਨਹੀਂ ਥੱਕਦੀਆਂ।



# ਵਗਦੇ ਦਰਿਆ ਦੇ ਕੰਢੇ ਕਿੰਨੀਆਂ ਵੇ ਟਾਹਲੀਆਂ...

ਜੱਗਾ ਸਿੰਘ ਆਦਮਕੇ

ਰੁੱਖਾਂ ਦਾ ਮਨੁੱਖੀ ਜੀਵਨ ਲਈ ਬਹੁਪੱਖੀ ਮਹੱਤਵ ਹੈ। ਰੁੱਖ ਧਰਤੀ ਦੇ ਵਾਤਾਵਰਣ ਨੂੰ ਸਿਹਤਮੰਦ ਬਣਾਈ ਰੱਖਣ ਦੇ ਨਾਲ ਨਾਲ ਮਨੁੱਖ ਨੂੰ ਅਨੇਕਾਂ ਪੱਖਾਂ ਤੋਂ ਲਾਭ ਪਹੁੰਚਾਉਣ ਵਾਲੇ ਸਾਬਤ ਹੁੰਦੇ ਹਨ। ਇਹ ਠੰਡੀਆਂ ਛਾਵਾਂ ਵੰਡਣ ਦੇ ਨਾਲ ਨਾਲ ਵੱਖ- ਵੱਖ ਤਰ੍ਹਾਂ ਦੇ ਸੁਆਦੀ ਫਲ ਪ੍ਰਦਾਨ ਕਰਦੇ ਹਨ। ਕੁਝ ਰੁੱਖਾਂ ਨੂੰ ਲੱਗਦੇ ਸੁੰਦਰ ਫੁੱਲ ਸਾਡੇ ਆਸ ਪਾਸ ਨੂੰ ਸੁੰਦਰ ਬਣਾਉਣ ਅਤੇ ਮਹਿਕਾਉਣ ਦਾ ਕੰਮ ਕਰਦੇ ਹਨ। ਰੁੱਖ ਪੰਛੀਆਂ ਦੇ ਰਹਿਣ ਲਈ ਥਾਂ ਪ੍ਰਦਾਨ ਕਰਦੇ ਹਨ। ਇਹ ਦਵਾਈਆਂ ਪ੍ਰਦਾਨ ਕਰਨ ਦੇ ਨਾਲ ਨਾਲ ਵੱਖ- ਵੱਖ ਉਦੇਸ਼ਾਂ ਲਈ ਲੱਕੜੀ ਪ੍ਰਦਾਨ ਕਰਦੇ ਹਨ।

ਪੰਜਾਬ ਵਿੱਚ ਬਹੁਤ ਸਾਰੀਆਂ ਕਿਸਮਾਂ ਦੇ ਰੁੱਖ ਮਿਲਦੇ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਰੁੱਖ ਹੈ 'ਟਾਹਲੀ'। ਟਾਹਲੀ ਦੇ ਰੁੱਖ ਨੂੰ ਭਾਵੇਂ ਫਲ ਨਹੀਂ ਲੱਗਦਾ, ਪ੍ਰੰਤੂ ਇਸ ਦੀ ਲੱਕੜ ਬਹੁਤ ਜ਼ਿਆਦਾ ਉਪਯੋਗੀ, ਹੰਢਣਸਾਰ ਅਤੇ ਟਿਕਾਊ ਹੈ। ਇਸ ਦਾ ਵਿਗਿਆਨਕ ਨਾਂ 'ਡੈਲਬਰਗੀਆ ਲੈਟੀਫੋਲੀਆ' ਹੈ। ਇਹ ਰੁੱਖ ਆਪਣੇ ਬਹੁਪੱਖੀ ਗੁਣਾਂ ਕਾਰਨ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਵੀ ਮਹੱਤਵ ਰੱਖਣ ਵਾਲਾ ਰੁੱਖ ਹੈ। ਇਸ ਦੇ ਬਹੁਪੱਖੀ ਮਹੱਤਵ ਕਾਰਨ ਇਸ ਨੂੰ ਪੰਜਾਬ ਦੇ ਰਾਜ ਰੁੱਖ ਹੋਣ ਦਾ ਮਾਣ ਵੀ ਪ੍ਰਾਪਤ ਹੈ। ਟਾਹਲੀ ਦਾ ਰੁੱਖ ਦੱਖਣੀ ਏਸ਼ੀਆ ਦੇ ਕੁਝ ਹਿੱਸੇ ਤੇ ਖ਼ਾਸ ਕਰਕੇ ਭਾਰਤ ਦੇ ਨੀਮ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਮਿਲਦਾ ਹੈ।

ਜਨ ਜੀਵਨ ਵਿੱਚ ਮਹੱਤਵ ਰੱਖਣ ਵਾਲੀਆਂ ਹੋਰਨਾਂ ਵਸਤੂਆਂ, ਰੁੱਖਾਂ ਵਾਂਗ ਟਾਹਲੀ ਦਾ ਵਰਣਨ ਲੋਕ ਬੋਲੀਆਂ ਤੇ ਲੋਕ ਗੀਤਾਂ ਵਿੱਚ ਵੱਖ ਵੱਖ ਤਰੀਕਿਆਂ ਨਾਲ ਮਿਲਦਾ ਹੈ;

ਇੱਕ ਰੁੱਖ ਲਾਇਆ ਵੇ ਟਾਹਲੀ ਦਾ
ਮੋਹ ਪ੍ਰਦੇਸੀਆ ਵੇ ਨਾਲ ਕਮਾਈ
ਖ਼ਿਆਲ ਭੁੱਲ ਗਿਆ ਘਰਵਾਲੀ ਦਾ

ਟਾਹਲੀ ਆਪਣੇ ਬੁਹਪੱਖੀ ਮਹੱਤਵ ਕਾਰਨ ਪੰਜਾਬੀ ਜਨ ਜੀਵਨ ਵਿੱਚ ਸਮਾਈ ਹੋਈ ਹੈ। ਟਾਹਲੀ ਦੇ ਹੋਰਨਾਂ ਮਹੱਤਵਾਂ ਦੇ ਨਾਲ ਨਾਲ ਇਹ ਆਪਣੀਆਂ ਸੰਘਣੀਆਂ ਟਾਹਣੀਆਂ ਤੇ ਪੱਤਿਆਂ ਕਾਰਨ ਪੰਛੀਆਂ ਲਈ ਰਹਿਣ ਦਾ ਟਿਕਾਣਾ ਬਣਦੀ ਹੈ। ਇਸ ਕਰਕੇ ਅਜਿਹੇ ਪੱਖ ਕਾਰਨ ਲੋਕ ਗੀਤਾਂ ਵਿੱਚ ਟਾਹਲੀ ਦਾ ਵੱਖ ਵੱਖ ਸੰਦਰਭਾਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਘਰ ਵਿੱਚ ਇੱਕ ਰੁੱਖ ਲਗਾਇਆ
ਰੁੱਖ ਲਗਾਇਆ ਟਾਹਲੀ ਦਾ
ਆਉਂਦੇ ਭਾਂਤ ਭਾਂਤ ਦੇ ਪੰਛੀ
ਮਾਹੀ ਮੇਰਾ ਦੂਰ ਵਸੇ
ਉਨ੍ਹਾਂ ਨਾਲ ਜੀਅ ਪ੍ਰਚਾ ਲਈ ਦਾ

ਟਾਹਲੀ ਦਾ ਰੁੱਖ ਵਧੇਰੇ ਪਾਣੀ ਵਾਲੀਆਂ ਥਾਵਾਂ 'ਤੇ ਆਮ ਕਰਕੇ ਪਣਪਦਾ ਹੈ। ਅਜਿਹਾ ਹੋਣ ਕਾਰਨ ਇਹ ਸੂਇਆਂ, ਕੱਸੀਆਂ ਕਿਨਾਰੇ ਕਾਫ਼ੀ ਗਿਣਤੀ ਵਿੱਚ ਮਿਲਦਾ ਹੈ। ਇਸ ਦੇ ਅਜਿਹੇ ਪੱਖ ਕਾਰਨ ਇਸ ਦਾ ਜ਼ਿਕਰ ਲੋਕ ਬੋਲੀਆਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ;

ਵਗਦੇ ਦਰਿਆ ਦੇ ਕੰਢੇ ਕਿੰਨੀਆਂ ਵੇ ਟਾਹਲੀਆਂ
ਖਾ ਗਏ ਗ਼ਮ ਤੇ ਉੱਡ ਗਈਆਂ ਮੁੱਖੜੇ ਦੀਆਂ ਲਾਲੀਆਂ

ਪੰਜਾਬ ਵਿੱਚ ਪਤਝੜ ਦੀ ਰੁੱਤ ਆਉਣ 'ਤੇ ਵੱਖ ਵੱਖ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ। ਹੋਰਨਾਂ ਰੁੱਖਾਂ ਵਾਂਗ ਟਾਹਲੀ 'ਤੇ ਵੀ ਪਤਝੜ ਆਉਂਦੀ ਹੈ। ਟਾਹਲੀ ਦੇ ਅਜਿਹੇ ਪੱਖ ਰਾਹੀਂ ਲੋਕ ਗੀਤਾਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਪਤਝੜ ਆਈ ਤੇ ਟਾਹਲੀ ਦੇ ਝੜੇ ਪੱਤੇ ਹਾਣੀਆਂ
ਤੂੰ ਕਦੋਂ ਆਉਣਾ, ਨਾ ਦੱਸੇ ਹਾਣੀਆਂ

ਟਾਹਲੀ ਸਬੰਧੀ ਵੱਖ ਵੱਖ ਪੰਜਾਬੀ ਲੋਕ ਗੀਤਾਂ, ਟੱਪਿਆਂ ਵਿੱਚ ਵੱਖ ਵੱਖ ਸੰਦਰਭਾਂ ਵਿੱਚ ਜ਼ਿਕਰ ਮਿਲਦਾ ਹੈ। ਕਦੇ ਵਿਆਹ ਸਮੇਂ ਗਾਈਆਂ ਜਾਂਦੀਆਂ ਸਿੱਠਣੀਆਂ ਵਿੱਚ ਟਾਹਲੀ ਰਾਹੀਂ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਜਾਨੀ ਓਸ ਪਿੰਡੋਂ ਆਏ, ਜਿੱਥੇ ਟਾਹਲੀ ਵੀ ਨਾ
ਇਨ੍ਹਾਂ ਦੇ ਪੀਲੇ ਡੱਡੂਆਂ ਵਰਗੇ ਮੂੰਹ ਉੱਤੇ ਲਾਲੀ ਵੀ ਨਾ

ਟਾਹਲੀ ਦੀ ਲੱਕੜ ਬਹੁਉਪਯੋਗੀ ਹੈ। ਇਸ ਦੀ ਵਰਤੋਂ ਕਰਕੇ ਵੱਖ ਵੱਖ ਤਰ੍ਹਾਂ ਦਾ ਫਰਨੀਚਰ ਬਣਾਇਆ ਜਾਂਦਾ ਹੈ। ਭਾਵੇਂ ਚਰਖਾ ਬਣਾਉਣ ਲਈ ਰਹੂੜੀ ਦੀ ਲੱਕੜ ਉਪਯੋਗੀ ਮੰਨੀ ਜਾਂਦੀ ਰਹੀ ਹੈ, ਪ੍ਰੰਤੂ ਟਾਹਲੀ ਦੀ ਲੱਕੜ ਦੀ ਸਫ਼ਾਈ ਅਤੇ ਹੰਢਣਸਾਰਤਾ ਦੇ ਕਾਰਨ ਇਹ ਚਰਖੇ ਬਣਾਉਣ ਲਈ ਵੀ ਉਪਯੋਗ ਕੀਤੀ ਜਾਂਦੀ ਸੀ। ਇਸ ਦੇ ਅਜਿਹੇ ਪੱਖ ਕਾਰਨ ਲੋਕ ਬੋਲੀਆਂ, ਟੱਪਿਆਂ ਵਿੱਚ ਜ਼ਿਕਰ ਕੁਝ ਇਸ ਪ੍ਰਕਾਰ ਮਿਲਦਾ ਹੈ;

ਚਰਖਾ ਟਾਹਲੀ ਦਾ
ਵੀਰ ਜਾ ਕੇ ਸੁਨਾਮੋਂ ਲਿਆਇਆ
ਚਰਖਾ ਟਾਹਲੀ ਦਾ

ਟਾਹਲੀ ਦਾ ਰੁੱਖ ਆਮ ਕਰਕੇ ਪਾਣੀ ਦੇ ਸਰੋਤਾਂ ਦੇ ਕਿਨਾਰੇ ਪਣਪਦਾ ਅਤੇ ਵਧਦਾ ਫੁੱਲਦਾ ਹੈ, ਪ੍ਰੰਤੂ ਕਈ ਵਾਰ ਸ਼ਾਮਲਾਟ ਵਰਗੀਆਂ ਹੋਰ ਵੀ ਸਾਂਝੀਆਂ ਥਾਵਾਂ 'ਤੇ ਆਪਣੇ ਆਪ ਹੀ ਕੁਦਰਤੀ ਰੂਪ ਵਿੱਚ ਉਤਪੰਨ ਹੁੰਦੀ ਤੇ ਵਧਦੀ ਫੁੱਲਦੀ ਹੈ। ਅਜਿਹਾ ਹੋਣ ਕਾਰਨ ਜੇਕਰ ਕੋਈ ਅਜਿਹੀ ਟਾਹਲੀ ਨੂੰ ਵੱਢਦਾ ਹੈ ਤਾਂ ਕਿਸੇ ਵੱਲੋਂ ਸਬੰਧਤ ਨੂੰ ਕੁਝ ਇਸ ਤਰ੍ਹਾਂ ਕਹਿੰਦਿਆਂ ਟਾਹਲੀ ਵੱਢਣ ਤੋਂ ਰੋਕਣ ਸਬੰਧੀ ਟੱਪਿਆਂ ਤੇ ਬੋਲੀਆਂ ਵਿੱਚ ਮਿਲਦਾ ਹੈ;

ਨਾ ਤੂੰ ਲਗਾਈ
ਨਾ ਤੂੰ ਸੰਭਾਲੀ
ਵੀਰਾ ਵੱਢ ਨਾ ਵੇ
ਸ਼ਾਮਲਾਟ ਦੀ ਟਾਹਲੀ

ਟਾਹਲੀ ਸਬੰਧੀ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ, ਉਨ੍ਹਾਂ ਵਿੱਚੋਂ ਇੱਕ ਇਹ ਕਿ ਪਾਂਡੂ ਮਿੱਟੀ ਵਾਲੀ ਧਰਤੀ ਵਿੱਚ ਲੱਗੀ ਟਾਹਲੀ ਦੀ ਲੱਕੜ ਵਧੇਰੇ ਮਜ਼ਬੂਤ ਹੁੰਦੀ ਹੈ। ਟਾਹਲੀ ਦੇ ਰੁੱਖ ਸਬੰਧੀ ਪੰਜਾਬੀ ਲੋਕ ਗੀਤਾਂ ਵਿੱਚ ਵੱਖ ਵੱਖ ਰੂਪਾਂ ਵਿੱਚ ਵਰਣਨ ਕੀਤਾ ਮਿਲਦਾ ਹੈ;

ਵਿੱਚ ਕੱਲਰ ਦੇ ਲੱਗ ਗਈ ਟਾਹਲੀ
ਹੱਥ ਹੱਥ ਨਿੱਤ ਵਧਦੀ ਜਾਵੇ।



(ਬਾਕੀ ਸਫ਼ਾ 27 'ਤੇ)




# ਜੇ ਸੱਸ ਮਾਂ ਬਣ ਜੇ....

ਭੋਲਾ ਸਿੰਘ ਸ਼ਮੀਰੀਆ

'ਜੇ ਸੱਸ ਮਾਂ ਬਣ ਜੇ ਪੇਕੀਂ ਕਾਸਤੋਂ ਜਾਈਏ' ਗਿੱਧੇ ਵਿੱਚ ਪੈਣ ਵਾਲੀ ਇਹ ਲੋਕ-ਬੋਲੀ ਨੂੰਹ ਤੇ ਸੱਸ ਦੇ ਰਿਸ਼ਤੇ ਦੇ ਉਲਝੇ ਅਲਜ਼ਬਰੇ ਦਾ ਸਾਰ ਅੰਸ਼ ਹੈ। ਜੇ ਨੂੰਹ ਤੇ ਸੱਸ ਦਾ ਰਿਸ਼ਤਾ ਸੁਖਾਵਾਂ ਹੋਵੇ ਤਾਂ ਨੂੰਹ ਸ਼ਾਇਦ ਪੇਕਿਆਂ ਦੀ ਤਾਂਘ ਨਾ ਕਰੇ। ਜਦੋਂ ਨੂੰਹ ਨੂੰ ਸੱਸ ਵਿੱਚੋਂ ਮਾਂ ਦਿਖਾਈ ਦੇਣੀ ਬੰਦ ਕਰ ਦਿੰਦੀ ਹੈ ਤਾਂ ਨੂੰਹ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਪੇਕਿਆਂ ਵੱਲ ਅਹੁਲਦੀ ਹੈ। ਇਹ ਸੱਚਾਈ ਗਿੱਧੇ ਦੀਆਂ ਬੋਲੀਆਂ ਵਿੱਚ ਪ੍ਰਤੱਖ ਹੋ ਕੇ ਸਾਡੇ ਸਨਮੁੱਖ ਹੁੰਦੀ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਸਮਾਜ ਦਾ ਨੰਗਾ ਸੱਚ ਹੁੰਦੀਆਂ ਹਨ। ਸਾਡੇ ਸਮਾਜਿਕ ਰਿਸ਼ਤਿਆਂ ਦੀ ਅਸੀਂ ਭਾਵੇਂ ਕਿੰਨੀ ਵੀ ਲਿੱਪਾ-ਪੋਚੀ ਕਰੀ ਜਾਈਏ, ਪਰ ਗਿੱਧੇ ਦੇ ਪਿੜ ਵਿੱਚ ਆ ਕੇ ਇਹ ਲੋਕ-ਬੋਲੀਆਂ ਉਸ ਰਿਸ਼ਤੇ ਦੀ ਕਚਿਆਈ ਪਕਿਆਈ ਪਰਖ ਜਾਂਦੀਆਂ ਹਨ।

ਗਿੱਧੇ ਦੀਆਂ ਬੋਲੀਆਂ ਸਾਧਾਰਨ ਹਾਲਤਾਂ ਵਿੱਚ ਸੰਜਮੀ ਤੇ ਸ਼ੀਲ ਹੁੰਦੀਆਂ ਹਨ, ਪਰ ਜਦੋਂ ਗਿੱਧਾ ਪਾਉਣ ਵਾਲੀਆਂ ਔਰਤਾਂ ਇਕੱਲੀਆਂ ਹੋਣ ਜਾਂ ਗਿੱਧਾ ਜਦੋਂ ਆਪਣੇ ਪੂਰੇ ਜੋਬਨ 'ਤੇ ਆਉਂਦਾਹੈ ਤਾਂ ਰਿਸ਼ਤਿਆਂ ਦਾ ਹਕੀਕੀ ਰੰਗ ਉਧੇੜਦੀਆਂ ਹੋਈਆਂ ਇਹ ਲੋਕ-ਬੋਲੀਆਂ ਮਰਿਆਦਾ ਭੰਜਕ ਵੀ ਹੋ ਜਾਂਦੀਆਂ ਹਨ। ਅਸ਼ਲੀਲ ਜਾਂ ਦੂਹਰੇ ਅਰਥਾਂ ਵਾਲੀਆਂ ਬੋਲੀਆਂ ਵੀ ਮਘ ਉੱਠਦੀਆਂ ਹਨ। ਬੋਲੀਆਂ ਦੀ ਸ਼ਬਦਾਵਲੀ ਭਾਵੇਂ ਅਸ਼ਲੀਲ ਨਾ ਵੀ ਹੋਵੇ, ਪਰ ਸਰੀਰਕ ਮੁਦਰਾਵਾਂ ਜਾਂ ਇਸ਼ਾਰਿਆਂ ਰਾਹੀਂ ਉਨ੍ਹਾਂ ਨੂੰ ਮਰਿਆਦਾ ਭੰਜਕ ਬਣਾ ਲਿਆ ਜਾਂਦਾ ਹੈ। ਰਿਸ਼ਤਿਆਂ ਦੀਆਂ ਪੀੜਾਂ ਇਨ੍ਹਾਂ ਬੋਲੀਆਂ ਵਿੱਚ ਰਸਣ ਲੱਗਦੀਆਂ ਹਨ। ਖਾਸ ਕਰਕੇ ਨੂੰਹ ਤੇ ਸੱਸ ਦਾ ਰਿਸ਼ਤਾ ਇਨ੍ਹਾਂ ਲੋਕ-ਬੋਲੀਆਂ ਵਿੱਚ ਸਿਰ ਚੜ੍ਹ ਕੇ ਬੋਲਦਾ ਹੈ। ਨੂੰਹ ਤੇ ਸੱਸ ਦੀ ਨੋਕ-ਝੋਕ ਵਾਲੀਆਂ ਬੋਲੀਆਂ ਤੋਂ ਬਿਨਾਂ ਗਿੱਧਾ ਕਦੇ ਪਰਵਾਨ ਨਹੀਂ ਚੜ੍ਹਦਾ।

ਮਨੁੱਖੀ ਰਿਸ਼ਤਿਆਂ ਦੀ ਧਰਾਤਲ 'ਤੇ ਨੂੰਹ ਤੇ ਸੱਸ ਦਾ ਰਿਸ਼ਤਾ ਸਭ ਤੋਂ ਜ਼ਿਆਦਾ ਸੂਖਮ ਤੇ ਵਿਅੰਗਮਈ ਹੁੰਦਾ ਹੋਇਆ ਦਲ-ਦਲ ਵਾਲਾ ਬਣਿਆ ਰਹਿੰਦਾ ਹੈ। ਗਿੱਧੇ ਦੇ ਪਿੜ ਅੰਦਰ ਇਸ ਦੋ-ਧਿਰੀ ਰਿਸ਼ਤੇ ਦੀ ਇੱਕ ਧਿਰ ਕੋਲ ਹੰਕਾਰ, ਮੱਤ ਤੇ ਤਜਰਬਾ ਹੁੰਦਾ ਹੈ, ਜਦੋਂ ਕਿ ਦੂਜੀ ਧਿਰ ਕੋਲ ਸਬਰ ਤੇ ਵਿਅੰਗ ਹੁੰਦਾ ਹੈ, ਪਰ ਦੋਵੇਂ ਧਿਰਾਂ ਇੱਕ-ਦੂਜੇ ਦੀ ਪਿੱਠ ਲਾਉਣ ਦੀ ਤਾਕ ਵਿੱਚ ਰਹਿੰਦੀਆਂ ਹਨ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਰਿਸ਼ਤੇ ਵਿੱਚ ਕੁੜੱਤਣ ਦੀ ਮੂਲ ਵਜ੍ਹਾ ਕੀ ਹੈ? ਇਸ ਪਦਾਰਥਵਾਦੀ ਸੰਸਾਰ ਵਿੱਚ ਇੱਕ ਮਾਂ ਨੂੰ ਸਭ ਤੋਂ ਵੱਧ ਆਪਣਾ ਪੁੱਤਰ ਪਿਆਰਾ ਹੁੰਦਾ ਹੈ। ਮਾਂ ਤੇ ਪੁੱਤ ਦੇ ਪਿਆਰ ਦੀਆਂ ਅਨੇਕਾਂ ਕਹਾਣੀਆਂ ਦੇਖਣ ਤੇ ਸੁਣਨ ਨੂੰ ਮਿਲਦੀਆਂ ਹਨ। ਵਿਆਹ ਹੋਣ 'ਤੇ ਇੱਕ ਮੁਟਿਆਰ ਲਈ ਵੀ ਸਭ ਤੋਂ ਪਿਆਰਾ ਨਾਤਾ ਉਸ ਦਾ ਪਤੀ ਬਣ ਜਾਂਦਾ ਹੈ। ਜੋ ਇੱਕ ਮਾਂ ਦਾ ਪਿਆਰਾ ਪੁੱਤ ਸੀ, ਹੁਣ ਉਹੀ ਪੁੱਤ ਇੱਕ ਮੁਟਿਆਰ ਦੀ ਮੁਹੱਬਤ ਦੇ ਪੱਲੇ ਨਾਲ ਬੱਝ ਕੇ ਉਸ ਦੀਆਂ ਰੀਝਾਂ ਦਾ ਹਾਣੀ ਬਣ ਚੁੱਕਾ ਹੁੰਦਾ ਹੈ। ਜਦੋਂ ਉਸ ਦਾ ਪੁੱਤ ਆਪਣਾ ਪਿਆਰ ਕਿਸੇ ਹੋਰ ਦੀ ਝੋਲੀ ਪਾਉਂਦਾ ਹੈ ਤਾਂ ਇੱਕ ਮਾਂ ਨੂੰ ਆਪਣਾ ਪਿਆਰ ਖੰਡਿਤ ਹੋਇਆ ਪ੍ਰਤੀਤ ਹੁੰਦਾ ਹੈ। ਇਹ ਮਨੋਵਿਗਿਆਨਕ ਅਦਿੱਖ ਕਾਰਨ ਇਸ ਰਿਸ਼ਤੇ ਦੀ ਬੁਨਿਆਦ ਵਿੱਚ ਖਟਿਆਈ ਬਣ ਕੇ ਫੈਲ ਜਾਂਦਾ ਹੈ।

ਦੋਵੇਂ ਧਿਰਾਂ ਇਸ ਪਿਆਰ 'ਤੇ ਹੱਕ ਜਮਾਉਂਦੀਆਂ ਹਨ। ਸਿਆਣੀ ਮਾਂ ਤੇ ਸਿਆਣੀ ਨੂੰਹ ਤਾਂ ਇਸ ਰਿਸ਼ਤੇ ਦੇ ਹਕੀਕੀ ਸੱਚ ਨੂੰ ਸਮਝ ਜਾਂਦੀਆਂ ਹਨ।

ਜਦੋਂ ਇਹ ਦੋਵੇਂ ਧਿਰਾਂ ਇਸ ਕੇਂਦਰ ਬਿੰਦੂ 'ਤੇ ਆਪਣਾ ਪੂਰਨ ਹੱਕ ਜਮਾਉਣ ਦੀ ਕੋਸ਼ਿਸ਼ ਕਰਨ ਲੱਗ ਜਾਣ ਤਾਂ ਇਸ ਰਿਸ਼ਤੇ ਵਿੱਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਰਿਸ਼ਤੇ ਦੀਆਂ ਸੂਖਮ ਭਾਵਨਾਵਾਂ ਫਿਰ ਮੱਥੇ 'ਤੇ ਤਿਉੜੀ ਬਣ ਜਾਂਦੀਆਂ ਹਨ। ਬੇਸ਼ੱਕ ਸਮਾਜਿਕ ਮਰਿਆਦਾਵਾਂ ਬੁੱਲ੍ਹਾਂ ਨੂੰ ਤੋਪੇ ਲਾਈ ਰੱਖਦੀਆਂ ਹਨ, ਪਰ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਇਨ੍ਹਾਂ ਮਰਿਆਦਾਵਾਂ ਨੂੰ ਤੋੜ ਕੇ ਹਕੀਕੀ ਸੱਚ ਦੀ ਪਟਾਰੀ ਨੂੰ ਲੋਕ-ਕਚਹਿਰੀ ਵਿੱਚ ਨੰਗਾ ਕਰ ਦਿੰਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਨੂੰਹ ਨੂੰ ਆਪਣੀ ਸੱਸ ਵੀ ਚੰਗੀ ਲੱਗਦੀ ਹੈ ਕਿਉਂਕਿ ਅਜੇ ਹਾਲਾਤ ਸੁਖਾਵੇਂ ਹੁੰਦੇ ਹਨ। ਇੱਕ ਸੱਸ ਦੀ ਹੁੰਦੀ ਵਡਿਆਈ ਦੇਖ ਕੇ ਕੋਈ ਹੋਰ ਔਰਤ ਉਸ ਵਹੁਟੀ ਨੂੰ ਭਵਿੱਖਮਈ ਸੁਚੇਤ ਕਰਦੀ ਹੋਈ ਸਲਾਹ ਦਿੰਦੀ ਹੈ

ਚਿੱਟੀ ਚਿੱਟੀ ਰੂੰ<br>
ਕਦੇ ਪਿੰਜਣੀ ਪਊਗੀ।<br>
ਸੱਸ ਨਾ ਸਲਾਹੀਏ<br>
ਕਦੇ ਨਿੰਦਣੀ ਪਊਗੀ।

ਇਸ ਤਰ੍ਹਾਂ ਇਹ ਰਿਸ਼ਤਾ ਸ਼ੁਰੂ ਵਿੱਚ ਹੀ ਸ਼ੱਕ ਤੇ ਚੋਭ ਦਾ ਕੰਡਾ ਬਣ ਜਾਂਦਾ ਹੈ। ਇਹ ਗਰਮ ਲਾਵਾ ਸਿਰਫ਼ ਨੂੰਹ ਦੀ ਧਿਰ ਵੱਲੋਂ ਹੀ ਨਹੀਂ ਉਗਲਿਆ ਜਾਂਦਾ, ਇਹ ਵਿਹੁ ਸੱਸ ਵੱਲੋਂ ਵੀ ਘੋਲ਼ੀ ਜਾਂਦੀ ਹੈ। ਮਾਂ ਆਪਣੇ ਪੁੱਤ ਪ੍ਰਤੀ ਪਿਆਰ ਅਤੇ ਨੂੰਹ ਪ੍ਰਤੀ ਕੁੜੱਤਣ ਪ੍ਰਗਟ ਕਰਦੀ ਹੋਈ ਕਹਿੰਦੀ ਹੈ;

ਕੱਚੇ-ਕੱਚੇ ਕੋਠਿਆਂ ਨੂੰ<br>
ਕੱਚੀਆਂ ਨੇ ਪੌੜੀਆਂ।<br>
ਪੁੱਤ ਨੇ ਪਿਆਰੇ<br>
ਨੂੰਹਾਂ 'ਫੀਮ ਨਾਲੋਂ ਕੌੜੀਆਂ।

ਜਦੋਂ ਸੱਸ ਤੇ ਨੂੰਹ ਦੀ ਚੁਰ-ਚੁਰ ਘਰ ਦੀਆਂ ਦੀਵਾਰਾਂ ਨਾਲ ਖਹਿਣ ਲੱਗਦੀ ਹੈ ਤਾਂ ਨੂੰਹ ਨੂੰ ਇਹ ਰਿਸ਼ਤਾ ਮਾਂ ਦੇ ਸ਼ਬਦਕੋਸ਼ 'ਚੋਂ ਨਿਕਲ ਕੇ ਭੂਤਾਂ ਦੀ ਨਿਆਈਂ ਪ੍ਰਤੀਤ ਹੋਣ ਲੱਗਦਾ ਹੈ। ਨੂੰਹ ਨੂੰ ਸੱਸ ਦੇ ਜਿਸਮ 'ਚੋਂ ਬੋ ਮਾਰਨ ਲੱਗਦੀ ਹੈ। ਫਿਰ ਇਹ ਭਾਵਨਾ ਗਿੱਧੇ ਵਿੱਚ ਪ੍ਰਤੱਖ ਨੰਗੀ ਹੋ ਜਾਂਦੀ ਹੈ;

ਸੱਸਾਂ ਸੱਸਾਂ ਹਰ ਕੋਈ ਕਹਿੰਦਾ<br>
ਸੱਸਾਂ ਕੀਹਨੇ ਬਣਾਈਆਂ।<br>
ਸਾਡੇ ਸਤਿਗੁਰ ਨੇ<br>
ਮਗਰ ਚੁੜੇਲਾਂ ਲਾਈਆਂ।

ਤਲ ਦਾ ਅਰਥ ਹੈ 'ਕਿਨਾਰਾ' ਜਾਂ 'ਪੱਤਣ'। ਜਿਸ ਨੇ ਬਾਰ੍ਹਾਂ ਪੱਤਣਾਂ ਦਾ ਪਾਣੀ ਪੀਤਾ ਹੋਵੇ, ਉਸ ਨੂੰ ਬਾਰ੍ਹਾਂ ਪੱਤਣਾਂ ਦਾ ਤਾਰੂ ਜਾਂ ਬਾਰ੍ਹਾਂ ਪੱਤਣਾਂ ਦੇ ਪਾਣੀ ਪੀਣ ਵਾਲਾ ਕਿਹਾ ਜਾਂਦਾ ਹੈ। ਸਰਲ ਭਾਸ਼ਾ ਵਿੱਚ ਉਸ ਨੂੰ 'ਬਾਰ੍ਹਾਂ ਤਾਲ੍ਹਾ' ਜਾਂ 'ਬਾਰ੍ਹਾਂ ਤਾਲ੍ਹੀ' ਕਿਹਾ ਜਾਂਦਾ ਹੈ। ਭਾਵ ਜਿਸ ਨੇ ਘਾਟ-ਘਾਟ ਦਾ ਪਾਣੀ ਪੀਤਾ ਹੋਵੇ, ਉਸ ਦੀ ਤੁਲਨਾ ਚਾਲਾਕ ਸ਼ਖ਼ਸੀਅਤ ਨਾਲ ਕੀਤੀ ਜਾਂਦੀ ਹੈ। ਇੱਕ ਚਾਲਾਕ ਸੱਸ ਨੂੰ ਉਸ ਦੀ ਨੂੰਹ ਮਰੋੜਾ ਦਿੰਦੀ ਕਹਿੰਦੀ ਹੈ;

ਤੂੰ ਪਕਾਵੇਂ ਰੋਟੀਆਂ<br>
ਮੈਂ ਪੇੜੇ ਗਿਣਦੀ ਆਈ।<br>
ਸੱਸੇ ਨੀਂ ਬਾਰ੍ਹਾਂ ਤਾਲੀਏ<br>
ਮੈਂ ਤੇਰ੍ਹਾਂ ਤਾਲੀ ਆਈ।

ਨੂੰਹ ਤੇ ਸੱਸ ਦੀ ਤੂੰ-ਤੂੰ ਮੈਂ-ਮੈਂ ਕਈ ਵਾਰ ਵਧ ਜਾਂਦੀ ਹੈ। ਇਹ ਘੁਸਰ-ਮੁਸਰ ਦੋਵਾਂ ਧਿਰਾਂ ਦੇ ਹਿਰਦਿਆਂ ਵਿੱਚ ਉਬਲਦੀ ਰਹਿੰਦੀ ਹੈ। ਸੱਸ ਦੁਆਰਾ ਦੱਬੀ ਜਿਹੀ ਆਵਾਜ਼ ਵਿੱਚ ਕੱਢੀ ਗਈ ਗਾਲ੍ਹ ਨੂੰਹ ਦੇ ਧੁਰ ਅੰਦਰ ਇੱਕ ਚੀਸ ਬਣ ਕੇ ਖੁੱਭ ਜਾਂਦੀ ਹੈ। ਬੇਸ਼ੱਕ ਇਹ ਜ਼ਹਿਰ ਢਿੱਡ ਵਿੱਚ ਹੀ ਉਬਲਦਾ ਰਹਿੰਦਾ ਹੈ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਇਹ ਅੰਦਰ ਉਬਲਦਾ ਲਾਵਾ ਇੱਕ ਚੁਣੌਤੀ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਲੋਕ-ਬੋਲੀਆਂ ਵਿੱਚ ਸ਼ਬਦਾਂ ਦੇ ਵਰਤਣ ਦੀ ਖੂਬਸੂਰਤੀ ਆਪਣਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਇੱਕ ਬੋਲੀ ਵਿੱਚ ਨੂੰਹ ਆਪਣੀ ਸੱਸ ਨੂੰ 'ਐਤਵਾਰੀ' ਕਹਿ ਕੇ ਸੰਬੋਧਿਤ ਹੁੰਦੀ ਹੈ ਕਿਉਂਕਿ ਐਤਵਾਰ ਇੱਕ ਖਾਲੀ ਦਿਨ ਗਿਣਿਆ ਜਾਂਦਾ ਹੈ। ਇਸ ਦਿਨ ਨੂੰ ਗੁਣਵੱਤਾ ਦੀ ਕਸਵੱਟੀ ਤੋਂ ਸੱਖਣਾ ਦਿਨ ਗਿਣਿਆ ਜਾਂਦਾ ਹੈ। ਨੂੰਹ ਆਪਣੀ ਸੱਸ ਨੂੰ 'ਐਤਵਾਰੀ' ਕਹਿੰਦੀ ਹੋਈ ਆਪਣੇ ਭਰਾ ਦੀ ਗਾਲ੍ਹ ਦਾ ਜੁਆਬ ਇਉਂ ਦਿੰਦੀ ਹੈ;

ਸੁਣ ਨੀਂ ਸੱਸੇ ਐਤਵਾਰੀਏ<br>
ਵਾਰ-ਵਾਰ ਸਮਝਾਵਾਂ।<br>
ਜਿਹੜਾ ਤੇਰਾ ਲੀਰ ਪਰਾਂਦਾ<br>
ਸਣੇ ਸੰਦੂਕ ਅੱਗ ਲਾਵਾਂ।<br>
ਜਿਹੜੀ ਤੇਰੀ ਸੇਰ ਪੰਜੀਰੀ<br>
ਵਿਹੜੇ ਵਿੱਚ ਖਿੰਡਾਵਾਂ।<br>
ਨੀਂ ਗਾਲ੍ਹ ਭਰਾਵਾਂ ਦੀ<br>
ਨਾ ਮੈਂ ਸੁਣਾ, ਨਾ ਖਾਵਾਂ।

ਸੱਸ ਦੇ ਕਲੇਸ਼ ਦਾ ਜਾਦੂ ਜਦ ਨੂੰਹ ਦੇ ਸਿਰ ਚੜ੍ਹ ਕੇ ਬੋਲਣ ਲੱਗਦਾ ਹੈ ਤਾਂ ਉਹ ਇੱਕ ਦਿਨ ਆਪਣੇ ਪਤੀ ਅੱਗੇ ਆਪਣੀਆਂ ਭਾਵਨਾਵਾਂ ਦਾ ਖਿਲਾਰਾ ਪਾ ਦਿੰਦੀ ਹੈ। ਆਪਣੀ ਤੜਫ਼ਦੀ ਵੇਦਨਾ ਦਾ ਪ੍ਰਗਟਾਵਾ ਕਰਦੀ ਹੋਈ ਇੱਕ ਲੋਕ-ਬੋਲੀ ਰਾਹੀਂ ਕਹਿ ਉੱਠਦੀ ਹੈ

ਮੇਰੀ ਸੱਸ ਬੜੀ ਕੁਪੱਤੀ<br>
ਮੈਨੂੰ ਪਾਉਣ ਨਾ ਦਿੰਦੀ ਜੁੱਤੀ<br>
ਮੈਂ ਵੀ ਜੁੱਤੀ ਪਾਉਣੀ ਐਂ।<br>
ਮੁੰਡਿਆ ਰਾਜੀ ਰਹਿ ਜਾਂ ਗੁੱਸੇ<br>
ਤੇਰੀ ਮਾਂ ਖੜਕਾਉਣੀ ਐਂ।

ਜਦੋਂ ਨੂੰਹ ਤੇ ਸੱਸ ਦੇ ਰਿਸ਼ਤੇ ਵਾਲੇ ਭਾਂਡੇ ਖੜਕਣੇ ਸ਼ੁਰੂ ਹੋ ਜਾਣ ਤਾਂ ਫਿਰ ਇਹ ਰਿਸ਼ਤਾ ਵਿਅੰਗਾਂ ਤੇ ਮਸ਼ਕਰੀਆਂ ਦੇ ਘੇਰੇ ਵਿੱਚ ਆ ਜਾਂਦਾ ਹੈ। ਬੇਸ਼ੱਕ ਲੜਾਈ ਭਾਵੇਂ ਬੁੱਲ੍ਹਾਂ ਦੀ ਸੀਮਾ ਨਾ ਵੀ ਲੰਘੀ ਹੋਵੇ, ਪਰ ਅੰਦਰਲਾ ਦੱਬਿਆ ਘੁੱਟਿਆ ਵਲਵਲਾ ਗਿੱਧੇ ਦੇ ਪਿੜ ਵਿੱਚ ਬੋਲੀ ਬਣ ਕੇ ਆ ਉਤਰਦਾ ਹੈ। ਇਹ ਲੋਕ-ਬੋਲੀਆਂ ਸੱਸ ਦੀ ਦੁੱਖ ਤਕਲੀਫ਼ ਨੂੰ ਵੀ ਵਿਅੰਗਾਂ ਨਾਲ ਹੀ ਪਰੋਸ ਦਿੰਦੀਆਂ ਹਨ। (ਬਾਕੀ ਸਫ਼ਾ 27 'ਤੇ)



# ਆਧੁਨਿਕਤਾ ਦੇ ਯੁੱਗ ਵਿੱਚ ਔਰਤਾਂ ਦੀ ਅਸਲ ਹੋਂਦ ਹੈ ਖ਼ਤਰੇ ਵਿੱਚ

ਡਾ. ਨਰਮਦੇਸ਼ਵਰ ਪ੍ਰਸਾਦ ਚੌਧਰੀ

ਅਸੀਂ ਸਾਰੇ ਮੰਨਦੇ ਹਾਂ ਕਿ ਇਸ ਬ੍ਰਹਿਮੰਡ ਵਿੱਚ ਬਣਾਈ ਗਈ ਸਭ ਤੋਂ ਪਵਿੱਤਰ ਚੀਜ਼ ਔਰਤ ਹੈ। ਔਰਤ ਦੀ ਪਵਿੱਤਰਤਾ ਅਤੇ ਸੁੰਦਰਤਾ ਕਾਰਨ ਉਸ ਦੇ ਸਰੀਰ ਵਿੱਚ ਦੇਵਤੇ ਨਿਵਾਸ ਕਰਦੇ ਹਨ, ਵਿਸ਼ਵਾਸ ਕਰੋ, ਜਿਸ ਘਰ ਵਿੱਚ ਇਸਤਰੀ ਨਹੀਂ ਹੈ, ਉਸ ਘਰ ਵਿੱਚ ਰੱਬ ਨਹੀਂ ਵੱਸ ਸਕਦਾ। ਸਾਰੇ ਸੰਸਾਰ ਵਿੱਚ, ਸੁੰਦਰਤਾ ਕੇਵਲ ਔਰਤਾਂ ਦੁਆਰਾ ਬਣਾਈ ਜਾਂਦੀ ਹੈ।

ਇਸ ਧਰਤੀ ਦੀ ਸਾਰੀ ਸੁੰਦਰਤਾ ਅਤੇ ਸ਼ਾਨ ਸਿਰਫ਼ ਔਰਤਾਂ ਕਰਕੇ ਹੈ। ਘਰ ਹੋਵੇ ਜਾਂ ਬਾਹਰ, ਸਾਰਾ ਸੰਸਾਰ ਔਰਤਾਂ ਦੀ ਬਦੌਲਤ ਹੀ ਹਰਿਆ-ਭਰਿਆ ਰਹਿੰਦਾ ਹੈ ਪਰ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਔਰਤਾਂ ਦੀ ਅਸਲ ਹੋਂਦ ਹੀ ਖ਼ਤਰੇ ਵਿੱਚ ਆ ਗਈ ਹੈ। ਸ਼ੰਕੇ ਪੈਦਾ ਹੋਣ ਲੱਗ ਪਏ ਹਨ ਕਿ ਔਰਤ ਹੁਣ ਔਰਤ ਨਹੀਂ ਰਹੀ ਜਾਂ ਨਹੀਂ, ਸਿਰਫ਼ ਸਰੀਰਕ ਤੌਰ 'ਤੇ ਔਰਤ ਵਰਗਾ ਦਿਸਣਾ ਔਰਤ ਦਾ ਸੁਭਾਅ ਨਹੀਂ ਹੈ, ਸਗੋਂ ਇਹ ਜ਼ਰੂਰੀ ਹੈ ਕਿ ਔਰਤ ਵਿੱਚ ਔਰਤ ਦੇ ਮੂਲ ਗੁਣ ਹਨ ਜਾਂ ਨਹੀਂ।

ਜਦੋਂ ਅਸੀਂ ਅਜੋਕੇ ਹਾਲਾਤਾਂ ਵਿੱਚ ਔਰਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੀਆਂ ਊਣਤਾਈਆਂ ਨਜ਼ਰ ਆਉਂਦੀਆਂ ਹਨ। ਅੱਜ ਔਰਤਾਂ ਦਾ ਸੁਭਾਅ ਬਦਲ ਗਿਆ ਹੈ ਅਤੇ ਉਨ੍ਹਾਂ ਵਿੱਚ ਖਾਸ ਕਰਕੇ ਨੌਜਵਾਨ ਲੜਕੀਆਂ ਹਨ ਜਿਨ੍ਹਾਂ ਦਾ ਨੈਤਿਕ ਪਤਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਕੁੜੀਆਂ ਆਪਣੀਆਂ ਧਾਰਮਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਅੱਜ-ਕੱਲ੍ਹ ਸਕੂਲ-ਕਾਲਜ ਦੀਆਂ ਕੁੜੀਆਂ ਖੁੱਲ੍ਹੇਆਮ ਸ਼ਰਾਬ, ਸਿਗਰਟ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੀਆਂ ਨਜ਼ਰ ਆਉਂਦੀਆਂ ਹਨ।

ਪਹਿਲਾਂ ਜੇਕਰ ਨੌਜਵਾਨ ਸਿਗਰਟ ਪੀਂਦੇ ਸਨ ਤਾਂ ਉਹ ਆਪਣੇ ਬਜ਼ੁਰਗਾਂ ਦੇ ਆਉਣ ਤੋਂ ਬਾਅਦ ਇਸ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਸਨ, ਪਰ ਅੱਜ ਕੁੜੀਆਂ ਸਿਗਰਟ ਪੀ ਰਹੀਆਂ ਹਨ ਅਤੇ ਜੇਕਰ ਤੁਸੀਂ ਲੰਘ ਰਹੇ ਹੋ ਤਾਂ ਉਹ ਇਸ ਨੂੰ ਛੁਪਾਉਣ ਦੀ ਖੇਚਲ ਵੀ ਨਹੀਂ ਕਰਦੀਆਂ।

ਤੁਸੀਂ ਦਲੀਲ ਦੇ ਸਕਦੇ ਹੋ ਕਿ ਜੇਕਰ ਮਰਦ ਇਹ ਸਭ ਕਰਦੇ ਹਨ ਤਾਂ ਔਰਤਾਂ ਕਿਉਂ ਨਹੀਂ। ਅਸਲ ਵਿੱਚ ਅਜਿਹਾ ਹੁੰਦਾ ਹੈ ਕਿ ਜਦੋਂ ਤੁਸੀਂ ਸ਼ਰਾਬੀ ਹੁੰਦੇ ਹੋ, ਤਾਂ ਤੁਹਾਡੇ ਸਰੀਰਕ ਸ਼ੋਸ਼ਣ ਦੀ ਸੰਭਾਵਨਾ ਵੱਧ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਮਰਦ ਦੇ ਮੁਕਾਬਲੇ ਔਰਤ ਨੂੰ ਜ਼ਿਆਦਾ ਨੁਕਸਾਨ ਹੁੰਦਾ ਹੈ। ਨਸ਼ੇ ਦੀ ਹਾਲਤ ਵਿੱਚ ਤੁਹਾਡਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਜੇਕਰ ਕੋਈ ਵੀਡੀਓ ਬਣਾ ਲਈ ਜਾਵੇ ਤਾਂ ਬਾਅਦ ਵਿੱਚ ਇਸਨੂੰ ਬਲੈਕਮੇਲ ਕਰਨ ਲਈ ਆਸਾਨੀ ਨਾਲ ਵਰਤਿਆ ਜਾ ਸਕਦਾ ਹੈ ਅਤੇ ਇਹ ਗੱਲ ਹਰ ਰੋਜ਼ ਸੁਣਨ ਨੂੰ ਮਿਲਦੀ ਹੈ ਅਤੇ ਕਈ ਵਾਰ ਲੜਕੀਆਂ ਸ਼ਰਮ ਦੇ ਮਾਰੇ ਖੁਦਕੁਸ਼ੀ ਵੀ ਕਰ ਲੈਂਦੀਆਂ ਹਨ ਪਰ ਅਸੀਂ ਆਪਣੀਆਂ ਗਲਤੀਆਂ ਤੋਂ ਨਹੀਂ ਸਿੱਖਦੇ।

ਅੱਜਕੱਲ੍ਹ ਕੁੜੀਆਂ ਜਿਸ ਤਰ੍ਹਾਂ ਦਾ ਪਹਿਰਾਵਾ ਪਹਿਨਦੀਆਂ ਹਨ, ਉਹ ਕਈ ਵਾਰ ਬਹੁਤ ਭੜਕਾਊ ਹੁੰਦਾ ਹੈ। ਮੈਂ ਇਸ ਗੱਲ ਦਾ ਸਮਰਥਨ ਨਹੀਂ ਕਰਦਾ ਕਿ ਔਰਤਾਂ ਨੂੰ ਪਰਦੇ ਜਾਂ ਬੁਰਕੇ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਪਰ ਪਹਿਰਾਵੇ ਦੀ ਇੱਕ ਸੀਮਾ ਹੋਣੀ ਚਾਹੀਦੀ ਹੈ। ਤੁਸੀਂ ਹਰ ਰੋਜ਼ ਦੇਖ ਰਹੇ ਹੋਵੋਗੇ ਕਿ ਸਰਦੀਆਂ ਦੇ ਦਿਨਾਂ 'ਚ ਵਿਆਹ-ਸ਼ਾਦੀਆਂ ਅਤੇ ਹੋਰ ਫੰਕਸ਼ਨਾਂ 'ਚ ਜਦੋਂ ਹਰ ਕੋਈ ਠੰਡ ਤੋਂ ਕੰਬ ਰਿਹਾ ਹੁੰਦਾ ਹੈ ਤਾਂ ਦੂਜੇ ਪਾਸੇ ਔਰਤਾਂ ਸਿਰਫ ਸਾੜ੍ਹੀ ਅਤੇ ਬਲਾਊਜ਼ 'ਚ ਹੀ ਨਜ਼ਰ ਆਉਣਗੀਆਂ। ਅੱਜ-ਕੱਲ੍ਹ ਫੈਸ਼ਨ ਦੇ ਨਾਂ 'ਤੇ ਛੋਟੀਆਂ-ਛੋਟੀਆਂ ਪੈਂਟਾਂ ਜਾਂ ਸਕਰਟਾਂ 'ਚ ਮੁਟਿਆਰਾਂ ਘਰਾਂ 'ਚ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਘਰ 'ਚ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੇ ਘਰ 'ਚ ਪਿਤਾ ਅਤੇ ਭਰਾ ਦੇ ਰੂਪ 'ਚ ਮਰਦ ਵੀ ਹਨ।

ਮਰਦ ਸਿਰਫ਼ ਮਰਦ ਹੀ ਹੁੰਦੇ ਹਨ ਅਤੇ ਕੋਈ ਵੀ ਔਰਤ ਹਮੇਸ਼ਾ ਉਨ੍ਹਾਂ ਲਈ ਖਿੱਚ ਦਾ ਕੇਂਦਰ ਬਣੀ ਰਹਿੰਦੀ ਹੈ, ਚਾਹੇ ਉਨ੍ਹਾਂ ਦਾ ਰਿਸ਼ਤਾ ਕੋਈ ਵੀ ਹੋਵੇ। ਇਹ ਠੀਕ ਹੈ ਕਿ ਰਿਸ਼ਤੇ ਦੀ ਸ਼ਾਨ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਦੀ ਹੈ, ਪਰ ਕਈ ਵਾਰ ਅਜਿਹਾ ਨਹੀਂ ਹੁੰਦਾ। ਦੁਨੀਆਂ 'ਚ ਲੜਕੀਆਂ ਨਾਲ ਬਲਾਤਕਾਰ ਦੇ ਜ਼ਿਆਦਾਤਰ ਮਾਮਲਿਆਂ 'ਚ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਹੀ ਜ਼ਿੰਮੇਵਾਰ ਹਨ।

ਆਧੁਨਿਕਤਾ ਦਾ ਮਤਲਬ ਅਸ਼ਲੀਲਤਾ ਬਿਲਕੁਲ ਨਹੀਂ ਹੈ। ਤੁਸੀਂ ਪਹਿਲਾਂ ਫੈਸਲਾ ਕਰੋ ਕਿ ਤੁਸੀਂ ਮਨੁੱਖ ਹੋ ਜਾਂ ਜਾਨਵਰ, ਜੇ ਤੁਸੀਂ ਆਪਣੇ ਆਪ ਨੂੰ ਜਾਨਵਰ ਦੀ ਸ਼੍ਰੇਣੀ ਵਿੱਚ ਰੱਖਦੇ ਹੋ ਤਾਂ ਸਭ ਕੁਝ ਮਾਫਯੋਗ ਹੈ। ਫਿਰ ਤੁਸੀਂ ਸਾਰੇ ਰਿਸ਼ਤੇ ਭੁੱਲ ਜਾਂਦੇ ਹੋ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤੀਆਂ ਕੁੜੀਆਂ ਆਪਣੇ ਹੀ ਭਾਈਚਾਰੇ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਭਾਈਚਾਰਿਆਂ ਦੇ ਲੜਕਿਆਂ ਨਾਲ ਪਿਆਰ ਕਰ ਰਹੀਆਂ ਹਨ ਜਾਂ ਉਨ੍ਹਾਂ ਨਾਲ ਵਿਆਹ ਕਰ ਰਹੀਆਂ ਹਨ। ਇਸ 'ਤੇ ਵਿਚਾਰ ਕਰਨ ਦੀ ਲੋੜ ਹੈ।

ਆਪਣੇ ਧਰਮ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਧਰਮ ਦੇ ਮੁੰਡਿਆਂ ਨਾਲ ਵਿਆਹ ਕਰਨਾ ਤੁਹਾਡੀ ਜ਼ਿੰਦਗੀ ਵਿੱਚ ਮੁਸੀਬਤਾਂ ਨੂੰ ਸੱਦਾ ਦੇਣਾ ਹੈ। ਅੱਜ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ 'ਤੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ। ਆਧੁਨਿਕਤਾ ਦੇ ਨਾਂ 'ਤੇ ਕੁਰਾਹੇ ਪੈ ਰਹੀਆਂ ਲੜਕੀਆਂ 'ਤੇ ਕਾਬੂ ਪਾਉਣ ਦੀ ਲੋੜ ਹੈ। ਅੱਜ ਸਾਨੂੰ ਸਾਰਿਆਂ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ।






ਅੱਜ ਉਹ ਬੜਾ ਹੀ ਖੁਸ਼ ਸੀ। ਕਾਫ਼ੀ ਅੜਚਣਾਂ ਵਿੱਚੋਂ ਲੰਘਦਿਆਂ ਉਸ ਨੂੰ ਅਮਰੀਕਾ ਦੀ ਪੀ.ਆਰ. ਦਾ ਪੱਤਰ ਜੋ ਮਿਲ ਗਿਆ ਸੀ। ਪੱਤਰ ਮਿਲਦਿਆਂ ਹੀ ਖ਼ੁਸ਼ੀ ਨੂੰ ਸਾਂਝਾ ਕਰਨ ਲਈ ਆਪਣੇ ਦੋਸਤ ਮਨੀਸ਼ ਨੂੰ ਟੈਲੀਫੋਨ ’ਤੇ ਦੱਸਦਿਆਂ ਨਾਲ ਦੀ ਨਾਲ ਤਾਕੀਦ ਕਰ ਦਿੱਤੀ ਕਿ ਅੱਜ ਮੇਰੇ ਕੋਲ ਆ ਜਾਵੀਂ ਰਲ ਕੇ ਸੇਲੀਬਰੇਟ ਕਰਾਂਗੇ। ਘਰੇ ਭੈਣ-ਭਰਾਵਾਂ ਨੂੰ ਖ਼ੁਸ਼ਖ਼ਬਰੀ ਦੇਣ ਲਈ ਵਾਰ ਵਾਰ ਫੋਨ ਮਿਲਾਇਆ, ਪਰ ਫੋਨ ਨਾ ਮਿਲਿਆ। ਕਦੇ ਕਦੇ ਹੋ ਜਾਂਦੈ ਇਸ ਤਰ੍ਹਾਂ, ਪਰ ਅੱਜ ਉਸ ਨੂੰ ਫੋਨ ਦਾ ਨਾ-ਮਿਲਣਾ ਕਾਫ਼ੀ ਬੇਚੈਨ ਕਰ ਰਿਹਾ ਸੀ। ਉਸ ਦਾ ਜੀਅ ਕਰ ਰਿਹਾ ਸੀ ਕਿ ਸਾਰਾ ਸਿਸਟਮ ਹੀ ਤੋੜ ਦੇਵੇ, ਉਹਦਾ ਮਨ ਤਾਂ ਅੱਜ ਉਡੂੰ ਉਡੂੰ ਕਰਦਾ ਮਚਲ ਰਿਹਾ ਸੀ। ਫਿਰ ਮਨੀਸ਼ ਨੂੰ ਫੋਨ ਮਿਲਾਇਆ ਤਾਂ ਉਸ ਦਾ ਜਵਾਬ ਸੀ, ਆਵਾਂਗੇ ਬਾਬਾ ਆਵਾਂਗੇ! ਕਿਉਂ ਇੰਨਾ ਉਤਾਵਲਾ ਹੋਇਐਂ, ਮੈਂ ’ਕੱਲਾ ਨਹੀਂ ਜਸਵਿੰਦਰ ਦੋਸਤ ਵੀ ਆਵੇਗਾ।

ਵਿਕਰਮ ਹੁਣ ਭਾਵੇਂ ਕੰਪਿਊਟਰ ਇੰਜਨੀਅਰ ਸੀ, ਪਰ ਜੀਵ ਵਿਗਿਆਨ, ਸਪੇਸ ਵਿਗਿਆਨ ਅਤੇ ਹੋਰ ਕਿੰਨੀਆਂ ਹੀ ਵਿਗਿਆਨਾਂ ਵਿੱਚ ਉਸ ਦੀ ਬਚਪਨ ਤੋਂ ਹੀ ਰੁਚੀ ਸੀ ਅਤੇ ਇਨ੍ਹਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਕਰਦਾ ਰਹਿੰਦਾ। ਕੁਦਰਤ ਦੇ ਹਰ ਇੱਕ ਵਰਤਾਰੇ ਬਾਰੇ ‘ਕਿਉਂ ਅਤੇ ਕਿਵੇਂ’ ਸਬੰਧੀ ਉਸ ਦੀ ਜਗਿਆਸਾ ਸਾਰੇ ਪਰਿਵਾਰ ਨੂੰ ਤਾਂ ਕੀ, ਸਾਰੇ ਅਧਿਆਪਕਾਂ ਨੂੰ ਵੀ ਹੈਰਾਨ ਕਰਦੀ। ਵਿਕਰਮ ਦੇ ਦਾਦੇ ਨੂੰ ਤਾਂ ਉਸ ਦੇ ਮੱਥੇ ਉੱਪਰ ਚੰਦਰ ਵਿਖਾਈ ਦਿੰਦਾ, ਉਸ ਨੂੰ ਉਹ ਇੱਕ ਮਹਾਨ ਵਿਅਕਤੀ ਬਣਿਆ ਦਿਸਦਾ ਸੀ। ਭੌਤਿਕ ਵਿਗਿਆਨ ਵਿੱਚ ਉਸ ਦੀ ਰੁਚੀ ਕੁਝ ਜ਼ਿਆਦਾ ਹੀ ਸੀ, ਇਸੇ ਲਈ ਤਾਂ ਉਹ ਦੋਸਤਾਂ ਮਿੱਤਰਾਂ ਨਾਲ ਰਾਕਟਾਂ ਸਬੰਧੀ ਅਤੇ ਆਉਣ ਵਾਲੇ ਸਮੇਂ ਵਿੱਚ ਰਾਕਟਾਂ ਵਿੱਚ ਹੋਣ ਵਾਲੀਆਂ ਤਰੱਕੀ ਦੀਆਂ ਸੰਭਾਵਨਾਵਾਂ ਦੀਆਂ ਗੱਲਾਂ ਕਰਦਾ। ਔਰਤ ਮਰਦ ਸਬੰਧੀ ਪਿਆਰ ਮੁਹੱਬਤ, ਜਿਸਮਾਨੀ ਖਿੱਚ ਵਾਲੀਆਂ ਗੱਲਾਂ ਵਿੱਚ ਉਹ ਘੱਟ ਦਿਲਚਸਪੀ ਰੱਖਦਾ। ਹਰ ਇੱਕ ਜਮਾਤ ਵਿੱਚ ਵਜ਼ੀਫਾ ਲੈਣਾ ਉਸ ਲਈ ਇੱਕ ਆਮ ਜਿਹੀ ਗੱਲ ਸੀ। ਆਪਣੀ ਮਿਹਨਤ ਦੇ ਬਲਬੂਤੇ ’ਤੇ ਭਾਰਤ ਦੀ ਸਿਰੇ ਦੀ ਯੂਨੀਵਰਸਿਟੀ ਵਿੱਚ ਦਾਖਲਾ ਲੈ ਕੇ ਉਸ ਨੇ ਕੰਪਿਊਟਰ ਵਰਗੇ ਬਿਲਕੁਲ ਨਵੇਂ ਵਿਸ਼ੇ ਵਿੱਚ ਬੀ.ਟੈਕ ਕਰਕੇ ਐੱਮ.ਟੈਕ ਰਾਜਧਾਨੀ ’ਚ ਸਥਿਤ ਯੂਨੀਵਰਸਿਟੀ ਤੋਂ ਕਰ ਲਈ। ਯੂ.ਐੱਸ.ਏ. ਦੀ ਮਸ਼ਹੂਰ ਕੰਪਨੀ ਵਿੱਚ ਸਰਵਿਸ ਜੁਆਇਨ ਕਰਕੇ ਅਖੀਰ ਉਹ ਯੂ.ਐੱਸ.ਏ. ਹੀ ਆ ਟਿਕਿਆ।

ਖ਼ੁਸ਼ੀ ਉਸ ਨੂੰ ਪੀ.ਆਰ. ਮਿਲਣ ਦੀ ਹੀ ਨਹੀਂ ਸੀ, ਬਲਕਿ ਇਸ ਗੱਲ ਦੀ ਵੀ ਸੀ ਕਿ ਹੁਣ ਉਹ ਸਾਰੇ ਭੈਣ-ਭਰਾਵਾਂ ਨੂੰ ਅਮਰੀਕਾ ਦੀ ਸੈਰ ਕਰਵਾ ਸਕੇਗਾ ਜਿਨ੍ਹਾਂ ਨੇ ਜ਼ਿੰਦਗੀ ’ਚ ਸੰਘਰਸ਼ ਕਰਦਿਆਂ ਮਸੀਂ ਸਾਈਕਲ ਤੱਕ ਦਾ ਸਫ਼ਰ ਕੀਤਾ ਸੀ। ਨਾਲ ਦੀ ਨਾਲ ਉਨ੍ਹਾਂ ਨੂੰ ਪ੍ਰੇਰਿਤ ਵੀ ਕਰੇਗਾ ਕਿ ਅਮਰੀਕਾ ਵਾਸੀਆਂ ਵਰਗਾ ਰਹਿਣ ਸਹਿਣ ਅਪਨਾਉਣਾ ਸਿੱਖੋ। ਮਨ ਹੀ ਮਨ ਸੋਚ ਕੇ ਉਹ ਆਨੰਦਿਤ ਹੋ ਰਿਹਾ ਸੀ ਕਿ ਹੁਣ ਉਹ ਸਵੀਸ਼ ਵੀਰੇ ਨੂੰ ਕਹਿ ਦੇਵੇਗਾ ਕਿ ਉਸ ਲਈ ਜਲਦੀ ਕਿਸੇ ਸੋਹਣੀ ਸੁਨੱਖੀ ਕੁੜੀ ਨੂੰ ਲੱਭੇ ਤਾਂ ਕਿ ਜਲਦੀ ਹੀ ਉਹ ਭਾਰਤ ਆ ਕੇ ਉਸ ਨੂੰ ਦੁਲਹਨ ਬਣਾ ਕੇ ਅਮਰੀਕਾ ਲਿਜਾ ਸਕੇ। ਹੁਣ ਤੱਕ ਤਾਂ ਮੈਂ ਪੜ੍ਹਾਈ ਵਿੱਚ ਰੁੱਝਿਆ ਰਿਹਾ, ਭੁੱਲ ਹੀ ਗਿਆ ਸੀ ਕਿ ਰੁਮਾਂਟਿਕਤਾ ਕੀ ਹੁੰਦੀ ਹੈ, ਗੱਭਰੂ ਤੇ ਮੁਟਿਆਰ ਦੇ ਸਬੰਧਾਂ ਵਿੱਚ ਕਿੰਨਾ ਆਨੰਦ ਹੁੰਦਾ ਹੈ, ਸੁੰਦਰਤਾ ਨੂੰ ਨਿਹਾਰਨ ਦਾ ਕੀ ਸੁਆਦ ਹੁੰਦਾ ਹੈ, ਇੱਕ ਦੂਜੇ ਦੇ ਲੱਕ ਦੁਆਲੇ ਬਾਹਾਂ ਪਾ ਕੇ ਪਹਾੜਾਂ ’ਤੇ ਘੁੰਮਣ ’ਚ ਕਿੰਨਾ ਮਜ਼ਾ ਹੁੰਦਾ ਹੈ ਆਦਿ। ਹੁਣ ਉਹ ਸਭ ਚਾਅ ਪੂਰੇ ਕਰੇਗਾ। ਕਿਤਾਬਾਂ ਨਾਲ ਮੱਥਾ ਮਾਰਨਾ ਛੱਡ ਕੇ ਜ਼ਿੰਦਗੀ ਨੂੰ ਹੀ ਪੜ੍ਹੇਗਾ, ਵਾਚੇਗਾ, ਮਾਣੇਗਾ। ਬਸ ਜ਼ਿੰਦਗੀ ਦੇ ਹਰ ਪਲ ਮੇਰਾ ਹਮਸਫ਼ਰ ਹੀ ਸਾਹਮਣੇ ਹੋਵੇਗਾ। ਖ਼ਿਆਲਾਂ ਦੀ ਲੜੀ ਨੂੰ ਟਰਨ ਟਰਨ ਦੀ ਆਵਾਜ਼ ਨੇ ਤੋੜ ਦਿੱਤਾ। ਉਸ ਨੇ ਫੋਨ ਉਠਾਇਆ। ਉਮੀਦ ਸੀ ਇੰਡੀਆ ਤੋਂ ਵੱਡੇ ਵੀਰ ਸਵੀਸ਼ ਦਾ ਹੀ ਹੋਵੇਗਾ, ਆਪ ਮੁਹਾਰੇ ਮੂੰਹੋਂ ਨਿਕਲਿਆ, ਹਾਂ ਵੀਰ ਜੀ ਨਮਸਤੇ।

ਪਰ ਇਹ ਫੋਨ ਤਾਂ ਵੀਰ ਦਾ ਨਹੀਂ ਸੀ, ਦੋਸਤ ਮਨੀਸ਼ ਦਾ ਹੀ ਸੀ, ਹਾਂ ਵਿਕਰਮ, ਮੈਂ ਮਨੀਸ਼ ਬੋਲ ਰਿਹਾ ਹਾਂ।

ਹਾਂ ਹਾਂ ਜਲਦੀ ਬੋਲ, ਕੀ ਕਹਿ ਰਿਹੈਂ ਯਾਰ? ਉੱਡ ਕੇ ਆਜਾ ਮੇਰੇ ਕੋਲ। ਅੱਜ ਮੇਰਾ ਮਨ ਬਹੁਤ ਮਚਲ ਰਿਹੈ, ਜੀਅ ਕਰਦੈ ਉੱਡ ਕੇ ਬਠਿੰਡੇ ਪਹੁੰਚ ਜਾਵਾਂ ਤੇ ਸਾਰਿਆਂ ਨਾਲ ਖ਼ੁਸ਼ੀ ਸਾਂਝੀ ਕਰਾਂ।

ਮਨੀਸ਼ ਸੰਸ਼ੋਪੰਜ ਵਿੱਚ ਪੈ ਗਿਆ ਕਿ ਵਿਕਰਮ ਨੂੰ ਕਿਵੇਂ ਦੱਸੇ ਕਿ ਬਠਿੰਡੇ ਕੀ ਵਾਪਰ ਗਿਆ ਹੈ? ਪਰ ਫਿਰ ਵੀ ਇੰਡੀਆਂ ਤੋਂ ਪ੍ਰਾਪਤ ਹੋਏ ਫੋਨ ਉੱਪਰ ਉਸ ਨੂੰ ਮਿਲੀ ਸਲਾਹ ਅਨੁਸਾਰ ਦੁਖਦਾਈ ਖ਼ਬਰ ਦੱਸਣ ਤੋਂ ਪਹਿਲਾਂ ਉਹ ਮਾਹੌਲ ਬਣਾਉਣ ਲੱਗਿਆ, ਪਰ ਝੂਠ ਫਿਰ ਵੀ ਨਾ ਬੋਲ ਸਕਿਆ, ਥਿੜਕਦੀ ਆਵਾਜ਼ ਨੇ ਵਿਕਰਮ ਦੇ ਮਨ ਵਿੱਚ ਸ਼ੰਕਾ ਪੈਦਾ ਕਰ ਦਿੱਤੀ, ਯਾਰ ਵਿਕਰਮ ਬੜੀ ਭੈੜੀ ਖ਼ਬਰ ਐ, ਵੀਰ ਸਵੀਸ਼ ਦੇ ਬਹੁਤ ਹੀ ਸੱਟਾਂ ਵੱਜੀਆਂ ਨੇ ਹਸਪਤਾਲ ਦਾਖਲ ਐ....।

ਕਿਉਂ? ਕਿਵੇਂ? ਕਿੱਥੇ? ਵਿਕਰਮ ਦੇ ਮੂੰਹੋਂ ਨਿਕਲੇ ਸਵਾਲਾਂ ਦਾ ਉੱਤਰ ਮਨੀਸ਼ ਹਉਕਿਆਂ ਦੇ ਰੂਪ ’ਚ ਹੀ ਦੇ ਸਕਿਆ। ਇੱਕ ਵਾਰ ਤਾਂ ਵਿਕਰਮ ਦੇ ਹੱਥੋਂ ਰੀਸੀਵਰ ਛੁੱਟ ਗਿਆ। ਭੌਂਚੱਕਾ ਖੜ੍ਹਾ ਸੁੰਨ ਹੀ ਹੋ ਗਿਆ, ਕਮਰੇ ’ਚ ਤਾਂ ਉਹ ਇਕੱਲਾ ਹੀ ਸੀ, ਸਾਰੇ ਚਾਅ ਕਾਫੂਰ ਬਣ ਕੇ ਉੱਡ ਗਏ। ਕੁਝ ਪਲਾਂ ਬਾਅਦ ਆਪਣੇ ਆਪ ਨੂੰ ਸੰਭਾਲਿਆਂ ਪਰਮਾਤਮਾ ਨੂੰ ਬੇਨਤੀ ਕੀਤੀ ਕਿ ਹੇ ਰੱਬਾ ਇਹ ਖ਼ਬਰ ਝੂਠੀ ਹੀ ਹੋਵੇ। ਫਿਰ ਬਠਿੰਡੇ ਫੋਨ ਮਿਲਾਇਆ ਪਤਾ ਨਹੀਂ ਸਾਰੀਆਂ ਲਾਈਨਾਂ ਨੂੰ ਕੀ ਸੱਪ ਸੁੰਘ ਗਿਆ ਸੀ। ਫੋਨ ਮਿਲ ਹੀ ਨਹੀਂ ਸੀ ਰਿਹਾ। ਇੰਨੇ ਨੂੰ ਮਨੀਸ਼ ਦਾ ਫੋਨ ਫਿਰ ਆ ਗਿਆ, ਵਿਕਰਮ ਬਠਿੰਡੇ ਤੋਂ ਫੋਨ ਆਇਐ ਕਿ ਸਵੀਸ਼ ਨੂੰ ਅੱਤਿਵਾਦੀਆਂ ਨੇ ਰਾਹ ਜਾਂਦਿਆਂ ਗੋਲੀਆਂ ਮਾਰ ਦਿੱਤੀਆਂ। ਮੈਂ ਇੱਥੋਂ ਤੁਰ ਪਿਆ ਹਾਂ, ਚਾਰ ਘੰਟਿਆਂ ’ਚ ਤੇਰੇ ਕੋਲ ਪਹੁੰਚ ਜਾਵਾਂਗਾ, ਮਨ ਨੂੰ ਤਕੜਾ ਰੱਖੀਂ, ਜਸਵਿੰਦਰ ਨੂੰ ਮੈਂ ਫੋਨ ਕਰ ਦਿੱਤਾ, ਉਹ ਤੇਰੇ ਕੋਲ ਪੰਜ ਸੱਤ ਮਿੰਟਾਂ ’ਚ ਆ ਰਿਹੈ। ਤੇ ਜਲਦੀ ਜਲਦੀ ਇਹ ਕਹਿ ਕੇ ਮਨੀਸ਼ ਨੇ ਫੋਨ ਕੱਟ ਦਿੱਤਾ। ਸੁੰਨ ਹੋਏ ਬੈਠੇ ਵਿਕਰਮ ਨੇ ਮਨ ’ਤੇ ਕੰਟਰੋਲ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਗੋਲੀਆਂ ਨਾਲ ਵਿੰਨ੍ਹਿਆਂ ਲਹੂ-ਲੁਹਾਣ ਧਰਤੀ ’ਤੇ ਚੌਫਾਲ ਪਿਆ ਸਵੀਸ਼ ਵੀਰੇ ਦਾ ਸਰੀਰ ਅੱਖਾਂ ਸਾਹਮਣੇ ਸਾਕਾਰ ਹੋ ਗਿਆ। ਵੇਖ ਕੇ ਵਿਕਰਮ ਦੀ ਭੁੱਬ ਨਿਕਲ ਗਈ, ਇੱਕੋ ਦਮ ਸਾਹ ਘੁੱਟਿਆ ਮਹਿਸੂਸ ਹੋਇਆ, ਬੂਹਾ ਖੋਲ੍ਹ ਇਕਦਮ ਭੱਜ ਕੇ ਬਾਹਰ ਨੂੰ ਆਇਆ। ਗੁਆਂਢ ’ਚ ਰਹਿੰਦੇ ਪਾਕਿਸਤਾਨੀ ਜੋੜੇ ਨੂੰ ਜਦ ਵਿਕਰਮ ਦੀ ਚੀਕ ਸੁਣਾਈ ਦਿੱਤੀ ਤਾਂ ਉਹ ਵੀ ਬਾਹਰ ਆ ਗਏ ਅਤੇ ਵਿਕਰਮ ਨੂੰ ਦੋ-ਤਿੰਨ ਵਾਰ ਪੁੱਛਿਆ, ਵੱਟ ਹੈਪਨਡ, ਵੱਟ ਹੈਪਨਡ ਬ੍ਰਦਰ। ਮੇ ਵੂਈ ਹੈਲਪ ਯੂ! ਪਰ ਵਿਕਰਮ ਤੋਂ ਤਾਂ ਬੋਲਿਆ ਹੀ ਨਹੀਂ ਸੀ ਜਾ ਰਿਹਾ। ਉਦੋਂ ਹੀ ਜਸਵਿੰਦਰ ਉੱਥੇ ਪਹੁੰਚ ਗਿਆ। ਵਿਕਰਮ ਨੂੰ ਕਲਾਵੇ ’ਚ ਲੈਂਦਿਆਂ ਉਸ ਨੂੰ ਚੁੱਪ ਕਰਾਉਂਦਿਆਂ ਉਸ ਨੇ ਪਾਕਿਸਤਾਨੀ ਜੋੜੇ ਨੂੰ ਦੱਸਿਆ ਕਿ ਪੰਜਾਬ ਵਿੱਚ ਅੱਤਿਵਾਦੀਆਂ ਨੇ ਇਸ ਦੇ ਭਰਾ ਨੂੰ ਮਾਰ ਦਿੱਤਾ। ਬਹੁਤ ਹੀ ਦੁੱਖ ਪ੍ਰਗਟਾਉਂਦਿਆਂ ਉਨ੍ਹਾਂ ਨੇ ਵੀ ਵਿਕਰਮ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਵਿਕਰਮ ਦੇ ਸਾਹਮਣੇ ਤਾਂ ਛਲਣੀ ਕੀਤਾ ਵੀਰ ਦਾ ਸਰੀਰ ਆ ਰਿਹਾ ਸੀ, ਉਦੋਂ ਮਰਨ ਵੇਲੇ ਉਸ ਦੇ ਮਨ ਵਿੱਚ ਕੀ ਆਇਆ ਹੋਵੇਗਾ, ਸ਼ਾਇਦ ਬੱਚਿਆਂ ਬਾਰੇ ਸੋਚਦਾ ਰਿਹਾ ਹੋਵੇ, ਬੱਚਿਆਂ ਦਾ ਕੀ ਬਣੇਗਾ? ਮੇਰੀ ਰੀਮਾ ਦਾ ਕੀ ਹਾਲ ਹੋਵੇਗਾ? ਕੌਣ ਪਾਲੇਗਾ ਉਨ੍ਹਾਂ ਨੂੰ? ਕਿਵੇਂ ਜ਼ਿੰਦਗੀ ਗੁਜ਼ਾਰਨਗੇ? ਹੋ ਸਕਦੈ ਮਰਨ ਵੇਲੇ ਉਸ ਦੇ ਮਨ ਵਿੱਚ ਖ਼ਿਆਲ ਆਇਆ ਹੋਵੇ ਕਿ ਅਜੇ ਵਿਕਰਮ ਹੈਗਾ, ਉਹ ਸਹਾਰਾ ਦੇਵੇਗਾ ਬੱਚਿਆਂ ਨੂੰ, ਰੀਮਾ ਨੂੰ ਇਨ੍ਹਾਂ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਆਣ ਦੇਵੇਗਾ ਤੇ ਬੜਾ ਈ ਕੁਝ। ਵਿਕਰਮ ਦੀਆਂ ਭੁੱਬਾਂ ਵਾਰ ਵਾਰ ਨਿਕਲ ਰਹੀਆਂ ਸਨ। ਜਸਵਿੰਦਰ ਦੇ ਕੋਲ ਆਉਣ ਨਾਲ ਉਸ ਨੂੰ ਕੁਝ ਸਹਾਰਾ ਮਿਲ ਗਿਆ ਸੀ। ਜਦੋਂ ਨੂੰ ਮਨੀਸ਼ ਪਹੁੰਚਿਆਂ ਉਸ ਦਾ ਮਨ ਕੁਝ ਸਹਿਜ ਹੋ ਚੁੱਕਿਆ ਸੀ। ਉਸ ਦੇ ਨਾਂਹ ਨਾਂਹ ਕਰਦਿਆਂ ਵੀ ਉਨ੍ਹਾਂ ਨੇ ਪੀਜ਼ੇ ਦੀਆਂ ਚਾਰ ਗਰਾਹੀਆਂ ਉਸ ਨੂੰ ਖਵਾ ਦਿੱਤੀਆਂ। ਅਜੇ ਉਹ ਇੰਡੀਆ ਜਾਣ ਲਈ ਟਿਕਟ ਦਾ ਪ੍ਰਬੰਧ ਕਰਨ ਲਈ ਸਲਾਹ ਕਰ ਹੀ ਰਹੇ ਸਨ ਕਿ ਭਾਰਤ ਤੋਂ ਵੱਡੇ ਵੀਰ ਮੱਦੀ ਦਾ ਫੋਨ ਆ ਗਿਆ, ਵੀਰ ਵਿਕਰਮ ਜੋ ਹੋਣਾ ਸੀ, ਉਹ ਤਾਂ ਹੋ ਗਿਆ। ਹੁਣ ਤੂੰ ਆਪਣਾ ਮਨ ਤਕੜਾ ਰੱਖ। ਵਿਦੇਸ਼ਾਂ ’ਚ ਬੈਠੈਂ, ’ਕੱਲਾ ਕੈਰਾ...। ਵਿਕਰਮ ਹਾਂ ਹੂੰ ਹੀ ਕਰ ਰਿਹਾ ਸੀ, ਉਹ ਬੋਲ ਉਹ ਕੁਝ ਵੀ ਨਾ ਸਕਿਆ। ਉਸ ਦੀਆਂ ਸਿਸਕੀਆਂ ਹੀ ਸਭ ਕੁਝ ਕਹਿ ਰਹੀਆਂ ਸਨ। ਉੱਧਰ ਮੱਦੀ ਨੇ ਵੀ ਤਾਂ ਦਿਲ ’ਤੇ ਪੱਥਰ ਰੱਖ ਲਿਆ ਸੀ। ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਉਹਦੇ ’ਤੇ ਹੀ ਸਨ। ਵਿਕਰਮ ਤੂੰ ਹੁਣੇ ਭੱਜਣ ਦੀ ਕਾਹਲੀ ਨਾ ਕਰੀਂ, ਭਾਵੇਂ ਗਰੁੜ ਪੁਰਾਣ ਦੇ ਭੋਗ ਤੋਂ ਬਾਅਦ ਹੀ ਆ ਜਾਵੀਂ। ਬਾਕੀ ਮਨੀਸ਼ ਨੂੰ ਕਹਿ ਦਿੱਤਾ ਉਹ ਵੀ ਵਾਹ ਲੱਗਦੀ ਤੇਰੇ ਕੋਲ ਹੀ ਰਹੇਗਾ।

ਹੋ ਸਕਦੈ ਕਿ ਵਿਕਰਮ ਦੇ ਮਨ ਨੂੰ ਕੁਝ ਤਸੱਲੀ ਮਿਲ ਜਾਵੇ ਇਹ ਜਾਣਕਾਰੀ ਦੇਣੀ ਵੀ ਜ਼ਰੂਰੀ ਸਮਝੀ, ਜਿਨ੍ਹਾਂ ਨੇ ਆਪਣੇ ਭਰਾ ਨੂੰ ਬਿਨਾਂ ਕਸੂਰੋਂ ਮਾਰਿਆ ਹੈ, ਉਹ ਵੀ ਸਾਰੇ ਪੁਲਿਸ ਨੇ ਮੁਕਾਬਲੇ ’ਚ ਠੋਕ ਦਿੱਤੇ।

ਪਰ ਭਰਾ ਜੀ ਉਨ੍ਹਾਂ ਦੇ ਮਾਰੇ ਜਾਣ ਨਾਲ ਆਪਣਾ ਸਵੀਸ਼ ਤਾਂ ਨ੍ਹੀਂ ਵਾਪਸ ਆ ਸਕੇਗਾ। ਵਿਕਰਮ ਦੀ ਫਿਰ ਭੁੱਬ ਨਿਕਲ ਗਈ।

ਆਪਣਾ ਤਾਂ ਵਾਪਸ ਨਹੀਂ ਆਉਣਾ, ਪਰ ਹੋਰ ਕਿਸੇ ਦਾ ਘਰ ਤਾਂ ਨ੍ਹੀਂ ਉਜਾੜਨਗੇ। ਵਿਕਰਮ ਨੂੰ ਹੁਣ ਦੁਨੀਆ ਸੁੰਨੀ ਸੁੰਨੀ ਲੱਗਦੀ ਸੀ, ਦਫ਼ਤਰ, ਘਰ ਕਿਤੇ ਵੀ ਜੀਅ ਨਹੀਂ ਸੀ ਲੱਗਦਾ। ਮਨੀਸ਼ ਨੇ ਭੱਜ ਦੌੜ ਕਰਕੇ ਉਹਦੀ ਇੰਡੀਆ ਦੀ ਟਿਕਟ ਬੁੱਕ ਕਰਵਾ ਦਿੱਤੀ।

“ਮੇਰੀ ਉਮਰ ਤਾਂ ਅਜੇ ਰੁਮਾਂਸ ਕਰਨ ਦੀ ਹੈ। ਵਿਆਹ ਹੀ ਤਾਂ ਜ਼ਿੰਦਗੀ ਦੀ ਸਭ ਤੋਂ ਯਾਦਗਾਰੀ ਅਤੇ ਮਹਾਨ ਘਟਨਾ ਹੁੰਦੀ ਹੈ। ਜੀਵਨ ਸਾਥੀ ਨੂੰ ਮਿਲਣ ਦੀ ਜਗਿਆਸਾ ਉਸ ਨੂੰ ਛੂਹਣ ’ਤੇ ਮਿਲਦੇ ਸਦੀਵੀ ਆਨੰਦ, ਵਿਆਹ ਦੇ ਮੌਕੇ ਨੱਚਦਿਆਂ ਟੱਪਦਿਆਂ ਮਿਲਦੇ ਸਕੂਨ ਉਮਰ ਭਰ ਲਈ ਯਾਦਾਂ ਬਣ ਜਾਂਦੇ ਨੇ। ਨਵੇਂ ਵਿਸਵਾਸ਼ ਦੀ ਨੀਂਹ, ਸੁਨਹਿਰੇ ਸੁਪਨੇ ਸਿਰਜਣੇ, ਇਹੀ ਤਾਂ ਜ਼ਿੰਦਗੀ ਦੀ ਖ਼ੁਸ਼ੀ ਦਾ ਸਿਖਰ ਹੁੰਦਾ ਹੈ। ਕੀ ਮੇਰੀ ਕਿਸਮਤ ’ਚ ਇਹ ਸਭ ਕੁਝ ਨਹੀਂ ਲਿਖਿਆ? ਨਹੀਂ ਨਹੀਂ ਕਿਉਂ ਨਹੀਂ, ਮੈਂ ਕਿਉਂ ਇਸ ਸਭ ਕੁਝ ਦਾ ਤਿਆਗ ਕਰਾਂ? ਮੇਰੀ ਉਮਰ ਹੀ ਕੀ ਹੈ ਅਜੇ, ਮੈਨੂੰ ਵਿਸਵਾਸ਼ ਹੈ ਕਿ ਮੇਰੇ ਮਾਪੇ, ਭੈਣ-ਭਰਾ ਕੋਈ ਵੀ ਦਬਾਅ ਨਹੀਂ ਪਾਵੇਗਾ, ਮੈਨੂੰ ਤਾਂ ਲੱਗਦੈ ਭਾਬੀ ਵੀ ਦਬਾਅ ਨਹੀਂ ਪਾਵੇਗੀ... ਨਾਲੇ ਉਹ ਕਿਵੇਂ ਪਾ ਸਕਦੀ ਐ? ਮੈਂ ਤਾਂ ਉਸ ਦਾ ਲਾਡਲਾ ਦਿਉਰ ਹਾਂ, ਮੈਨੂੰ ਭਲਾ ਕਿਵੇਂ ਸੇਜ ਦਾ ਸਾਥੀ ਬਣਾ ਲਵੇਗੀ, ਭੁਚਾਲ ਨਹੀਂ ਆ ਜਾਵੇਗਾ...ਇਸ ਤਰ੍ਹਾਂ ਤਾਂ ਧਰਤੀ ਫਟ ਜਾਵੇਗੀ, ਪਰ ਜੇ ਇਹ ਵਾਪਰ ਗਿਆ, ਭਾਬੀ ਨੇ ਭਾਬੀ ਨਾ ਰਹਿ ਕੇ ਇੱਕ ਔਰਤ ਦਾ ਰੂਪ ਧਾਰ ਲਿਆ ਜਿਸ ਦੇ ਜ਼ਹਿਨ ਵਿੱਚ ਅਗਲੀ ਜ਼ਿੰਦਗੀ ਮਰਦ ਬਿਨਾਂ ਸੁੰਨੀ ਸੁੰਨੀ ਲੱਗਣ ਦਾ ਵਿਚਾਰ ਭਾਰੂ ਪੈ ਗਿਆ ਤਾਂ ਉਸ ਦੀ ਬੁੱਧੀ ਨੇ ਸੋਚਣਾ ਹੀ ਬੰਦ ਕਰ ਦੇਣੈ... ਤੇ ਉਸ ਨੂੰ ਲੱਗਿਆ ਜਿਵੇਂ ਕੋਈ ਉਸ ਨੂੰ ਕਲਾਵੇ ਵਿੱਚ ਲੈ ਕੇ ਘੁੱਟ ਰਿਹਾ ਹੋਵੇ। ਉਹ ਉਸ ਤੋਂ ਆਪਣੇ ਆਪ ਨੂੰ ਛੁਡਾਉਣ ਲਈ ਛਟਪਟਾਇਆ.... ਨਹੀਂ ਨਹੀਂ। ਇਹ ਕਹਿੰਦਾ ਉੱਠਿਆ, ਪਰ ਇਹ ਕੀ? ਉਹ ਤਾਂ ਜਹਾਜ਼ ਦੀ ਸੀਟ ’ਤੇ ਬੈਠਾ ਅੱਬੜਬਾਹੇ ਉੱਠ ਖੜ੍ਹਾ ਸੀ। ਝੱਟ ਹੀ ਅੰਬਰੀ-ਕੁੜੀ ਆ ਹਾਜ਼ਰ ਹੋਈ, ਆਰ ਯੂ ਓਕੇ ਸਰ? ਐਨੀ ਪਰਾਬਲਮ। ਓ...ਨੋ, ਇਟ ਇਜ਼ ਓਕੇ ਮੈਮ, ਆਈ ਐਮ ਸੌਰੀ...। ਡੂ ਯੂ ਵਾਂਟ ਸਮਥਿੰਗ ਫਾਰ ਡਰਿੰਕ?

ਓਕੇ ...। ਤੇ ਵਿਕਰਮ ਨੇ ਜੂਸ ਮੰਗਵਾ ਕੇ ਪੀਤਾ। ਮਨ ਨੂੰ ਸ਼ਾਂਤ ਕੀਤਾ। ਮਨ ਵਿੱਚੋਂ ਵਿਚਾਰਾਂ ਨੂੰ ਕੱਢਣ ਦੀ ਭਰਪੂਰ ਕੋਸ਼ਿਸ਼ ਕੀਤੀ, ਪਰ ਕਦੇ ਗੋਲੀਆਂ ਨਾਲ ਵਿੰਨ੍ਹੇ ਪਏ ਭਰਾ ਦੀ ਤੜਫ਼ਦੀ ਦੇਹ, ਕਦੇ ਘਰ ਵਿੱਚ ਪਏ ਰੋਣ ਕੁਰਲਾਉਣ ਦੀਆਂ ਆਵਾਜ਼ਾਂ, ਉਦਾਸੇ ਉਦਾਸੇ ਫਿਰਦੇ ਬੱਚਿਆਂ ਦੇ ਚਿਹਰੇ, ਦੁੱਖਾਂ ਦੇ ਅਥਾਹ ਭੰਡਾਰ ਆਪਣੇ ਸੀਨੇ ’ਚ ਦਬਾਈ ਫਿਰਦੀ ਭਾਬੀ, ਵੈਣ ਪਾ ਰਹੀ ਮਾਂ, ਰੋਂਦੇ ਕੁਰਲਾਉਂਦੇਭੈਣ-ਭਰਾ, ਵਾਰ ਵਾਰ ਮਨ ’ਚ ਘੁੰਮੀ ਜਾ ਰਹੇ ਸਨ। ਅੱਜ ਉਹੀ ਸਫ਼ਰ ਜੋ ਪਹਿਲਾਂ ਝੱਟ ਹੀ ਗੁਜ਼ਰ ਜਾਂਦਾ ਲੱਗਦਾ ਸੀ, ਹੁਣ ਖ਼ਤਮ ਹੋਣ ਦਾ ਨਾਂ ਨਹੀਂ ਸੀ ਲੈ ਰਿਹਾ। ਨੀਂਦ ਦਾ ਝੋਕਾ ਜੇ ਆ ਵੀ ਜਾਂਦੈ ਤਾਂ ਮਰਨ ਲੱਗਿਆਂ ਸਵੀਸ਼ ਦੇ ਮਨ ’ਚ ਆਏ ਹੋਏ ਵਿਚਾਰਾਂ ਦੀ ਕਲਪਨਾ ਉਸ ਦੇ ਮਨ ਵਿੱਚ ਸਾਕਾਰ ਹੋ ਜਾਂਦੀ, ਲੈ ਵੀਰ ਵਿਕਰਮ ਮੈਂ ਤਾਂ ਚੱਲਿਆਂ-ਬੇਵੱਸ, ਦੁਖੀ ਮਨ ਨਾਲ, ਹੁਣ ਤੇਰੇ ਸਹਾਰੇ ਈ ਨੇ ਤੇਰੀ ਭਾਬੀ ਅਤੇ ਬੱਚੇ ਗਿੱਲੀ-ਮਿੱਲੀ।

“ਵੀਰ ਜੀ, ਤੁਸੀਂ ਫਿਕਰ ਨਾ ਕਰੋ ਭੋਰਾ, ਮੈਂ ਆਪਣੇ ਫਰਜ਼ਾਂ ਨੂੰ ਤਨਦੇਹੀ ਨਾਲ ਨਿਭਾਵਾਂਗਾ, ਜ਼ਿੰਦਗੀ ’ਚ ਭਾਵੇਂ ਮੈਨੂੰ ਕੁਝ ਵੀ ਤਿਆਗਣਾ ਪਵੇ, ਤੁਹਾਡੀ ਆਖਰੀ ਖਾਹਿਸ਼, ਮੇਰੇ ਸਿਰ ਮੱਥੇ, ਪਰ ਤੁਸੀਂ ਸਾਨੂੰ ਇਸ ਤਰ੍ਹਾਂ ਭੰਵਰ ’ਚ ਛੱਡ ਕੇ ਨਹੀਂ ਜਾ ਸਕਦੇ- ਅਜੇ ਤਾਂ ਤੁਸੀਂ ਮੇਰੇ ਵਿਆਹ ਨੂੰ ਯਾਦਗਾਰ ਬਣਾਉਣਾ ਸੀ, ਤਿਆਰੀ ਕਰਨੀ ਸੀ, ਭੰਗੜੇ ਪਾਉਣੇ ਸਨ, ਸਾਰੇ ਰਿਸ਼ਤੇਦਾਰਾਂ ’ਚ ਟੌਹਰ ਬਣਾਉਣੀ ਸੀ।”ਓਹੀ ਹਵਾਈ ਅੱਡਾ, ਜੋ ਪਿਛਲੀ ਵਾਰ ਆਇਆਂ ਤੋਂ ਖ਼ੁਸ਼ੀਆਂ ਨਾਲ ਟਹਿਕਦਾ ਲੱਗਦਾ ਸੀ, ਹਰ ਕਿਸਮ ਦਾ ਸ਼ੋਰ ਸ਼ਰਾਬਾ ਸੁਰ-ਸੰਗੀਤ ਲੱਗਦਾ ਸੀ, ਸਜ-ਧਜ ਕੇ ਆਏ ਬੱਚੇ, ਮੁਟਿਆਰਾਂ, ਗੱਭਰੂ, ਬੁੱਢੇ ਆਦਿ ਸਭ ਮਸਤ ਹੋਏ ਲੱਗਦੇ ਸਨ। ਅੱਜ ਸਾਰਾ ਕੁਝ ਸਮਸ਼ਾਨ ਘਾਟ ਵਾਂਗ ਲੱਗ ਰਿਹਾ ਸੀ। ਪੈ ਰਿਹਾ ਸ਼ੋਰ ਸ਼ਰਾਬਾ, ਚੀਕ ਚਿਹਾੜਾ ਅਤੇ ਲੋਕ ਮੁਰਦਿਆਂ ਵਾਂਗ ਵਿਚਰ ਰਹੇ ਲੱਗ ਰਹੇ ਸਨ। ਲੈਣ ਆਏ ਆਪਣੇ ਵੱਡੇ ਭਰਾ ਦੇ ਗਲ਼ ਲੱਗਦਿਆਂ ਉਸ ਦੀ ਭੁੱਬ ਨਿਕਲ ਗਈ ਜਿਸ ਨੇ ਆਸੇ ਪਾਸੇ ਖੜ੍ਹੇ ਲੋਕਾਂ ਦਾ ਧਿਆਨ ਖਿੱਚ ਲਿਆ, ਸਕਿਉਰਿਟੀ-ਮੈਨ ਭੱਜ ਕੇ ਆਇਆ, ਪਰ ਜਦ ਉਸ ਨੂੰ ਵਾਪਰੀ ਦੁਰਘਟਨਾ ਦਾ ਪਤਾ ਲੱਗਿਆ ਤਾਂ ਉਹ ਵੀ ਵਿਚਾਰਾ ਹੌਸਲਾ ਦੇਣ ਤੋਂ ਸਿਵਾਏ ਕੀ ਕਰ ਸਕਦਾ ਸੀ? ਥੋੜ੍ਹੇ ਚਿਰ ਬਾਅਦ ਸਾਰਾ ਕੁਝ ਨਾਰਮਲ ਹੋ ਗਿਆ। ਘਰ ਪਹੁੰਚ ਕੇ ਵਿਕਰਮ ਆਪਣੇ ਭੈਣ-ਭਰਾਵਾਂ ਦੇ ਗਲ਼ ਲੱਗ ਕੇ ਰੋ ਰੋ ਕੇ ਮਨ ਨੂੰ ਹਲਕਾ ਕਰਦਾ ਰਿਹਾ। ਦੋਵੇਂ ਬੱਚੇ ਆਪਣੇ ਚਾਚੇ ਦੇ ਮੂੰਹ ਵੱਲ ਵੇਖ ਡੌਰ-ਭੌਰ ਹੋਏ ਬੈਠੇ ਸਨ। ਉਸ ਦੀ ਭਾਬੀ ਰੀਮਾ ਉਸ ਦੇ ਗਲ਼ ਲੱਗ ਕੇ ਧਾਹ ਮਾਰ ਕੇ ਰੋਈ। ਉੱਥੇ ਬੈਠੀਆਂ ਸਿਆਣੀਆਂ ਔਰਤਾਂ ਨੇ ਉਨ੍ਹਾਂ ਨੂੰ ਹੌਂਸਲਾ ਦਿੰਦਿਆਂ ਮਸਾਂ ਹੀ ਚੁੱਪ ਕਰਾਇਆ, ਬੇਟਾ ਕਿਹੜਾ ਕਿਸੇ ਦੇ ਵੱਸ ਦੀ ਗੱਲ ਹੈ! ਉਹਦੇ ਨਾਲ ਸਾਡਾ ਸਾਥ ਈ ਇੰਨਾ ਸੀ! ਰੱਬ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ! ਹੌਂਸਲਾ ਰੱਖੋ ਹੌਂਸਲਾ! ਅਗਾਂਹ ਦੀ ਸੋਚੋ ਜੇ ਤੁਸੀਂ ਹੀ ਦਿਲ ਢਾਹ ਕੇ ਬੈਠ ਗਏ ਤਾਂ ਇਨ੍ਹਾਂ ਬੱਚਿਆਂ ਦਾ ਕੀ ਬਣੇਗਾ? ਓਹੀ ਘਰ, ਓਹੀ ਪਰਿਵਾਰ, ਓਹੀ ਕਮਰੇ, ਜੋ ਉਹ ਤਿੰਨ ਮਹੀਨੇ ਪਹਿਲੇ ਮਿਲਣ ਆਇਆ ਹੱਸਦੇ-ਖੇਡਦੇ ਛੱਡ ਕੇ ਗਿਆ ਸੀ, ਪਰ ਅੱਜ ਸਵੀਸ਼ ਤੋਂ ਬਿਨਾਂ ਸਾਰਾ ਕੁਝ ਸੁੰਨਾ ਸੁੰਨਾ ਅਤੇ ਵੀਰਾਨ ਜਿਹਾ ਲੱਗ ਰਿਹਾ ਸੀ। ਕਿਸੇ ਵੀ ਚੀਜ਼ ’ਚ ਕੋਈ ਬਰਕਤ ਨਹੀਂ ਸੀ ਲੱਗ ਰਹੀ।

ਪਰਿਵਾਰ ਦੇ ਮੈਂਬਰ ਚਾਹੁੰਦੇ ਸਨ ਕਿ ਦੋ-ਚਾਰ ਦਿਨਾਂ ਬਾਅਦ ਗੱਲ ਕੀਤੀ ਜਾਵੇ, ਪਰ ਰੀਮਾ ਦੇ ਮਾਂ-ਬਾਪ ਦੇ ਮਨ ਦੇ ਕਿਸੇ ਕੋਨੇ ਵਿੱਚ ਤਾਂਘ ਸੀ ਜੋ ਕਿ ਅਕਸਰ ਅਜਿਹੀ ਸਥਿਤੀ ਵਿੱਚ ਹੁੰਦੀ ਹੈ ਕਿ ਵਿਕਰਮ ਹਾਂ-ਪੱਖੀ ਫ਼ੈਸਲਾ ਲੈ ਕੇ ਇਸ ਪਰਿਵਾਰ ਦੇ ਅੰਸ਼ ਨੂੰ ਸੰਭਾਲੇ ਅਤੇ ਪਾਲੇ। ਵਿਕਰਮ ਨੂੰ ਗੱਲੀਬਾਤੀਂ ਪਰਿਵਾਰ ਦੇ ਸਾਰੇ ਹੀ ਮੈਂਬਰਾਂ ਨੇ ਕਹਿ ਦਿੱਤਾ ਸੀ ਕਿ ਬੇਟਾ ਤੂੰ ਆਪਣੀ ਜ਼ਿੰਦਗੀ ਦਾ ਐਨਾ ਵੱਡਾ ਫ਼ੈਸਲਾ ਸੋਚ ਵਿਚਾਰ ਤੋਂ ਬਾਅਦ ਹੀ ਕਰਨਾ ਹੈ, ਤੇਰੇ ਉੱਪਰ ਕਿਸੇ ਕਿਸਮ ਦਾ ਕੋਈ ਦਬਾਅ ਨਹੀਂ। ਇਸ ਗੱਲ ਨੂੰ ਤਾਂ ਵਿਕਰਮ ਵੀ ਚੰਗੀ ਤਰ੍ਹਾਂ ਸਮਝਦਾ ਸੀ ਕਿ ਸਾਡਾ ਪਰਿਵਾਰ ਤਾਂ ਕੀ, ਭਰਾ ਦੇ ਸਹੁਰੇ ਵੀ ਅੱਬੜਬਾਹੇ ਫ਼ੈਸਲਾ ਨਹੀਂ ਲੈਣਗੇ। ਉਸ ਲਈ ਹੁਣ ਸੰਸ਼ੋਪੰਜ ਦੀ ਘੜੀ ਸੀ ਕਿ ਉਹ ਕਰੇ ਤਾਂ ਕੀ ਕਰੇ? ਛੋਟੀ ਉਮਰੇ ਇੰਨੇ ਵੱਡੇ ਮਸਲੇ ਦਾ ਫ਼ੈਸਲਾ ਲੈਣਾ ਸੰਕਟ ਦੀ ਘੜੀ ਸੀ। ਮਾਵਾਂ ਵਰਗੀ ਭਾਬੀ ਨੂੰ ਸੇਜ ਦੀ ਭਾਗੀਦਾਰ ਬਣਾਉਣਾ ਅਸੰਭਵ ਜਿਹਾ ਲੱਗਦਾ ਸੀ। ਇਸ ਗੱਲੋਂ ਡਰਦਾ ਵੀ ਸੀ ਕਿ ਮਾਪਿਆਂ ਦੀ ਇੱਛਾ ਦੇ ਦਬਾਅ ਹੇਠ ਰੀਮਾ ਮੇਰੇ ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਲੈ ਵੀ ਲਵੇ, ਪਰ ਮੁੜ ਸਾਰੀ ਉਮਰ ਸਹਿਜ ਨਾ ਹੋ ਸਕੇ, ਅੰਤਰ-ਦਵੰਧ ’ਚ ਫਸੀ ਮੈਨੂੰ ਆਪਣਾ ਪਤੀ ਪ੍ਰਵਾਨ ਨਾ ਕਰ ਸਕੇ ਜਾਂ ਮੈਂ ਹੀ ਅੰਤਰ-ਦਵੰਧ ’ਚ ਫਸ ਜਾਵਾਂ, ਮੇਰੇ ਮਨ ਵਿੱਚ ਹਰ ਵਕਤ ਉਸ ਦਾ ਭਾਬੀ ਵਾਲਾ ਅਕਸ ਹੀ ਬਣਿਆ ਰਹੇ ਅਤੇ ਅਸੀਂ ਪਤੀ-ਪਤਨੀ ਹੁੰਦਿਆਂ ਵੀ ਇੱਕ ਦੂਜੇ ਦੇ ਨਾ ਹੋ ਸਕੀਏ, ਤਾਂ ਕੀ ਹੋਵੇਗਾ ?ਚੱਲੋ! ਇਹ ਤਾਂ ਬਾਅਦ ਦੀਆਂ ਗੱਲਾਂ ਨੇ, ਪਹਿਲਾਂ ਸੋਚਣਾ ਤਾਂ ਇਹ ਜ਼ਰੂਰੀ ਹੈ ਕਿ ਬਿਨ ਬਾਪ ਤੋਂ ਬੱਚਿਆਂ ਦਾ ਕੀ ਬਣੇਗਾ? ਕੀ ਪਿਉ ਵਿਹੂਣੇ ਬੱਚੇ ਰਸਤੇ ’ਤੋਂ ਭਟਕ ਕੇ ਗ਼ਲਤ ਪਾਸੇ ਤਾਂ ਨਹੀਂ ਚਲੇ ਜਾਣਗੇ? ਨਹੀਂ ਨਹੀਂ ਮੈਂ ਇਹ ਨਹੀਂ ਹੋਣ ਦਿਆਗਾਂ, ਮੇਰੇ ਪਿਤਾ ਜੀ ਦਾ ਅੰਸ਼ ਭਟਕਣਾ ਨਈਂ ਚਾਹੀਦਾ...ਜੇਕਰ ਮੇਰੇ ਅਰਮਾਨਾਂ ਦੀ ਕੁਰਬਾਨੀ ਨਾਲ ਸਾਰੇ ਮਸਲੇ ਦਾ ਹੱਲ ਹੁੰਦਾ ਹੈ ਤਾਂ ਮੈਨੂੰ ਇਹ ਕੁਰਬਾਨੀ ਦੇ ਹੀ ਦੇਣੀ ਚਾਹੀਦੀ ਹੈ। ਨਾਲੇ ਦੁਨੀਆ ਵਿੱਚ ਹਰੇਕ ਦੀ ਹਰ ਇੱਕ ਖਾਹਿਸ਼ ਪੂਰੀ ਹੋਵੇ, ਇਹ ਕੋਈ ਜ਼ਰੂਰੀ ਤਾਂ ਨਹੀਂ।ਸ਼ਾਇਦ ਹਨੀਮੂਨ ਮਨਾਉਣ ਵਿਦੇਸ਼ ਜਾ ਰਹੀ ਨਵੀਂ ਵਿਆਹੀ ਜੋੜੀ ਨੂੰ ਹਵਾਈ ਅੱਡੇ ਉੱਪਰ ਕਲੋਲਾਂ ਕਰਦਿਆਂ ਵੇਖ ਕੇ, ਅੱਜ ਪਰਿਵਾਰ ਨੂੰ ਨਾਲ ਲੈ ਕੇ ਅਮਰੀਕਾ ਜਾ ਰਹੇ ਵਿਕਰਮ ਦੇ ਮਨ ਵਿੱਚ ਚੀਸ ਤਾਂ ਉੱਠੀ, ਪਰ ਉਹ ਉਸ ਨੂੰ ਦਬਾਉਣ ਵਿੱਚ ਕਾਮਯਾਬ ਹੋ ਗਿਆ।

# ਕਾਵਿ ਸੰਸਾਰ

## ਵਫ਼ਾ ਦੀ ਕੀਮਤ

ਨਰਿੰਦਰ ਸਿੰਘ ਸੰਧੂ



ਮੈਂ ਹਰ ਇੱਕ ਮੋੜ 'ਤੇ ਰਿਸ਼ਤੇ ਦੀ ਸੀ ਕਦਰਾਂ ਨੂੰ ਪਾਲਿਆ,
ਤੂੰ ਹਰ ਇੱਕ ਮੋੜ 'ਤੇ ਮੇਰੀ ਵਫ਼ਾ ਨੂੰ ਹੀ ਉਛਾਲਿਆ।
ਮੈਂ ਕੰਡੇ ਚੁਣ ਕੇ ਤੇਰੇ ਰਾਹਾਂ ਨੂੰ ਗੁਲਜ਼ਾਰ ਕੀਤਾ ਸੀ,
ਤੂੰ ਮੇਰੇ ਬਾਗ਼ ਦਾ ਹਰ ਇੱਕ ਫੁੱਲ ਹੀ ਮਸਲ ਡਾਲਿਆ।
ਮੈਂ ਤੇਰੇ ਰੁੱਸਣ 'ਤੇ ਵੀ ਖ਼ੁਦ ਨੂੰ ਹੀ ਗੁਨਾਹਗਾਰ ਮੰਨਿਆ,
ਤੂੰ ਮੇਰੇ ਹੰਝੂਆਂ ਨੂੰ ਪਾਣੀ ਕਹਿ ਕੇ ਹੀ ਟਾਲਿਆ।
ਜੋ ਬਾਲਿਆ ਸੀ ਮੈਂ ਚਾਹਤ ਦਾ ਦੀਵਾ ਤੇਰੇ ਵਿਹੜੇ ਵਿੱਚ,
ਤੂੰ ਇੱਕੋ ਫੂਕ ਮਾਰ ਕੇ ਉਹ ਚਾਨਣ ਵੀ ਜਾਲਿਆ।
ਮੈਂ ਸ਼ੀਸ਼ੇ ਵਾਂਗ ਸਾਫ਼ ਰੱਖਿਆ ਸੀ ਦਿਲ ਦਾ ਹਰ ਕੋਨਾ,
ਤੂੰ ਪੱਥਰ ਮਾਰ ਕੇ ਮੇਰਾ ਉਹ ਸ਼ੀਸ਼ਾ ਹੀ ਉਤਾਲਿਆ।
ਹੁਣ "ਨਰਿੰਦਰਾ" ਕੀ ਗਿਲਾ ਕਰੀਏ ਉਸ ਬੇਕਦਰੇ ਦਾ,
ਜਿਹਨੇ ਰਿਸ਼ਤੇ ਨੂੰ ਬਸ ਇੱਕ ਖੇਡ ਵਾਂਗੂ ਹੀ ਸੰਭਾਲਿਆ।

ਪਿੰਡ ਰਾਮਪੁਰਾ, ਜ਼ਿਲ੍ਹਾ ਬਠਿੰਡਾ। ਮੋ: 98766-37839

## ਪਰਛਾਵੇਂ

ਬਲਤੇਜ ਸੰਧੂ ਬੁਰਜ ਲੱਧਾ

ਤੂੰ ਸਾਡਾ ਏਂ ਸੱਜਣ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ
ਮਨ ਨਹੀਂ ਮੰਨਦਾ ਫੇਰ ਵੀ ਤੇਰੇ ਸੰਗ ਰਹਿਣਾ ਪੈ ਰਿਹਾ
ਪਲ ਪਲ ਮਰਦੇ ਟੁੱਟਦੇ ਢਹਿੰਦੇ ਹਾਂ ਤੇਰੇ ਦਿੱਤੇ ਜ਼ਖ਼ਮਾਂ ਤੋਂ
ਫੱਟ ਲੱਗੇ ਨੇ ਡੂੰਘੇ ਬੜਾ ਰੂਹ ਨੂੰ ਦਰਦ ਸਹਿਣਾ ਪੈ ਰਿਹਾ
ਤੂੰ ਸਾਡਾ ਹੋ ਕੇ ਵੀ ਯਾਰਾ ਕਦੇ ਸਾਡਾ ਨਹੀਂ ਬਣਿਆ
ਸਿੱਲੀ ਅੱਖ ਤੇ ਰੋਂਦੇ ਦਿਲ ਨੂੰ ਆਖ਼ਰ ਕਹਿਣਾ ਪੈ ਰਿਹਾ
ਅਸੀਂ ਰੂਹ ਤੋਂ ਚਾਹੁੰਦੇ ਸੀ ਤੂੰ ਪਿਆਰ ਹੀ ਜਿਸਮਾਂ ਨੂੰ ਕਰਦਾ ਸੀ
ਏਸੇ ਕਰਕੇ ਹੀ ਸੱਜਣਾ ਚੰਦਰੇ ਵਕ ?ਤ ਦੇ ਹੱਥੋਂ ਢਹਿਣਾ ਪੈ ਰਿਹਾ
ਬੇਗਾਨਿਆਂ ਤੋਂ ਵੱਧ ਖ਼ਤਰਾ ਅੱਜਕੱਲ੍ਹ ਆਪਣਿਆਂ ਤੋਂ ਲੱਗਦਾ ਏ
ਏਸੇ ਕਰਕੇ ਜਿੰਦੜੀ ਨੂੰ ਦੁੱਖਾਂ ਦੇ ਪਰਛਾਵੇਂ ਸੰਗ ਬਹਿਣਾ ਪੈ ਰਿਹਾ
ਹੱਥੀਂ ਦੇ ਕੇ ਪਾਣੀ ਜਦ ਮਾਲੀ ਹੀ ਕੁਚਲ ਜਾਵੇ ਫੁੱਲਾਂ ਨੂੰ
ਤਾਂ ਹੀ ਬਗੀਚੀ ਨੂੰ ਕੰਡਿਆਲੀ ਤਾਰ ਦਾ ਸਹਾਰਾ ਲੈਣਾ ਪੈ ਰਿਹਾ
ਕੀ ਦੋਸ਼ ਕਿਸੇ ਨੂੰ ਏਥੇ ਆਪਣੇ ਛੁਰੀਆਂ ਪਿੱਠ ਪਿੱਛੇ ਚਲਾਉਂਦੇਨੇ
ਤਾਹੀਓਂ ਪੈਰ ਪੈਰ 'ਤੇ ਲੱਧੇ ਵਾਲੇ ਸੰਧੂਆ ਧੋਖਾ ਸਹਿਣਾ ਪੈ ਰਿਹਾ।

## ਮੈਂ ਪੰਜਾਬੀ ਬੋਲੀ

ਸੁਰਿੰਦਰਪਾਲ ਸਿੰਘ

ਮੈਂ ਹਾਂ ਗੁਰੂਆਂ ਦੀ ਪਾਕ ਅਤੇ ਪਵਿੱਤਰ ਬੋਲੀ
ਅੱਖਰਾਂ ਤੇ ਮਾਤਰਾਵਾਂ ਨਾਲ ਮੇਰੀ ਭਰੀ ਝੋਲੀ।
ਦੇਸ਼ਾਂ ਵਿਦੇਸ਼ਾਂ ਵਿੱਚ ਬੋਲੀ ਮੇਰੀ ਦੇ ਝੂਲਣ ਨਿਸ਼ਾਨ
ਸੰਸਾਰੀ ਬੋਲੀਆਂ ਅਣਗਿਣਤ ਮੇਰੀ ਵਿਲੱਖਣ ਪਹਿਚਾਣ॥
ਅੱਖਰਾਂ ਸੰਗ ਹੀ ਸੋਹਦੇ ਹਨ ਬੋਲੀ ਦੇ ਜਜ਼ਬਾਤ
ਬੋਲੀ ਸੰਗ ਗੁਲਜ਼ਾਰ ਬਿਨੁ ਬੋਲੀ ਸਾਹਿਤ ਕਾਲੀ ਰਾਤ।
ਅਕਲਾਂ ਵਾਲਿਓ ! ਕਲਮਾਂ ਵਾਲਿਓ ! ਸੁਣੋ ਮੇਰੀ ਪੁਕਾਰ
ਮੇਰਾ ਅਮੀਰ ਵਿਰਸਾ ਨਾ ਭੁੱਲ ਜਾਇਓ, ਕਰੋ ਸਤਿਕਾਰ॥
ਗੁਰੂ ਸਾਹਿਬ ਨੇ ਮੈਨੂੰ ਆਪਣੇ ਹੱਥੀ ਮੁੱਢੋਂ ਰੁਸ਼ਨਾਇਆ
ਪੀਰਾਂ ਪੈਗੰਬਰਾਂ ਤੇ ਸੰਤਾਂ ਰੱਚ ਬਾਣੀ ਗਲ ਲਾਇਆ।
ਪੈਂਤੀ ਅੱਖਰਾਂ ਸੰਗ ਸੋਹੰਦਾ ਮੇਰੀ ਵਰਨਮਾਲਾ ਦਾ ਪਰਿਵਾਰ
ਅੱਖਰਾਂ ਰਲ ਜੋੜੇ ਮੁਕਤਾ ਅੱਖਰ ਮਾਤਰਾਵਾਂ ਉਪਜੇ ਸ਼ਬਦੀਂ ਭੰਡਾਰ।
ਮੁਕਤੇ, ਕੰਨੇ, ਸਿਹਾਰੀਆਂ ਅਤੇ ਬਿਹਾਰੀਆਂ
ਅੱਖਰਾਂ ਸੰਗ ਫੱਬਣ ਮੇਰੀਆਂ ਸ਼ਬਦ ਕਿਆਰੀਆਂ।
ਔਂਕੜ ਸਮੇਤ ਦੁਲੈਂਕੜ, ਲਾਵਾਂ ਅਤੇ ਦੁਲਾਵਾਂ
ਸ਼ਬਦੀ ਬਣਤਰ ਵਿੱਚ ਕਿਸ ਕਿਸ ਦਾ ਯੋਗਦਾਨ ਭੁਲਾਵਾਂ।
ਹੋੜੇ ਦੇ ਨਾਲ ਕਨੌੜੇ ਸਮੇਤ ਅੱਧਕ ਅਤੇ ਟਿੱਪੀਆਂ
ਸਾਹਿਤਕ ਫੁੱਲਕਾਰੀ ਦੀਆਂ ਸਭ ਨੇ ਅਨਮੋਲ ਸਿੱਪੀਆਂ॥
ਬੋਲ ਨੂੰ ਲਿਖਤ ਵਿੱਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹ
ਕਹਿੰਦੇ ਇਹਨੂੰ ਲਿਪੀ ਤੇ ਹਰ ਭਾਸ਼ਾ ਦੇ ਹੁੰਦੇ ਭਿੰਨ।
ਲਿਪੀ ਹੀ ਹੁੰਦੀ ਹੈ ਹਰ ਬੋਲੀ ਦਾ ਹਾਰ-ਸ਼ਿੰਗਾਰ
ਲਿਪੀ ਬਖਸ਼ੇ ਪਿਆਰ ਤੇ ਮਨੁੱਖੀ ਭਾਵਾਂ ਨੂੰ ਦਿੰਦੀ ਨਿਖਾਰ॥
ਸ਼ਾਰਦਾ ਤੇ ਟਾਕਰੀ ਲਿਪੀ ਹਨ ਮੇਰੇ ਪੁਰਖੇ ਲਾਣੇ
ਪੁਰਾਤਨ ਇਤਿਹਾਸ 'ਚ ਦਰਜ ਲੰਡੇ ਆਖ ਵਰਤਦੇ ਸੀ ਸਿਆਣੇ।
ਗੁਰੂ ਨਾਨਕ ਸਾਹਿਬ ਨੇ ਬਾਣੀ ਵਿੱਚ ਅੱਖਰ ਉਚਾਰੇ
ਗੁਰੂ ਅੰਗਦ ਦੇਵ ਜੀ ਨੇ ਮੇਰੇ ਅੱਖਰ ਸਭ ਸਵਾਰੇ॥
ਸਵਰ ਤੇ ਵਿਅੰਜਨਾਂ ਵਿੱਚ ਵੰਡਿਆ ਅੱਖਰੀ ਪਰਿਵਾਰ
ਵਿਗਿਆਨਿਕ ਭਾਸ਼ਾ ਆਖ ਪੰਜਾਬੀ ਨੂੰ ਮਿਲਿਆ ਸਤਿਕਾਰ।
ਪੰਜਾਬ,ਪੰਜਾਬੀ ਤੇ ਪੰਜਾਬੀਅਤ ਲਈ ਸੁਰਿੰਦਰ ਜਾਨ ਵਾਰਦਾ
ਮਾਂ ਬੋਲੀ ਦੇ ਪੁੱਤ, ਲੇਖੇ ਲਾਇਆ ਜੀਵਨ, ਵੇਖੋ ਮੁੱਲ ਤਾਰਦਾ॥

ਸ੍ਰੀ ਅੰਮ੍ਰਿਤਸਰ ਸਾਹਿਬ।

## ਤੇਰੀ ਚੜ੍ਹਦੀ ਜਵਾਨੀ

ਰਵਿੰਦਰ ਸਿੰਘ ਕੁੰਦਰਾ

ਕਵੈਂਟਰੀ, ਯੂ.ਕੇ. 07748772308



ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਛੱਡ ਜਾਵੇਂ ਦਿਲਾਂ ਉੱਤੇ, ਇੱਕ ਵੱਖਰੀ ਨਿਸ਼ਾਨੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਜਪਾਂ ਨਾਮ ਤੇਰਾ ਦਿਨ ਰਾਤ, ਆਪਣੀ ਜ਼ੁਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਦਿਲ ਚਾਹੇ ਤੇਰੇ ਲਈ, ਕਰਾਂ ਹਰ ਕੁਰਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

## ਧੀਆਂ ਦੀ ਸਰਦਾਰੀ

ਹਰਪ੍ਰੀਤ ਪੱਤੋ



ਧੀਆਂ ਮਾਰਨ ਮੱਲਾਂ ਅੱਜ ਕੱਲ੍ਹ,
ਹਰ ਖੇਤਰ ਵਿੱਚ ਰਹਿ ਕੇ।
ਕਰਨ ਸੁਰੱਖਿਆ ਦੇਸ਼ ਆਪਣੇ ਦੀ,
ਮੀਂਹ ਹਨੇਰੀਆਂ ਸਹਿ ਕੇ।
ਦੁਸ਼ਮਣ ਤਾਈਂ ਲੜਨ ਸ਼ੇਰਨੀਆਂ,
ਮਰਨੋਂ ਮੂਲ ਨਾ ਡਰਦੀਆਂ।
ਵਿੱਚ ਹਵਾਵਾਂ ਲਾਉਣ ਉਡਾਰੀ,
ਜਾ ਸਮੁੰਦਰੀ ਤਰਦੀਆਂ।
ਖੇਡਾਂ ਦੇ ਵਿੱਚ ਨਾਂ ਚਮਕਾਇਆ,
ਐਸੀ ਧਾਂਕ ਜਮਾਈ।
ਜਿੱਤ ਦਾ ਸਿਹਰਾ ਲੈ ਕੇ ਆਈਆਂ,
ਸਭ ਨੇ ਖ਼ੁਸ਼ੀ ਮਨਾਈ।
ਉਹ ਦੇਸ਼ ਨਾ ਕਰਨ ਤਰੱਕੀ,
ਜੋ ਧੀਆਂ ਨੂੰ ਦੁਰਕਾਰਨ।
ਮਾਣਨ ਕਦੇ ਨਾ ਉਹ ਖੁਸ਼ਹਾਲੀ,
ਜੋ ਕਲੀਆਂ ਨੂੰ ਸਾੜਨ।
ਧੀਆਂ ਦਾ ਦਰਜਾ ਸਭ ਤੋਂ ਉੱਚਾ,
ਗੁਰੂਆਂ ਨੇ ਫ਼ਰਮਾਇਆ।
ਹੋਵੇ ਕਿੱਡਾ ਖੱਬੀ ਖਾਨ, ਉਹ
ਹੈ ਇਨ੍ਹਾਂ ਦਾ ਜਾਇਆ।
ਇਨ੍ਹਾਂ ਧੀਆਂ ਤੋਂ ਲੈ ਕੇ ਸੇਧ
ਧੀਆਂ ਭਵਿੱਖ ਸੰਵਾਰਨ।
ਬੜਾ ਕੀਮਤੀ ਸਮਾਂ ਹੈ ਹੁੰਦਾ,
ਨਾ ਫੁਟਕਲ ਵਿੱਚ ਗੁਜ਼ਾਰਨ।
ਮਾਪਿਆਂ ਦਾ ਸਿਰ ਉੱਚਾ ਕਰਿਓ,
ਦੇਸ਼ ਦੁਨੀਆ ਦੇ ਅੰਦਰ।
'ਪੱਤੋ' ਮੰਗਦਾ ਸਦਾ ਦੁਆਵਾਂ,
ਰਹੇ ਧੀਆਂ ਦਾ ਪਹਿਲਾ ਨੰਬਰ।

## ਭੀੜ

ਹਰਸਿਮਰਤ ਸਿੰਘ



ਭੀੜ ਤੋਂ ਡਰਦਾ ਮੈਂ,
ਭੀੜ ਦਾ ਹਿੱਸਾ
ਬਣ ਜਾਂਦਾ ਹਾਂ।
ਅੱਲ੍ਹਾ ਰਾਮ ਨੂੰ
ਜਾਣੇ ਬਗ਼ੈਰ,
ਉਨ੍ਹਾਂ ਦੇ ਨਾਮ ਦੇ
ਜੈਕਾਰੇ ਲਾਉਂਦਾ ਹਾਂ।
ਭੀੜ ਦੇ ਸ਼ੋਰ ਵਿੱਚ
ਗੁਆਚ ਜਾਂਦਾ ਹਾਂ।
ਵਿਸਾਰ ਦਿੰਦਾ ਹਾਂ
ਆਪਣੀ ਜੜ੍ਹ ਨੂੰ,
ਆਪਣੀ ਪਛਾਣ ਨੂੰ।
ਭੀੜਾਂ ਬਣਦੀਆਂ ਨੇ
ਭੀੜਾਂ ਖਿੰਡਦੀਆਂ ਨੇ।
ਭੀੜਾਂ ਦਾ ਕੁਝ ਨਹੀਂ ਜਾਂਦਾ।
ਪਰ ਇਸ ਸ਼ੋਰ-ਸ਼ਰਾਬੇ ਤੋਂ
ਅੱਖ ਬਚਾ,
ਇਸ ਦੁਨੀਆ ਵਿੱਚੋਂ
ਇਨਸਾਨੀਅਤ ਨਾਮ ਦਾ
ਇੱਕ ਪਰਿੰਦਾ, ਕਿਧਰੇ ਦੂਰ
ਉਡਾਰੀ ਮਾਰ ਜਾਂਦਾ ਏ।

## ਘਰ ਕਿਸ ਨੂੰ ਨਹੀਂ ਚਾਹੀਦਾ !

ਡਾ. ਹਰਨੇਕ ਸਿੰਘ ਕਲੇਰ

ਸੱਚ ਕਹਾਂ
ਘਰ ਤਾਂ ਸਭ ਨੂੰ ਚਾਹੀਦਾ ਹੈ ਪਰ
ਰੇਤ ਦੇ ਘਰਾਂ ਵਿੱਚ ਕੌਣ ਵਸਦਾ ਹੈ ?
ਕਿਹਾ ਸਿਆਣਿਆਂ
ਉਸਾਰਦਿਆਂ ਮਿੱਟੀ ਦਾ ਘਰ
ਲਿਫ ਜਾਂਦੀ ਹੈ ਦੇਹ ਪਰ
ਟੁੱਟਿਆ ਵੀ ਨਹੀਂ ਜਾਂਦਾ।
ਪੁਰਖਿਆਂ ਦਾ ਕਿਹਾ ਯਾਦ ਹੈ
ਝੁਕਣਾ ਨਾ
ਕੰਧਾਂ ਵਿੱਚ ਕੈਦ ਨਾ ਹੋਣਾ
ਹਸਤੀ ਕਾਇਮ ਰੱਖਣਾ
ਨੀਂਦ ਤਾਂ ਸੂਲਾਂ 'ਤੇ ਵੀ ਆ ਜਾਂਦੀ ਐ
ਦੇਹ ਰਾਜ਼ੀ ਰਹੇ
ਰੂਹ ਖਿੜੀ ਰਹੇ।
ਆਪਣੇ ਘਰ ਦੀ
ਕੰਧ ਵੱਲ ਦੇਖ
ਸੋਚਦਾ ਹਾਂ
ਰੇਤ ਦੇ ਘਰਾਂ ਦਾ ਕੀ ਭਰੋਸਾ
ਪਤਾ ਨਹੀਂ ਕਦੋਂ ਢਹਿ ਜਾਣਗੇ
ਪਲਾਂ ਵਿੱਚ ਦੇਖਦੇ-ਦੇਖਦੇ
ਰੇਤ ਦੇ ਘਰਾਂ ਵਿੱਚ ਵਸੇਬਾ ਕਿੱਥੇ ?
ਸੱਚ ਕਹਾਂ
ਸੁਰੱਖਿਅਤ ਕਿੱਥੇ ਹੁੰਦੇ ਨੇ
ਹੋਣ ਜੋ ਬੇਘਰੇ ਤੁਹਾਨੂੰ ਮੁਸਕਰਾਉਂਦਿਆਂ
ਦੇਖ
ਆ ਜਾਂਦੀ ਹੈ ਮਸ਼ੀਨ
ਕੀ ਕਰੋਗੇ ਪੱਥਰ ਦੇ ਘਰ ਦਾ
ਕੁਝ ਵੀ ਨਹੀਂ ਬਚਦਾ
ਸਿਵਾਏ ਸਰਹਿੰਦ ਦੀ ਦੀਵਾਰ
ਚਮਕੌਰ ਦੀ ਗੜ੍ਹੀ
ਮਾਛੀਵਾੜੇ ਤੇ ਖਿਦਰਾਣੇ ਦੀ ਢਾਬ ਦੇ।
ਘਰ ਤਾਂ ਸਭ ਨੂੰ ਚਾਹੀਦਾ ਪਰ
ਰੇਤ ਦੇ ਘਰਾਂ ਵਿੱਚ ਕੌਣ ਵਸਦਾ ਹੈ ?

## ਗ਼ਜ਼ਲ

ਰੋਜ਼ੀ ਸਿੰਘ

ਉਹ ਜੋ ਸ਼ਾਮ ਸੀ ਤੇਰੇ ਸ਼ਹਿਰ ਦੀ, ਮੇਰੇ ਸੁਪਨਿਆਂ ਵਿੱਚ ਆ ਗਈ।
ਇੱਕ ਨਸ਼ਾ ਰਗਾਂ 'ਚ ਉੱਤਰ ਗਿਆ, ਨਜ਼ਰ 'ਚ ਮਸਤੀ ਸਮਾ ਗਈ।
ਜਿਹੜੀ ਬਾਤ ਉਸਨੇ ਸੁਣੀ ਨਹੀਂ, ਮੇਰੀ ਉਮਰ ਭਰ ਦੀ ਸੀ ਜੁਸਤਜੂ,
ਉਹ ਘੜੀ ਦੋ ਪਲ ਦੀ ਸੀ ਆਰਜ਼ੂ ਮੈਨੂੰ ਖ਼ਾਬ ਕੀ-ਕੀ ਦਿਖਾ ਗਈ।
ਮੈਥੋਂ ਖ਼ਤ 'ਚ ਨਾ ਸਿਮਟ ਸਕੇ, ਮੇਰੇ ਦਿਲ 'ਚ ਜੋ ਵੀ ਸਵਾਲ ਸਨ,
ਤੇਰੇ ਦਿਲ 'ਚ ਸੀ ਜੋ ਨਾਰਾਜ਼ਗੀ, ਉਹ ਤਾਂ ਨੀਂਦ ਮੇਰੀ ਉਡਾ ਗਈ।
ਤੇਰਾ ਪਿਆਰ ਮੇਰਾ ਇਮਾਨ ਹੈ, ਮੇਰੇ ਦਿਲ 'ਚ ਤੇਰਾ ਸਥਾਨ ਹੈ,
ਮੇਰੀ ਤਾਂ ਤਬੀਅਤ ਬਦਲ ਗਈ, ਦਿਲ ਦੀ ਜ਼ਮੀਂ ਨਸ਼ਿਆ ਗਈ।
ਤੇਰੀ ਯਾਦ ਦਾ ਇਹ ਜੋ ਸਿਲਸਿਲਾ, ਮੇਰੇ ਜੀਣ ਦੇ ਲਈ ਏ ਹੌਂਸਲਾ,
ਮੇਰੇ ਮਨ 'ਚ ਸੀ ਜੋ ਵੀ ਦਾਸਤਾਨ ਉਹ ਤੇਰੀ ਜ਼ੁਬਾਨ 'ਤੇ ਆ ਗਈ।
ਉਹਦਾ ਵਾਹ ਰਕੀਬਾਂ ਦੇ ਨਾਲ ਹੈ, ਮੈਨੂੰ ਇਹੋ ਤਾਂ ਬਸ ਮਲਾਲ ਹੈ,
ਘੁਣ ਵਾਂਙ ਉਸ ਦੀ ਇਹ ਬੇਰੁਖ਼ੀ, ਮੈਨੂੰ ਖਾਂਦੀ ਖਾਂਦੀ ਖਾ ਗਈ।

## ਗ਼ਜ਼ਲ

ਪ੍ਰਤਾਪ 'ਪਾਰਸ' ਗੁਰਦਾਸਪੁਰੀ

ਮੁਜਰਿਮ ਬਣਕੇ ਤੇਰੀ ਸੱਜਣਾ ਕਰਦੀ ਹਾਂ ਇਕਬਾਲ।
ਮੁੰਦਰੀ ਦੇ ਨਾਲ ਤੇਰਾ ਛੱਲਾ ਮੈਂ ਨਾ ਸਕੀ ਸੰਭਾਲ।
ਇੰਤਜ਼ਾਰ ਤਾਂ ਬੜਾ ਮੈਂ ਕੀਤਾ ਆਖ਼ਰ ਬੇਵੱਸ ਹੋ ਗਈ,
ਵਕਤ ਕੁਲਹਿਣੇ ਨੇ ਵੀ ਖੇਡੀ ਓਸ ਮੋੜ 'ਤੇ ਚਾਲ।
ਭੈਅ ਦੇ ਥੱਲੇ ਦੱਬੀ ਜਿੰਦ ਦਾ ਕੀ ਮਰਨਾ ਕੀ ਜਿਉਣਾ,
ਕੂੰਜਾਂ ਕੁੜੀਆਂ ਤੇ ਗਊਆਂ ਦੀ ਕਿਹੜਾ ਬਣਦਾ ਢਾਲ ?
ਨਾ ਕਾਸਦ ਨਾ ਕਾਂ ਕਬੂਤਰ ਨਾ ਪੱਤਰ ਕੋਈ ਆਇਆ,
ਦਿਨ ਦਿਨ ਕਰਕੇ ਗਏ ਮਹੀਨੇ ਬੀਤ ਗਏ ਹੁਣ ਸਾਲ।
ਮੈਂ ਤਾਂ ਤੇਰੀ ਦੋਸ਼ਣ ਮੰਨਿਆ ਤੂੰ ਕਿਉਂ ਬੁਜ਼ਦਿਲ ਬਣਿਆ,
ਕੁਝ ਨਾ ਕੁਝ ਤਾਂ ਤੇਰੇ ਨਾਲ ਵੀ ਮੈਨੂੰ ਰਿਹਾ ਮਲਾਲ।
ਮਰ ਕੇ ਤਾਂ ਮੈਂ ਤੇਰੀ 'ਪਾਰਸ' ਸਾਂਭ ਲੈ ਅੱਜ ਵਸੀਅਤ,
ਜਿਉਂਦੇ ਤੇਰੀ ਕਿਉਂ ਨਾ ਹੋਈ ਖ਼ੁਦ ਨੂੰ ਰਿਹੈ ਸਵਾਲ।
ਤੇਰੀਆਂ ਗ਼ਜ਼ਲਾਂ ਦਾ ਮੈਂ ਉੱਤਰ ਇੱਕ ਵਾਰੀ ਸੀ ਦੇਣਾ,
ਸ਼ਿਕਵੇ, ਸ਼ੱਕ, ਸ਼ਿਕਾਇਤਾਂ ਵਾਜਬ ਸਹਿਮਤ ਤੇਰੇ ਨਾਲ।

# ਖੇਡਾਂ ਦੀ ਦੁਨੀਆਂ ’ਚ ਬਣਾਓ ਆਪਣਾ ਭਵਿੱਖ







ਖੇਡਾਂ, ਜਿਨ੍ਹਾਂ ਨੂੰ ਪਹਿਲਾਂ ਲੋਕ ਸ਼ੌਕ ਵਜੋਂ ਦੇਖਦੇ ਸਨ, ਅੱਜ ਨੌਜਵਾਨਾਂ ਵਿੱਚ ਕੈਰੀਅਰ ਦੇ ਵਿਕਲਪ ਵਜੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਖੇਡਾਂ ਵਿੱਚ ਕੈਰੀਅਰ ਬਣਾਉਣ ਲਈ ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਰੁਚੀ ਜਾਂ ਅਜਿਹੀ ਖੇਡ ਚੁਣਨੀ ਪਵੇਗੀ ਜਿਸ ਵਿੱਚ ਤੁਸੀਂ ਸ਼ਾਨਦਾਰ ਪ੍ਰਦਰਸ਼ਨ ਕਰ ਸਕੋ। ਇਸ ਤੋਂ ਬਾਅਦ ਆਪਣੀ ਤਾਕਤ ਦਾ ਮੁਲਾਂਕਣ ਕਰੋ। ਕੋਚਿੰਗ ਸਹੂਲਤਾਂ ਅਤੇ ਖੇਡ ਦੀਆਂ ਵਿੱਤੀ ਲੋੜਾਂ ਬਾਰੇ ਜਾਣੋ। ਵਿੱਤੀ ਤੌਰ ’ਤੇ ਆਪਣਾ ਰਾਹ ਆਸਾਨ ਬਣਾਉਣ ਲਈ, ਤੁਸੀਂ ਸਕਾਲਰਸ਼ਿਪ ਅਤੇ ਸੀਐਸਆਰ ਫੰਡਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਅਰਜ਼ੀ ਦੇ ਸਕਦੇ ਹੋ। ਇਸ ਤੋਂ ਬਾਅਦ, ਅੱਗੇ ਵਧਣ ਲਈ, ਆਪਣੀਆਂ ਖੇਡਾਂ ਵਿਚ ਅਭਿਆਸ ਅਤੇ ਅਨੁਸ਼ਾਸਨ ਨੂੰ ਗੰਭੀਰਤਾ ਨਾਲ ਲੈਣਾ, ਸੰਤੁਲਿਤ ਖੁਰਾਕ ਲੈਣਾ, ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣਾ, ਟੀਚੇ ਨਿਰਧਾਰਤ ਕਰਨਾ ਅਤੇ ਸਲਾਹਕਾਰਾਂ ਨਾਲ ਗੱਲ ਕਰਨਾ ਜ਼ਰੂਰੀ ਹੈ।

ਤੁਸੀਂ ਸਕੂਲ ਜਾਂ ਕਾਲਜ ਵਿੱਚ ਹੋਣ ਵਾਲੇ ਖੇਡ ਮੁਕਾਬਲਿਆਂ ਤੋਂ ਖੇਡਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਸਕਦੇ ਹੋ। ਸਟੇਟ ਸਪੋਰਟਸ ਟੀਮ ਵਿੱਚ ਆਪਣੀ ਥਾਂ ਬਣਾ ਸਕਦੇ ਹਨ। ਜੇਕਰ ਤੁਸੀਂ ਖੇਡਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹੋ, ਤਾਂ ਇੱਕ ਖਿਡਾਰੀ ਦੇ ਰੂਪ ਵਿੱਚ ਤੁਹਾਨੂੰ ਸਪੋਰਟਸ ਅਥਾਰਟੀ ਆਫ਼ ਇੰਡੀਆ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਸਿਖਲਾਈ ਲੈਣ ਦਾ ਮੌਕਾ ਮਿਲ ਸਕਦਾ ਹੈ। ਸਾਈ ਦੇ ਅਧੀਨ ਵੱਖ-ਵੱਖ ਸੰਸਥਾਵਾਂ ਅਤੇ ਅਕੈਡਮੀਆਂ ਹਨ, ਜੋ ਨੌਜਵਾਨ ਪ੍ਰਤਿਭਾਵਾਂ ਨੂੰ ਪ੍ਰਤਿਭਾਸ਼ਾਲੀ ਖਿਡਾਰੀਆਂ ਵਿੱਚ ਬਦਲਣ ਲਈ ਸਿਖਲਾਈ ਪ੍ਰਦਾਨ ਕਰਦੀਆਂ ਹਨ। ਸਾਈ ਤੋਂ ਇਲਾਵਾ ਕਈ ਰਾਜ ਪੱਧਰੀ ਅਤੇ ਨਿੱਜੀ ਸੰਸਥਾਵਾਂ ਹਨ ਜੋ ਖਿਡਾਰੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਤੋਂ ਬਾਅਦ ਤੁਸੀਂ ਦੇਸ਼ ਲਈ ਖੇਡ ਸਕਦੇ ਹੋ। ਖਿਡਾਰੀਆਂ ਨੂੰ ਭਵਿੱਖ ਵਿੱਚ ਟ੍ਰੇਨਰ ਅਤੇ ਕੋਚ ਵਜੋਂ ਕੰਮ ਕਰਨ ਦਾ ਮੌਕਾ ਵੀ ਮਿਲਦਾ ਹੈ।

ਖੇਡਾਂ ਦੀ ਦੁਨੀਆ ਵਿੱਚ, ਤੁਸੀਂ ਇੱਕ ਖਿਡਾਰੀ ਦੇ ਰੂਪ ਵਿੱਚ ਨਹੀਂ, ਸਗੋਂ ਕਈ ਤਰੀਕਿਆਂ ਨਾਲ ਆਪਣਾ ਕੈਰੀਅਰ ਬਣਾ ਸਕਦੇ ਹੋ।

ਖੇਡ ਪ੍ਰਬੰਧਨ: ਅੱਜਕੱਲ੍ਹ, ਹਰ ਖੇਡ ਅਤੇ ਖੇਡ ਅਥਾਰਟੀ ਨੂੰ ਖੇਡ ਪ੍ਰਬੰਧਨ ਵਿੱਚ ਮਾਹਿਰਾਂ ਦੀ ਲੋੜ ਹੁੰਦੀ ਹੈ। ਕਿਸੇ ਵੀ ਸਟਰੀਮ ਦੇ ਨੌਜਵਾਨ ਸਪੋਰਟਸ ਮੈਨੇਜਮੈਂਟ ਕੋਰਸ ਵਿੱਚ ਦਾਖਲਾ ਲੈ ਸਕਦੇ ਹਨ, ਪਰ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਸਰੀਰਕ ਸਿੱਖਿਆ (ਪੀਈ) ਵਿੱਚ ਗ੍ਰੈਜੂਏਸ਼ਨ ਪੂਰੀ ਕੀਤੀ ਹੈ। ਤੁਸੀਂ ਕਿਸੇ ਖਾਸ ਖੇਡ ਵਿੱਚ ਬੈਚਲਰ ਇਨ ਫਿਜ਼ੀਕਲ ਐਜੂਕੇਸ਼ਨ ਵੀ ਕਰ ਸਕਦੇ ਹੋ।

ਖੇਡ ਮਨੋਵਿਗਿਆਨ ਸਲਾਹਕਾਰ: ਖੇਡ ਮਨੋਵਿਗਿਆਨ ਸਲਾਹਕਾਰ ਖਿਡਾਰੀਆਂ ਨੂੰ ਮਾਨਸਿਕ ਤੌਰ ’ਤੇ ਤੰਦਰੁਸਤ ਰੱਖਣ ਵਿੱਚ ਮਦਦ ਕਰਦੇ ਹਨ। ਮਨੋਵਿਗਿਆਨ ਵਿੱਚ ਐਮ ਏ ਕਰਨ ਤੋਂ ਬਾਅਦ, ਤੁਸੀਂ ਇਹ ਕੋਰਸ ਸਿਰਫ ਮਾਸਟਰ ਜਾਂ ਡਾਕਟੋਰਲ ਪੱਧਰ ’ਤੇ ਹੀ ਕਰ ਸਕਦੇ ਹੋ। ਇਸ ਪੇਸ਼ੇ ਵਿੱਚ ਦਾਖਲ ਹੋਣ ਲਈ, ਤੁਹਾਨੂੰ ਐਸੋਸੀਏਸ਼ਨ ਫਾਰ ਅਪਲਾਈਡ ਸਪੋਰਟਸ ਸਾਈਕਾਲੋਜੀ ਨਾਲ ਵੀ ਰਜਿਸਟਰ ਕਰਨਾ ਹੋਵੇਗਾ।

## ਖੇਡਾਂ ਦੇ ਪ੍ਰਮੁੱਖ ਅਦਾਰੇ

ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਪਟਿਆਲਾ, ਨੈਸ਼ਨਲ ਸਪੋਰਟਸ ਯੂਨੀਵਰਸਿਟੀ ਮਣੀਪੁਰ, ਲਕਸ਼ਮੀਬਾਈ ਨੈਸ਼ਨਲ ਇੰਸਟੀਚਿਊਟ ਆਫ਼ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ, ਲਕਸ਼ਮੀਬਾਈ ਨੈਸ਼ਨਲ ਕਾਲਜ ਫਾਰ ਫਿਜ਼ੀਕਲ ਐਜੂਕੇਸ਼ਨ ਤਿਰੂਵਨੰਤਪੁਰਮ, ਇੰਦਰਾ ਗਾਂਧੀ ਸਰੀਰਕ ਸਿੱਖਿਆ ਅਤੇ ਖੇਡ ਵਿਗਿਆਨ ਸੰਸਥਾਨ ਨਵੀਂ ਦਿੱਲੀ, ਟਾਟਾ ਫੁੱਟਬਾਲ ਅਕੈਡਮੀ ਜਮਸ਼ੇਦਪੁਰ।

ਸਪੋਰਟਸ ਮੈਡੀਸਨ: ਖਿਡਾਰੀ ਅਕਸਰ ਖੇਡਾਂ ਅਤੇ ਅਭਿਆਸ ਦੌਰਾਨ ਜ਼ਖਮੀ ਹੋ ਜਾਂਦੇ ਹਨ। ਅਜਿਹੇ ਵਿੱਚ ਖਿਡਾਰੀਆਂ ਦਾ ਸਪੋਰਟਸ ਮੈਡੀਸਨ ਤਹਿਤ ਇਲਾਜ ਕੀਤਾ ਜਾਂਦਾ ਹੈ। ਮੈਡੀਕਲ ਦੀ ਡਿਗਰੀ ਤੋਂ ਬਾਅਦ ਤੁਸੀਂ ਇਸ ਖੇਤਰ ਵਿੱਚ ਕਰੀਅਰ ਬਣਾ ਸਕਦੇ ਹੋ। ਜੇਕਰ ਤੁਸੀਂ ਸਪੋਰਟਸ ਮੈਡੀਸਨ ਦੇ ਖੇਤਰ ਵਿੱਚ ਡਿਪਲੋਮਾ ਕੋਰਸ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਲ ਇੰਡੀਆ ਸਪੋਰਟਸ ਮੈਡੀਸਨ ਪੋਸਟ ਗ੍ਰੈਜੂਏਟ ਦਾਖਲਾ ਪ੍ਰੀਖਿਆ ਪਾਸ ਕਰਨੀ ਪਵੇਗੀ।

ਖੇਡ ਪੱਤਰਕਾਰੀ: ਜੇਕਰ ਤੁਸੀਂ ਖੇਡਾਂ ਬਾਰੇ ਲਿਖਣਾ ਪਸੰਦ ਕਰਦੇ ਹੋ, ਤਾਂ ਤੁਸੀਂ ਖੇਡ ਪੱਤਰਕਾਰੀ ਵਿੱਚ ਕੈਰੀਅਰ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰ ਸਕਦੇ ਹੋ। ਤੁਸੀਂ ਕਿਸੇ ਵੀ ਸੰਸਥਾ ਤੋਂ ਪੱਤਰਕਾਰੀ ਜਾਂ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਪ੍ਰਾਪਤ ਕਰਕੇ ਖੇਡ ਪੱਤਰਕਾਰ ਬਣ ਸਕਦੇ ਹੋ।

ਖੇਡਾਂ ਦੀ ਮਾਰਕੀਟਿੰਗ: ਜਦੋਂ ਤੋਂ ਖੇਡਾਂ ਮਨੋਰੰਜਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਈਆਂ ਹਨ, ਖੇਡਾਂ ਦੀ ਮਾਰਕੀਟਿੰਗ ਇੱਕ ਵਿਆਪਕ ਕੈਰੀਅਰ ਖੇਤਰ ਬਣ ਗਈ ਹੈ। ਸਪੋਰਟਸ ਮਾਰਕੀਟਿੰਗ ਮੈਨੇਜਰ ਸਪੋਰਟਸ ਕੰਪਨੀਆਂ ਲਈ ਇਸ਼ਤਿਹਾਰ ਇਕੱਠੇ ਕਰਨ ਅਤੇ ਟਿਕਟਾਂ ਵੇਚਣ ਲਈ ਜ਼ਿੰਮੇਵਾਰ ਹੁੰਦਾ ਹੈ।

ਇਸ ਤੋਂ ਇਲਾਵਾ ਸਪੋਰਟਸ ਇੰਡਸਟਰੀ ਵਿੱਚ ਸਪੋਰਟਸ ਟੀਚਰ, ਕੋਚ, ਸਪੋਰਟਸ ਵਕੀਲ ਅਤੇ ਫਿਟਨੈਸ ਮਾਹਿਰ ਵਜੋਂ ਕਰੀਅਰ ਬਣਾਉਣ ਦੇ ਮੌਕੇ ਵੀ ਹਨ।

# ਗਿਆਰਾਂ ਓਲੰਪਿਕ ਮੈਡਲਾਂ ਦੀ ਜੇਤੂ ਫੇਲਿਕਸ





ਪ੍ਰਿੰ. ਸਰਵਣ ਸਿੰਘ
+1-905-779-1661

ਅਮਰੀਕਾ ਦੀ ਤੇਜ਼ਤਰਾਰ ਦੌੜਾਕ ਐਲੀਸਨ ਫੇਲਿਕਸ ਨੇ ਓਲੰਪਿਕ ਖੇਡਾਂ ਦੇ 11 ਮੈਡਲ ਜਿੱਤੇ ਹਨ। ਉਨ੍ਹਾਂ ਵਿੱਚ 7 ਗੋਲਡ, 1 ਕਾਂਸੀ ਤੇ 3 ਸਿਲਵਰ ਮੈਡਲ ਹਨ। ਉਹਨੇ 2004 ਤੋਂ 2021 ਤੱਕ ਪੰਜ ਉਲੰਪਿਕ ਖੇਡਾਂ ਵਿੱਚ ਭਾਗ ਲਿਆ। ਉਸ ਨੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ’ਚੋਂ ਵੀ 20 ਮੈਡਲ ਜਿੱਤੇ। 31 ਮੈਡਲ ਕਹਿ ਦੇਣੀ ਗੱਲ ਹੈ! ਵਿਸ਼ਵ ਪੱਧਰ ’ਤੇ ਇੱਕ ਮੈਡਲ ਜਿੱਤਣਾ ਹੀ ਮਾਣ ਨਹੀਂ ਹੁੰਦਾ। ਸਿਆਣੇ ਸੱਚ ਕਹਿੰਦੇ ਹਨ ਕਿ ਦੁਨੀਆ ਪਰੇ ਤੋਂ ਪਰੇ ਪਈ ਹੈ। ਬੰਦੇ ਦੇ ਜ਼ੋਰ ਤੇ ਜੁਗਤ ਦਾ ਕੋਈ ਸਿਰਾ ਨਹੀਂ। ਮਨੁੱਖ ਅੰਦਰ ਬੇਸ਼ੁਮਾਰ ਸੰਭਾਵਨਾਵਾਂ ਮੌਜੂਦ ਹਨ। ਉਹ ਜੋ ਨਹੀਂ ਸੋ ਕਰ ਸਕਦਾ ਹੈ। ਐਲੀਸਨ ਫੇਲਿਕਸ ਨੇ ਅਜਿਹਾ ਹੀ ਕੀਤਾ। 31 ਵਾਰ ਵਿਸ਼ਵ ਦੇ ਜਿੱਤ-ਮੰਚ ’ਤੇ ਚੜ੍ਹੀ।

ਅਮਰੀਕਾ ਦੀ ਟਰੈਕ ਐਂਡ ਫੀਲਡ ਸੰਸਥਾ ਹਰ ਸਾਲ ਅਮਰੀਕਾ ਦੇ ਸਰਬੋਤਮ ਅਥਲੀਟ ਨੂੰ ‘ਅਥਲੀਟ ਆਫ ਦਿ ਯੀਅਰ’ ਦੇ ‘ਜੈਸੀ ਓਵੇਂਜ਼/ ਜੈਕੀ ਜੋਇਨਰ ਕਰਸੀ ਐਵਾਰਡ’ ਨਾਲ ਸਨਮਾਨਿਤ ਕਰਦੀ ਹੈ। ਫੇਲਿਕਸ ਨੂੰ ਉਹ ਐਵਾਰਡ ਪਹਿਲੀ ਵਾਰ 2005 ’ਚ ਮਿਲਿਆ ਜਦੋਂ ਉਸ ਦੀ ਉਮਰ ਕੇਵਲ 20 ਸਾਲ ਦੀ ਸੀ। ਉਸ ਨੂੰ ਟਰੈਕ ਐਂਡ ਫੀਲਡ ਸੰਸਥਾ ਦਾ ਇਹ ਐਵਾਰਡ 2007, 2010, 2012 ਤੇ 2015 ਵਿੱਚ ਵੀ ਮਿਲਿਆ। ਲੰਡਨ-2012 ਦੀਆਂ ਓਲੰਪਿਕ ਖੇਡਾਂ ਵਿੱਚ ਉਹਦੀ 3 ਗੋਲਡ ਮੈਡਲ ਜਿੱਤਣ ਦੀ ਅਦੁੱਤੀ ਪ੍ਰਾਪਤੀ ’ਤੇ ਉਸ ਨੂੰ ਵਿਸ਼ਵ ਦਾ ‘ਆਈ.ਏ.ਏ.ਐੱਫ. ਫੀਮੇਲ ਅਥਲੀਟ ਆਫ ਦਿ ਯੀਅਰ’ ਐਵਾਰਡ ਵੀ ਦਿੱਤਾ ਗਿਆ। 2022 ਵਿੱਚ ਅਮੈਰੀਕਨ ਅਕੈਡਮੀ ਆਫ ਅਚੀਵਮੈਂਟ ਨੇ ਫੇਲਿਕਸ ਨੂੰ ਗੋਲਡਨ ਪਲੇਟ ਐਵਾਰਡ ਨਾਲ ਸਨਮਾਨਿਆ।

ਫੇਲਿਕਸ ਨੇ ਕੁਆਰੀ, ਪਤਨੀ, ਗਰਭਪਤੀ ਤੇ ਮਾਂ ਬਣ ਕੇ ਹਰੇਕ ਹਾਲਤ ਵਿੱਚ ਦੌੜ ਮੁਕਾਬਲਿਆਂ ’ਚ ਭਾਗ ਲਿਆ ਤੇ ਵਿਸ਼ਵ ਪੱਧਰੀ ਜਿੱਤਾਂ ਜਿੱਤੀਆਂ। ਉਹ ਕਾਰੋਬਾਰੀ ਵੀ ਬਣੀ ਅਤੇ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਕੌਂਸਲ ਆਫ ਫਿਟਨੈੱਸ ਦੀ ਮੈਂਬਰ ਵੀ ਰਹੀ। 2020-21 ਵਿੱਚ ਟਾਈਮ ਮੈਗਜ਼ੀਨ ਨੇ ਉਸ ਨੂੰ ਵਿਸ਼ਵ ਦੇ 100 ਵਿਸ਼ੇਸ਼ ਵਿਅਕਤੀਆਂ ਵਿੱਚ ਸ਼ਾਮਲ ਕੀਤਾ। 2022 ਵਿੱਚ ਉਸ ਨੂੰ ਯੂਨੀਵਰਸਿਟੀ ਆਫ ਸਾਊਥਰਨ ਕੈਲੀਫੋਰਨੀਆ ਨੇ ਡਾਕਟਰ ਆਫ ਹਿਊਮਨ ਲੈਟਰਜ਼ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ। ਨਵੰਬਰ 2024 ’ਚ ਉਹ ਸਪੋਰਟਸ ਨੂੰ ਪ੍ਰੋਤਸਾਹਨ ਦੇਣ ਲਈ ਬ੍ਰਾਜ਼ੀਲ ਵੀ ਗਈ ਤੇ ਹਰ ਕਾਰਜ ਬਾਖ਼ੂਬੀ ਨੇਪਰੇ ਚਾੜ੍ਹਿਆ।

ਉਸ ਦਾ ਜਨਮ 18 ਨਵੰਬਰ 1985 ਨੂੰ ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਵਿਖੇ ਹੋਇਆ। ਉਦੋਂ ਉਸ ਦਾ ਪਿਤਾ ਪਾਲ ਫੇਲਿਕਸ, ਸਨ ਵੈਲੀ ਦੇ ਗਿਰਜਾ ਘਰ ਵਿੱਚ ਪਾਦਰੀ ਤੇ ਨਿਊ ਟੈਸਟਾਮੈਂਟ ਦਾ ਪ੍ਰੋਫੈਸਰ ਸੀ। ਉਸ ਦੀ ਮਾਂ ਮਾਰਲੀਨ ਫੇਲਿਕਸ, ਬਲਬੋਆ ਐਲੀਮੈਂਟਰੀ ਸਕੂਲ ਵਿੱਚ ਅਧਿਆਪਕਾ ਸੀ।

ਐਲੀਸਨ ਦਾ ਮੰਨਣਾ ਹੈ ਕਿ ਦੌੜਾਂ ਉਸ ਨੂੰ ਰੱਬੀ ਸੌਗਾਤ ਵਜੋਂ ਮਿਲੀਆਂ ਜਿਸ ਨੂੰ ਉਹ ਸਿਦਕ ਨਾਲ ਪਾਲਦੀ ਰਹੀ। ਦੌੜਨਾ ਉਹਦੇ ਲਈ ਪ੍ਰਭੂ ਭਗਤੀ ਸਮਾਨ ਸੀ।

2018 ਵਿੱਚ ਫੇਲਿਕਸ ਦਾ ਵਿਆਹ ਅਮਰੀਕਨ ਦੌੜਾਕ ਕੇਂਥ ਫਰਗੂਸਨ ਨਾਲ ਹੋ ਗਿਆ। ਉਹ 32 ਹਫ਼ਤਿਆਂ ਦੀ ਗਰਭਪਤੀ ਸੀ ਕਿ ਜਣਨ ਸਮੱਸਿਆ ਆ ਗਈ। ਬੱਚੀ ਦਾ ਅਗਾਊਂ ਜਣੇਪਾ ਕਰਨਾ ਪਿਆ। ਉੱਧਰ ਨੀਕ ਕੰਪਨੀ ਨੇ ਉਹਦੇ ਮਾਂ ਬਣਨ ਕਰਕੇ ਕੀਤੇ ਇਕਰਾਰਨਾਮੇ ਤੋਂ ਹੱਥ ਪਿੱਛੇ ਖਿੱਚਣੇ ਸ਼ੁਰੂ ਕਰ ਲਏ। ਅਦਾਲਤੀ ਕੇਸ ਚੱਲਿਆ। ਉਹਦੇ ਮਾੜੇ ਦਿਨ ਆ ਗਏ, ਪਰ ਫੇਲਿਕਸ ਨੇ ਹੌਸਲਾ ਨਾ ਹਾਰਿਆ। ਅੱਗੇ ਟੋਕੀਓ-2020 ਦੀਆਂ ਉਲੰਪਿਕ ਖੇਡਾਂ ਆ ਰਹੀਆਂ ਸਨ ਤੇ ਨਾਲ ਹੀ ਕੋਵਿਡ-19 ਦੀ ਮਹਾਮਾਰੀ ਵੀ ਆ ਗਈ। ਕੋਵਿਡ ਦੇ ਲੌਕਡਾਊਨ ਵਿੱਚ ਫੇਲਿਕਸ ਨੂੰ ਸੁੰਨੇ ਖੇਡ ਮੈਦਾਨਾਂ ਵਿੱਚ ਲੁਕ ਛਿਪ ਕੇ ਪ੍ਰੈਕਟਿਸ ਕਰਨੀ ਪਈ।

ਉਹ 2020 ਦੀਆਂ ਉਲੰਪਿਕ ਖੇਡਾਂ ਲਈ ਪੂਰੀ ਤਰ੍ਹਾਂ ਤਿਆਰ ਹੋਈ ਤਾਂ ਓਲੰਪਿਕ ਖੇਡਾਂ ਇੱਕ ਸਾਲ ਪਿੱਛੇ ਪਾ ਦਿੱਤੀਆਂ ਗਈਆਂ ਜੋ ਟੋਕੀਓ ’ਚ ਕੋਵਿਡ ਦੌਰਾਨ 2021 ਵਿੱਚ ਹੋਈਆਂ। 35 ਸਾਲ ਤੋਂ ਵਡੇਰੀ ਉਮਰ ਦੀ ਹੋ ਕੇ ਤੇ ਇੱਕ ਧੀ ਦੀ ਮਾਂ ਬਣ ਕੇ ਫੇਲਿਕਸ ਨੇ ਆਖ਼ਰੀ ਵਾਰ ਉਲੰਪਿਕ ਖੇਡਾਂ ’ਚ ਭਾਗ ਲਿਆ। ਉੱਥੇ ਉਸ ਨੇ 2 ਮੈਡਲ ਜਿੱਤੇ ਤੇ ਕੁਲ 11 ਉਲੰਪਿਕ ਮੈਡਲ ਜਿੱਤ ਕੇ ਬਸ ਕੀਤੀ। ਹੁਣ ਉਸ ਦੇ ਇੱਕ ਧੀ ਤੇ ਇੱਕ ਪੁੱਤ, ਦੋ ਬੱਚੇ ਹਨ ਜੋ ਪਰਿਵਾਰ ਸਮੇਤ ਲਾਸ ਏਂਜਲਜ ਵਿੱਚ ਰਹਿ ਰਹੇ ਹਨ।

ਫੇਲਿਕਸ ਦੇ ਜੀਵਨ ਵਿੱਚ ਸੁੱਖ ਵੀ ਆਏ ਤੇ ਦੁੱਖ ਵੀ ਆਏ। ਜਿੱਤਾਂ ਵੀ ਮਿਲੀਆਂ ਤੇ ਹਾਰਾਂ ਵੀ ਹੋਈਆਂ, ਪਰ ਉਹ ਹਰ ਹਾਲਤ ਵਿੱਚ ਅਡੋਲ ਰਹੀ। ਉਹ ਚੋਟੀ ਦੀ ਦੌੜਾਕ ਸੀ, ਪਤੀਵਰਤਾ ਪਤਨੀ, ਦੋ ਬੱਚਿਆਂ ਦੀ ਪਿਆਰੀ ਮਾਂ ਤੇ ਕਾਰਪੋਰੇਟਾਂ ਨਾਲ ਲੜਨ ਵਾਲੀ ਜੁਝਾਰੂ ਔਰਤ ਹੈ। ਉਹ ਸਿਆਹਫਾਮ ਔਰਤਾਂ ਦੇ ਹੱਕਾਂ ਲਈ ਲੜੀ ਅਤੇ ਨਾਰੀ ਸ਼ਕਤੀ ਦਾ ਪੱਖ ਪੂਰਿਆ। ਉਸ ਨੇ ਨੀਕ ਦੇ ਮੁਕਾਬਲੇ ਆਪਣਾ ਫੁਟਵੇਅਰ ਬਰਾਂਡ ਸੇਸ਼ ਸ਼ੁਰੂ ਕੀਤਾ ਤੇ ਉਸੇ ਦੇ ਬਣਾਏ ਸਪਾਈਕਸ ਟੋਕੀਓ ਦੀਆਂ ਓਲੰਪਿਕ ਖੇਡਾਂ ਵਿੱਚ ਪਹਿਨੇ। ਉਸ ਦਾ ਜੀਵਨ ਦ੍ਰਿੜਤਾ, ਲਗਨ, ਸਮਰਥਨ, ਸੰਘਰਸ਼ ਤੇ ਸੰਤੁਲਨ ਦਾ ਸਰੂਪ ਹੈ।

ਜੂਨ 2021 ਦੀਆਂ ਉਲੰਪਿਕ ਖੇਡਾਂ ਸਮੇਂ ਉਹ 35 ਸਾਲਾਂ ਤੋਂ ਟੱਪ ਚੁੱਕੀ ਸੀ ਤੇ ਵੈਟਰਨ ਖਿਡਾਰਨ ਬਣ ਚੁੱਕੀ ਸੀ। ਸਪਰਿੰਟਰ ਬਹੁਤਾ ਲੰਮਾ ਸਮਾਂ ਦੌੜਦੇ ਨਹੀਂ ਰਹਿ ਸਕਦੇ, ਪਰ ਧੰਨ ਹੈ ਐਲੀਸਨ ਫੇਲਿਕਸ ਜੋ 1997 ਤੋਂ 2022 ਤੱਕ 25 ਸਾਲ ਸਰਗਰਮ ਦੌੜਾਕ ਬਣੀ ਰਹੀ। ਤਦੇ ਤਾਂ ਕਿਹਾ ਜਾਂਦੈ ਕਿ ਬੰਦੇ ਦੇ ਜ਼ੋਰ, ਜੇਰੇ ਤੇ ਜੁਗਤ ਦਾ ਕੋਈ ਸਿਰਾ ਨਹੀਂ।



# ਦਿਲਜੀਤ ਦੋਸਾਂਝ ਨੇ 'ਔਰਾ ਟੂਰ' ਰਾਹੀਂ ਕਮਾਏ ਰਿਕਾਰਡ 267 ਕਰੋੜ

## ਆਪਣਾ ਹੀ ਰਿਕਾਰਡ ਤੋੜ ਕੇ ਦਿਲਜੀਤ ਨੇ ਮੁੜ ਰਚਿਆ ਇਤਿਹਾਸ, ਪੱਛਮੀ ਦੇਸ਼ਾਂ 'ਚ ਵਜਾਇਆ ਪੰਜਾਬੀਅਤ ਦਾ ਡੰਕਾ

### ਲਾਸ ਏਂਜਲਸ ਵਿੱਚ ਮਨਾਇਆ ਜਾਵੇਗਾ 'ਦਲਜੀਤ ਦੋਸਾਂਝ ਦਿਵਸ'



ਪੰਜਾਬੀ ਮਿਊਜ਼ਿਕ ਇੰਡਸਟਰੀ ਦੇ 'ਗਲੋਬਲ ਸਟਾਰ' ਦਿਲਜੀਤ ਦੋਸਾਂਝ ਦੀ ਸਫ਼ਲਤਾ ਦਾ ਰੱਥ ਜਿਸ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਉਹ ਨਾ ਸਿਰਫ਼ ਸੰਗੀਤ ਜਗਤ ਬਲਕਿ ਸਮੁੱਚੀ ਪੰਜਾਬੀ ਕੌਮ ਲਈ ਇੱਕ ਇਤਿਹਾਸਕ ਮੀਲ ਪੱਥਰ ਹੈ। ਦਿਲਜੀਤ ਨੇ ਇੱਕ ਵਾਰ ਫ਼ਿਰ ਅੰਤਰਰਾਸ਼ਟਰੀ ਪੱਧਰ 'ਤੇ ਉਹ ਮੁਕਾਮ ਹਾਸਲ ਕਰ ਲਿਆ ਹੈ, ਜਿਸ ਦੀ ਕਲਪਨਾ ਵੀ ਪਹਿਲਾਂ ਕਿਸੇ ਭਾਰਤੀ ਕਲਾਕਾਰ ਨੇ ਨਹੀਂ ਸੀ ਕੀਤੀ। ਆਪਣੀ ਸਫ਼ਲਤਾ ਦੇ ਸਿਖਰ 'ਤੇ ਪਹੁੰਚ ਕੇ ਉਨ੍ਹਾਂ ਨੇ ਕਿਸੇ ਹੋਰ ਦਾ ਨਹੀਂ, ਬਲਕਿ ਆਪਣਾ ਹੀ ਸਭ ਤੋਂ ਵੱਡਾ ਰਿਕਾਰਡ ਤੋੜ ਕੇ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਂਅ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾ ਲਿਆ ਹੈ। ਉਨ੍ਹਾਂ ਦਾ ਨਵਾਂ 'ਔਰਾ ਵਰਲਡ ਟੂਰ' ਹੁਣ ਉੱਤਰੀ ਅਮਰੀਕਾ ਵਿੱਚ ਕਿਸੇ ਵੀ ਪੰਜਾਬੀ ਕਲਾਕਾਰ ਵੱਲੋਂ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਵੱਧ ਕਮਾਈ ਕਰਨ ਵਾਲਾ ਟੂਰ ਬਣ ਗਿਆ ਹੈ, ਜਿਸ ਨੇ ਪੱਛਮੀ ਦੇਸ਼ਾਂ ਵਿੱਚ ਭਾਰਤੀ ਸੰਗੀਤ ਦੀ ਤਾਕਤ ਦਾ ਲੋਹਾ ਮਨਵਾਇਆ ਹੈ।

ਜੇਕਰ ਦਿਲਜੀਤ ਦੋਸਾਂਝ ਦੀ ਵਿਸ਼ਵ ਪੱਧਰੀ ਮਕਬੂਲੀਅਤ ਦੇ ਕਾਰਨਾਂ ਅਤੇ ਉਨ੍ਹਾਂ ਦੀਆਂ ਖ਼ਾਸੀਅਤਾਂ 'ਤੇ ਨਜ਼ਰ ਮਾਰੀਏ, ਤਾਂ ਸਭ ਤੋਂ ਵੱਡੀ ਵਜ੍ਹਾ ਉਨ੍ਹਾਂ ਦੀ ਜੜ੍ਹਾਂ ਨਾਲ ਜੁੜੇ ਰਹਿਣ ਦੀ ਪ੍ਰਵਿਰਤੀ ਹੈ। ਦਿਲਜੀਤ ਨੇ ਕਦੇ ਵੀ ਗਲੋਬਲ ਹੋਣ ਲਈ ਆਪਣੀ ਪੰਜਾਬੀ ਪਛਾਣ, ਪੱਗ ਅਤੇ ਦੇਸੀ ਅੰਦਾਜ਼ ਨਾਲ ਸਮਝੌਤਾ ਨਹੀਂ ਕੀਤਾ, ਬਲਕਿ ਇਸੇ ਪਛਾਣ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਬਣਾਇਆ। ਉਨ੍ਹਾਂ ਦੇ ਸੰਗੀਤ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ, ਜਿਸ ਨੂੰ ਉਹ ਬੇਹੱਦ ਆਧੁਨਿਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੰਗੀਤਕ ਪ੍ਰੋਡਕਸ਼ਨ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀ ਦੂਜੀ ਵੱਡੀ ਖ਼ਾਸੀਅਤ ਉਨ੍ਹਾਂ ਦਾ ਨਿਮਰ ਸੁਭਾਅ ਅਤੇ ਸਟੇਜ 'ਤੇ ਪ੍ਰਸ਼ੰਸਕਾਂ ਨਾਲ ਬੇਮਿਸਾਲ ਤਾਲਮੇਲ ਹੈ। ਉਹ ਜਿੰਨੀ ਸਹਿਜਤਾ ਨਾਲ ਗਾਉਂਦੇ ਹਨ, ਉਨੇ ਹੀ ਸਰਲ ਅੰਦਾਜ਼ ਵਿੱਚ ਲੋਕਾਂ ਦੇ ਦਿਲਾਂ ਵਿੱਚ ਉਤਰ ਜਾਂਦੇ ਹਨ। ਇਹੀ ਕਾਰਨ ਹੈ ਕਿ ਅੱਜ ਨਾ ਸਿਰਫ਼ ਪੰਜਾਬੀ, ਬਲਕਿ ਗੈਰ-ਪੰਜਾਬੀ ਅਤੇ ਵਿਦੇਸ਼ੀ ਲੋਕ ਵੀ ਉਨ੍ਹਾਂ ਦੀ ਬੋਲੀ ਨੂੰ ਸਮਝੇ ਬਿਨਾਂ ਉਨ੍ਹਾਂ ਦੀ ਗਾਇਕੀ ਅਤੇ ਊਰਜਾ ਦੇ ਦੀਵਾਨੇ ਹੋ ਚੁੱਕੇ ਹਨ।

ਇਸੇ ਦੀਵਾਨਗੀ ਸਦਕਾ ਸਾਂ ਫ਼ਰਾਂਸਿਸਕੋ ਦੇ 'ਚੇਜ਼ ਸੈਂਟਰ' ਵਿੱਚ ਖ਼ਤਮ ਹੋਏ 'ਔਰਾ ਵਰਲਡ ਟੂਰ' ਨੇ ਕਮਾਈ ਅਤੇ ਭੀੜ ਦੇ ਮਾਮਲੇ ਵਿੱਚ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਦਿਲਜੀਤ ਨੇ ਇਸ ਟੂਰ ਦੌਰਾਨ ਅਮਰੀਕਾ ਅਤੇ ਕੈਨੇਡਾ ਦੇ 15 ਪ੍ਰਮੁੱਖ ਸ਼ਹਿਰਾਂ—ਜਿਵੇਂ ਕਿ ਵੈਨਕੂਵਰ, ਟੋਰਾਂਟੋ, ਨਿਊਯਾਰਕ, ਐਡਮੰਟਨ ਅਤੇ ਵਿਨੀਪੈਗ ਵਿੱਚ ਲਗਾਤਾਰ ਅਜਿਹੇ ਸ਼ੋਅ ਕੀਤੇ, ਜਿਨ੍ਹਾਂ ਦੀਆਂ ਸਾਰੀਆਂ ਟਿਕਟਾਂ ਮਿੰਟਾਂ ਵਿੱਚ ਵਿਕ ਗਈਆਂ। ਇਸ ਟੂਰ ਨੇ ਉਨ੍ਹਾਂ ਦੇ ਸਾਲ 2024 ਦੇ 'ਦਿਲ-ਲੂਮੀਨਾਟੀ ਟੂਰ' ਦੀ 27 ਮਿਲੀਅਨ ਡਾਲਰ (ਲਗਭਗ 225 ਕਰੋੜ ਰੁਪਏ) ਦੀ ਕਮਾਈ ਨੂੰ ਪਿੱਛੇ ਛੱਡਦਿਆਂ, 32 ਮਿਲੀਅਨ ਡਾਲਰ ਯਾਨੀ ਲਗਭਗ 267 ਕਰੋੜ ਰੁਪਏ ਦੀ ਬੰਪਰ ਕਮਾਈ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸ ਸ਼ਾਨਦਾਰ ਸਫ਼ਰ ਦੌਰਾਨ 2,25,000 ਤੋਂ ਵੱਧ ਪ੍ਰਸ਼ੰਸਕਾਂ ਨੇ ਲਾਈਵ ਸ਼ੋਅ ਦਾ ਆਨੰਦ ਮਾਣਿਆ।

ਕਾਮਯਾਬੀ ਦਾ ਇਹ ਸਿਲਸਿਲਾ ਸਿਰਫ਼ ਕਮਾਈ ਤੱਕ ਸੀਮਤ ਨਹੀਂ ਹੈ, ਬਲਕਿ ਇਹ ਸੱਭਿਆਚਾਰਕ ਮਾਨਤਾ ਦੇ ਸਰਵਉੱਚ ਸ਼ਿਖਰ 'ਤੇ ਪਹੁੰਚ ਗਿਆ ਹੈ। ਪਿਛਲੇ ਹਫ਼ਤੇ ਲਾਸ ਏਂਜਲਸ ਸਿਟੀ ਕੌਂਸਲ ਨੇ ਇੱਕ ਇਤਿਹਾਸਕ ਫ਼ੈਸਲਾ ਲੈਂਦੇ ਹੋਏ 6 ਜਨਵਰੀ 2027 ਨੂੰ ਅਧਿਕਾਰਤ ਤੌਰ 'ਤੇ 'ਦਿਲਜੀਤ ਦੋਸਾਂਝ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ, ਜੋ ਕਿਸੇ ਵੀ ਭਾਰਤੀ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ।

ਆਪਣੀ ਇਸ ਪ੍ਰਾਪਤੀ 'ਤੇ ਭਾਵੁਕ ਹੁੰਦੇ ਹੋਏ ਦਿਲਜੀਤ ਨੇ ਵੀ ਪ੍ਰਸ਼ੰਸਕਾਂ ਦਾ ਧੰਨਵਾਦ ਕਰਦਿਆਂ ਲਿਖਿਆ ਕਿ ਅਸੀਂ ਸਟੇਡੀਅਮਾਂ ਅਤੇ ਇਤਿਹਾਸਕ ਥਾਵਾਂ 'ਤੇ ਪਰਫ਼ਾਰਮ ਕੀਤਾ ਅਤੇ ਹੁਣ ਲਾਸ ਏਂਜਲਸ ਸ਼ਹਿਰ ਨੇ ਸਾਡੇ ਨਾਂਅ 'ਤੇ ਦਿਨ ਐਲਾਨ ਦਿੱਤਾ ਹੈ।

ਅਮਰੀਕਾ ਅਤੇ ਕੈਨੇਡਾ ਵਿੱਚ ਪੰਜਾਬੀਅਤ ਦਾ ਡੰਕਾ ਵਜਾਉਣ ਤੋਂ ਬਾਅਦ ਹੁਣ ਦਿਲਜੀਤ ਦਾ ਅਗਲਾ ਨਿਸ਼ਾਨਾ ਲੰਡਨ ਨੂੰ ਫ਼ਤਿਹ ਕਰਨਾ ਹੈ। ਆਉਣ ਵਾਲੀ 12 ਸਤੰਬਰ ਨੂੰ ਉਹ ਲੰਡਨ ਦੇ ਇਤਿਹਾਸਕ ਵੈਂਬਲੇ ਸਟੇਡੀਅਮ ਵਿੱਚ ਇੱਕ ਹੋਰ ਵੱਡਾ ਕੰਸਰਟ ਕਰਨ ਜਾ ਰਹੇ ਹਨ, ਜਿਸ ਦੀਆਂ ਸਾਰੀਆਂ ਟਿਕਟਾਂ ਪਹਿਲਾਂ ਹੀ ਵਿਕ ਚੁੱਕੀਆਂ ਹਨ।




## ਮੈਂ ਕਲਾਕਾਰ ਹਾਂ, ਸਿਆਸਤਦਾਨ ਨਹੀਂ: ਦਿਲਜੀਤ ਦੋਸਾਂਝ

ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਨੇ ਕਾਕਰੋਚ ਜਨਤਾ ਪਾਰਟੀ ਦੇ ਜੰਤਰ-ਮੰਤਰ 'ਤੇ ਚੱਲ ਰਹੇ ਵਿਰੋਧ ਪ੍ਰਦਰਸ਼ਨ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ, ਇਹ ਕਹਿੰਦੇ ਹੋਏ ਕਿ ਉਹ ਇੱਕ ਕਲਾਕਾਰ ਹਨ, ਸਿਆਸਤਦਾਨ ਨਹੀਂ। ਦਿਲਜੀਤ ਨੇ ਇੱਕ ਇੰਸਟਾਗ੍ਰਾਮ ਲਾਈਵ ਸੈਸ਼ਨ ਕੀਤਾ ਜਿੱਥੇ ਉਸਨੇ ਆਪਣੇ ਪ੍ਰਸ਼ੰਸਕਾਂ ਦੇ ਕਈ ਸਵਾਲਾਂ ਦੇ ਜਵਾਬ ਦਿੱਤੇ।

ਇਹ ਪੁੱਛੇ ਜਾਣ 'ਤੇ ਕਿ ਕੀ ਉਹ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਅਤੇ ਨੀਟ ਪੇਪਰ-ਲੀਕ ਵਿਵਾਦ 'ਤੇ ਕਾਕਰੋਚ ਜਨਤਾ ਪਾਰਟੀ ਦੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਗੇ ਤਾਂ ਇਸ 'ਤੇ ਦਿਲਜੀਤ ਨੇ ਕਿਹਾ, 'ਮੈਨੂੰ ਇਸ ਸਭ ਤੋਂ ਦੂਰ ਰੱਖੋ... ਭਰਾ, ਮੈਂ ਇੱਕ ਕਲਾਕਾਰ ਹਾਂ। ਮੈਂ ਕੋਈ ਸਿਆਸਤਦਾਨ ਨਹੀਂ ਹਾਂ, ਮੈਨੂੰ ਨਹੀਂ ਪਤਾ ਕਿ ਤੁਸੀਂ ਮੈਨੂੰ ਕੀ ਸਮਝਦੇ ਹੋ।' ਫਿਰ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਸਿੱਧ ਵਾਕੰਸ਼ ਦਾ ਹਵਾਲਾ ਦਿੱਤਾ - 'ਨਾਨਕ ਦੁਖੀਆ ਸਭ ਸੰਸਾਰ, ਸੋ ਸੁਖੀਆ ਜਿਸ ਨਾਮ ਆਧਾਰ', ਜਿਸਦਾ ਅਰਥ ਹੈ ਕਿ ਦੁਨੀਆ ਵਿੱਚ ਹਰ ਕੋਈ ਦੁੱਖ ਨਾਲ ਜੂਝ ਰਿਹਾ ਹੈ, ਸਿਰਫ ਉਹੀ ਖੁਸ਼ ਹਨ ਜੋ ਪਰਮਾਤਮਾ 'ਤੇ ਭਰੋਸਾ ਕਰਦੇ ਹਨ। ਉਨ੍ਹਾਂ ਕਿਹਾ, 'ਦੇਖੋ, ਇਸ ਦੁਨੀਆ ਵਿੱਚ ਸਭ ਕੁਝ ਕਦੇ ਵੀ ਸਹੀ ਨਹੀਂ ਹੋ ਸਕਦਾ... ਇਸ ਲਈ, ਜੋ ਲੋਕ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਵਧਾਈਆਂ, ਅਤੇ ਜਿਨ੍ਹਾਂ ਲਈ ਵਿਰੋਧ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਵਧਾਈਆਂ, ਕਿਉਂਕਿ ਮੈਨੂੰ ਕੁਝ ਨਹੀਂ ਪਤਾ।'

ਜ਼ਿਕਰਯੋਗ ਹੈ ਕਿ ਉਹ ਇਸ ਤੋਂ ਪਹਿਲਾਂ ਲੰਡਨ ਦੇ ਅਰੇਨਾ ਵਿੱਚ ਵੀ ਸਭ ਤੋਂ ਵੱਧ ਟਿਕਟਾਂ ਵੇਚਣ ਵਾਲੇ ਪਹਿਲੇ ਦੱਖਣੀ ਏਸ਼ੀਆਈ ਕਲਾਕਾਰ ਬਣਨ ਦਾ ਮਾਣ ਹਾਸਲ ਕਰ ਚੁੱਕੇ ਹਨ।

ਦਿਲਜੀਤ ਦੋਸਾਂਝ ਦੀ ਇਹ ਸਫ਼ਲਤਾ ਸਿਰਫ਼ ਇੱਕ ਵਿਅਕਤੀ ਦੀ ਤਰੱਕੀ ਨਹੀਂ, ਬਲਕਿ ਪੰਜਾਬੀ ਭਾਸ਼ਾ, ਸੰਸਕ੍ਰਿਤੀ ਅਤੇ ਕਲਾ ਦੀ ਗਲੋਬਲ ਸਵੀਕਾਰਤਾ ਦਾ ਪ੍ਰਤੀਕ ਹੈ, ਜੋ ਆਉਣ ਵਾਲੀਆਂ ਨਸਲਾਂ ਨੂੰ ਆਪਣੀ ਬੋਲੀ 'ਤੇ ਮਾਣ ਕਰਨਾ ਸਿਖਾਉਂਦੀ ਹੈ।

# ਜਦੋਂ ਗਾਇਕ ਕੰਠ ਕਲੇਰ ਨੇ ਪਹਿਲੀ ਕਮਾਈ ਬਾਪੂ ਦੀ ਤਲੀ 'ਤੇ ਧਰੀ





ਪੰਜਾਬ ਤੇ ਪੰਜਾਬੀਅਤ ਦਾ ਮਾਣ ਮੰਨੇ ਜਾਂਦੇ ਗਾਇਕ ਕੰਠ ਕਲੇਰ ਅੱਜ ਕਿਸੇ ਵੀ ਪਛਾਣ ਦੇ ਮੁਥਾਜ ਨਹੀਂ ਹਨ। ਹਾਲਾਂਕਿ ਉਨ੍ਹਾਂ ਨੂੰ ਇੱਥੇ ਤੱਕ ਪਹੁੰਚਣ ਲਈ ਕਾਫੀ ਸੰਘਰਸ਼ ਕਰਨਾ ਪਿਆ। ਕੰਠ ਕਲੇਰ ਨੇ ਇੱਕ ਇੰਟਰਵਿਊ ਦੌਰਾਨ ਆਪਣੇ ਸੰਘਰਸ਼ ਦੇ ਦਿਨਾਂ ਤੇ ਆਪਣੀ ਪਹਿਲੀ ਕਮਾਈ ਨਾਲ ਜੁੜਿਆ ਇੱਕ ਬਹੁਤ ਹੀ ਭਾਵੁਕ ਕਿੱਸਾ ਸਾਂਝਾ ਕੀਤਾ ਹੈ। ਗੱਲਬਾਤ ਦੌਰਾਨ ਗਾਇਕ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਟੇਪ 'ਨਿਗਾਹਾ ਬਦਲ ਗਈ' ਰਿਲੀਜ਼ ਹੋਈ ਸੀ, ਤਾਂ ਕੰਪਨੀ ਨੇ ਉਨ੍ਹਾਂ ਨੂੰ ਖੁਸ਼ ਹੋ ਕੇ 20 ਹਜ਼ਾਰ ਰੁਪਏ ਦਿੱਤੇ ਸਨ।

ਗਾਇਕ ਨੇ ਯਾਦ ਕਰਦਿਆਂ ਦੱਸਿਆ ਕਿ ਜਦੋਂ ਉਹ ਇਹ ਪੈਸੇ ਲੈ ਕੇ ਘਰ ਪਹੁੰਚੇ ਤਾਂ ਸਾਰਾ ਪਰਿਵਾਰ ਫਰਸ਼ 'ਤੇ ਬੈਠ ਕੇ ਦੁਪਹਿਰ ਦੀ ਰੋਟੀ ਖਾ ਰਿਹਾ ਸੀ ਅਤੇ ਮੈਂ ਜਿਵੇਂ ਹੀ ਆਪਣੇ ਬੈਗ ਵਿੱਚੋਂ 10 ਹਜ਼ਾਰ ਰੁਪਏ ਦੀ ਇੱਕ ਥੱਦੀ ਕੱਢ ਕੇ ਆਪਣੇ ਪਿਤਾ ਦੀ ਤਲੀ 'ਤੇ ਰੱਖੀ ਤਾਂ ਉਹ ਭਾਵੁਕ ਹੋ ਗਏ, ਕਿਉਂਕਿ ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਵਿੱਚ ਕਦੇ ਵੀ 10 ਹਜ਼ਾਰ ਰੁਪਏ ਇਕੱਠੇ ਦੇਖੇ ਹੀ ਨਹੀਂ ਸਨ। ਫਿਰ ਮੈਂ ਇੱਕ ਹੋਰ 10 ਹਜ਼ਾਰ ਦੀ ਥੱਦੀ ਕੱਢ ਕੇ ਉਨ੍ਹਾਂ ਅੱਗੇ ਰੱਖ ਦਿੱਤੀ। ਇਹ ਸਭ ਵੇਖ ਕੇ ਉਹ ਖੁਸ਼ ਵੀ ਬਹੁਤ ਹੋਏ। ਗਾਇਕ ਨੇ ਅੱਗੇ ਦੱਸਿਆ ਕਿ ਜੇਕਰ ਉਹ ਅੱਜ ਵੀ ਕਦੇ ਆਪਣੇ ਪਿਤਾ ਦੇ ਖਾਤੇ ਵਿੱਚ 10 ਲੱਖ ਰੁਪਏ ਵੀ ਜਮ੍ਹਾਂ ਕਰਵਾ ਦੇਣ ਤਾਂ ਉਹ ਕਹਿੰਦੇ ਹਨ ਠੀਕ ਹੈ ਪਰ ਓਨਾ ਸਵਾਦ ਨਹੀਂ ਆਇਆ ਜਿੰਨਾ ਉਸ 10 ਹਜ਼ਾਰ ਰੁਪਏ ਦਾ ਸੀ।

ਆਪਣੇ ਪਰਿਵਾਰਕ ਪਿਛੋਕੜ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਇੱਕ ਛੋਟੀ ਜਿਹੀ ਦੁਕਾਨ ਹੁੰਦੀ ਸੀ ਅਤੇ ਉਨ੍ਹਾਂ ਮੱਝਾਂ ਰੱਖੀਆਂ ਹੋਈਆਂ ਸਨ। ਮਾਤਾ ਨੇ ਮੱਝਾਂ ਦਾ ਦੁੱਧ ਵੇਚ ਕੇ ਅਤੇ ਪੱਠੇ ਵੱਢ ਕੇ ਸਾਨੂੰ ਸਾਰਿਆਂ ਨੂੰ ਪੜ੍ਹਾਇਆ ਸੀ। ਉਨ੍ਹਾਂ ਦੇ ਪਿਤਾ ਹਮੇਸ਼ਾ ਕਹਿੰਦੇ ਸਨ ਕਿ ਉਹ ਸਿਰਫ਼ ਰੋਟੀ ਦੇ ਸਕਦੇ ਹਨ, ਜੇਕਰ ਚੰਗੇ ਕੱਪੜੇ ਜਾਂ ਜੁੱਤੀਆਂ ਚਾਹੀਦੀਆਂ ਹਨ ਤਾਂ ਉਹ ਮਿਹਨਤ ਕਰਕੇ ਖੁਦ ਕਮਾਉਣੀਆਂ ਪੈਣਗੀਆਂ।

4 ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੇ ਹੋਣ ਕਾਰਨ ਕੰਠ ਕਲੇਰ 'ਤੇ ਪਰਿਵਾਰ ਦੀ ਭਾਰੀ ਵੀ ਜ਼ਿੰਮੇਵਾਰੀ ਸੀ। ਮੇਰੇ ਅੰਦਰ ਮਿਹਨਤ ਕਰਨ ਦਾ ਜਜ਼ਬਾ ਬਹੁਤ ਸੀ ਅਤੇ ਮਾਲਕ ਵੀ ਮੇਰੇ ਲਈ ਰਾਹ ਬਣਾਉਂਦਾ ਰਿਹਾ। ਉਨ੍ਹਾਂ ਨੇ ਸਾਂਝਾ ਕੀਤਾ ਕਿ ਮਿਹਨਤ ਦੇ ਇਸ ਜਜ਼ਬੇ ਕਾਰਨ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਉਨ੍ਹਾਂ ਦੀ ਜਵਾਨੀ ਕਦੋਂ ਲੰਘ ਗਈ, ਕਿਉਂਕਿ ਉਨ੍ਹਾਂ ਕੋਲ ਹੋਰਨਾਂ ਵਾਂਗ ਜਵਾਨੀ ਦੀਆਂ ਮੌਜ-ਮਸਤੀ ਵਾਲੀਆਂ ਕਹਾਣੀਆਂ ਨਹੀਂ ਹਨ।

## ਬਦਲ ਰਿਹਾ ਹੈ ਪੰਜਾਬ

ਹਾਲਾਂਕਿ, ਜ਼ਮੀਨੀ ਪੱਧਰ 'ਤੇ ਅਜਿਹੀਆਂ ਰਿਪੋਰਟਾਂ ਵੀ ਹਨ ਕਿ ਕੁਝ ਸੁਤੰਤਰ ਗੁਰਦੁਆਰਾ ਕਮੇਟੀਆਂ ਅਤੇ ਸਿੰਘ ਸਭਾਵਾਂ ਅਜੇ ਇਸ ਫੈਸਲੇ ਨੂੰ ਮੰਨਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹਨ। ਜੇਕਰ ਆਗਾਮੀ ਚੋਣਾਂ ਤੋਂ ਬਾਅਦ 'ਆਪ' ਸਰਕਾਰ ਮੁੜ ਸੱਤਾ ਵਿੱਚ ਆ ਜਾਂਦੀ ਹੈ, ਤਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਇਸ ਆਦੇਸ਼ ਦੇ ਪ੍ਰਭਾਵ ਅਤੇ ਹੋਂਦ ਨੂੰ ਲੈ ਕੇ ਭਵਿੱਖ ਵਿੱਚ ਕਈ ਨਵੀਆਂ ਪਿਰਤਾਂ ਪੈਣਗੀਆਂ ਅਤੇ ਇਤਿਹਾਸਕ ਸਵਾਲ ਖੜ੍ਹੇ ਹੋਣਗੇ।

ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਨਿਤਿਨ ਨਬੀਨ ਵੱਲੋਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਦੇ ਕੀਤੇ ਦੌਰਿਆਂ ਨੇ ਪਾਰਟੀ ਵਰਕਰਾਂ ਵਿੱਚ ਨਵਾਂ ਉਤਸ਼ਾਹ ਤਾਂ ਭਰਿਆ ਹੈ, ਪਰ ਜ਼ਮੀਨੀ ਹਕੀਕਤ ਇਹ ਦੱਸਦੀ ਹੈ ਕਿ ਭਾਜਪਾ ਕੋਲ ਅਜੇ ਵੀ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਲਈ ਮਜ਼ਬੂਤ ਉਮੀਦਵਾਰ ਮੌਜੂਦ ਨਹੀਂ ਹਨ।

ਇਸ ਦੌਰਾਨ ਕਾਂਗਰਸ ਪਾਰਟੀ ਅੰਦਰੂਨੀ ਫੁੱਟ ਅਤੇ ਮੁੱਖ ਮੰਤਰੀ ਅਹੁਦੇ ਦੇ ਪੰਜ ਸਵੈ-ਘੋਸ਼ਿਤ ਦਾਅਵੇਦਾਰਾਂ ਦੀ ਲੜਾਈ ਨਾਲ ਜੂਝ ਰਹੀ ਹੈ, ਭਾਵੇਂ ਕਿ ਹਾਲ ਹੀ ਦੀਆਂ ਸਥਾਨਕ ਚੋਣਾਂ ਵਿੱਚ ਦੂਜੇ ਨੰਬਰ 'ਤੇ ਰਹਿ ਕੇ ਉਸ ਨੇ ਇਹ ਸਾਬਤ ਕੀਤਾ ਹੈ ਕਿ ਲੋਕਾਂ ਦੇ ਮਨਾਂ ਵਿੱਚ ਕਾਂਗਰਸ ਦੀ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦੀ ਇੱਕ ਚੰਗਿਆੜੀ ਅਜੇ ਵੀ ਬਾਕੀ ਹੈ। ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਕੀ ਪੰਜਾਬ ਦੇ ਲੋਕ ਉਨ੍ਹਾਂ ਨੂੰ 2015 ਦੇ ਬਰਗਾੜੀ ਬੇਅਦਬੀ ਕਾਂਡ ਦੇ ਗੁਨਾਹ ਲਈ ਮੁਆਫ਼ ਕਰ ਚੁੱਕੇ ਹਨ ? ਅਜਿਹੀ ਸਥਿਤੀ ਵਿੱਚ, ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਤੇਜ਼ ਹੈ ਕਿ 2020 ਦੇ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਈ ਕੜਵਾਹਟ ਨੂੰ ਭੁਲਾ ਕੇ ਭਾਜਪਾ ਅਤੇ ਅਕਾਲੀ ਦਲ ਆਖ਼ਰਕਾਰ ਮੁੜ ਗਲਵਕੜੀ ਪਾ ਸਕਦੇ ਹਨ, ਕਿਉਂਕਿ ਇਕੱਲੇ ਤੌਰ 'ਤੇ ਦੋਵੇਂ ਪਾਰਟੀਆਂ ਪੈਰ ਜਮਾਉਣ ਦੀ ਹਾਲਤ ਵਿੱਚ ਨਹੀਂ ਹਨ। ਇਸ ਦੇ ਨਾਲ ਹੀ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਵੀ ਚੋਣ ਮੈਦਾਨ ਵਿੱਚ ਇੱਕ ਤੀਖਣ ਅਨਿਸ਼ਚਿਤਤਾ ਪੈਦਾ ਕਰ ਰਹੀ ਹੈ।

ਸਿਆਸੀ ਪਾਰਟੀਆਂ ਭਾਵੇਂ ਆਪਣੇ ਅੱਜ ਨੂੰ ਚਮਕਾਉਣ ਲਈ ਇਤਿਹਾਸ ਦਾ ਸਹਾਰਾ ਲੈ ਰਹੀਆਂ ਹਨ—ਜਿਵੇਂ 'ਆਪ' ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਂਅ ਦੀ ਵਰਤੋਂ ਅਤੇ ਭਾਜਪਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ 'ਸਰਕਾਰ-ਏ-ਖ਼ਾਲਸਾ' ਦੀ ਦੁਹਾਈ—ਪਰ ਪੰਜਾਬ ਦੇ ਅਸਲ ਅਤੇ ਹਕੀਕੀ ਸੰਕਟ ਬੇਹੱਦ ਡਰਾਉਣੇ ਹਨ। ਭਾਰਤ-ਪਾਕਿਸਤਾਨ ਸਰਹੱਦ 'ਤੇ ਹਰ ਰੋਜ਼ ਰਾਡਾਰ ਦੀ ਅੱਖ ਤੋਂ ਬਚ ਕੇ ਨੀਵਾਂ ਉੱਡਣ ਵਾਲੇ ਆਧੁਨਿਕ ਡਰੋਨਾਂ ਰਾਹੀਂ ਹੈਰੋਇਨ ਅਤੇ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਭਾਰਤ ਵੱਲ ਧੱਕੀਆਂ ਜਾ ਰਹੀਆਂ ਹਨ। ਹਾਲ ਹੀ ਵਿੱਚ ਅੰਮ੍ਰਿਤਸਰ ਵਿਖੇ ਇੱਕ ਸਥਾਨਕ ਭਾਜਪਾ ਆਗੂ ਦੇ ਪੁੱਤਰ ਕੋਲੋਂ ਏ.ਕੇ. 47 ਸਮੇਤ 26 ਆਧੁਨਿਕ ਹਥਿਆਰਾਂ ਦੀ ਬਰਾਮਦਗੀ ਨੇ ਸਿਆਸਤ ਅਤੇ ਨਸ਼ਾ ਤਸਕਰੀ ਦੇ ਗੰਭੀਰ ਗਠਜੋੜ ਨੂੰ ਜਨਤਕ ਕੀਤਾ ਹੈ। ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ਲਾਘਾਯੋਗ ਜ਼ਰੂਰ ਹੈ, ਪਰ ਚਿੱਟੇ (ਹੈਰੋਇਨ) ਕਾਰਨ ਬਰਬਾਦ ਹੋ ਰਹੇ ਹੱਸਦੇ-ਖੇਡਦੇ ਪਰਿਵਾਰਾਂ ਨੂੰ ਬਚਾਉਣ ਲਈ ਸਿਰਫ਼ ਕਾਗਜ਼ੀ ਕਾਰਵਾਈਆਂ ਜਾਂ ਇੱਕ-ਦੂਜੇ 'ਤੇ ਦੋਸ਼ ਮੜ੍ਹਨ ਦੀ ਸਿਆਸਤ ਕਾਫ਼ੀ ਨਹੀਂ ਹੈ।

ਪ੍ਰਸਿੱਧ ਚਿੰਤਕ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦਾ ਗਰਾਫ਼ ਹੇਠਾਂ ਲਿਜਾਣ ਵਿੱਚ ਸਮੇਂ-ਸਮੇਂ ਦੀਆਂ ਸੱਤਾਧਾਰੀ ਧਿਰਾਂ ਅਤੇ ਅਫ਼ਸਰਸ਼ਾਹੀ ਦੀ ਵੱਡੀ ਭੂਮਿਕਾ ਰਹੀ ਹੈ। ਸਾਲ 1997 ਤੋਂ ਲੈ ਕੇ ਅੱਜ ਤੱਕ ਕਦੇ ਵੀ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਦੇ ਇਸ ਨਿਘਾਰ 'ਤੇ ਨਿੱਠ ਕੇ ਗੰਭੀਰ ਬਹਿਸ ਨਹੀਂ ਹੋਈ। ਪੰਜਾਬ ਦੀ ਨੁਹਾਰ ਬਦਲਣ ਲਈ ਦੂਸ਼ਣਬਾਜ਼ੀ ਦੀ ਸਿਆਸਤ, ਮੁਫ਼ਤ ਦੀਆਂ ਸੌਗਾਤਾਂ ਅਤੇ ਧਾਰਮਿਕ ਧਰੁਵੀਕਰਨ ਨੂੰ ਛੱਡ ਕੇ, ਸਾਰੀਆਂ ਸਿਆਸੀ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਇੱਕ ਵਿਆਪਕ ਅਤੇ ਠੋਸ ਆਰਥਿਕ ਰਣਨੀਤੀ ਬਣਾਉਣੀ ਪਵੇਗੀ, ਨਹੀਂ ਤਾਂ ਪੰਜਾਬ ਦਾ ਭਵਿੱਖ ਆਪਣੇ ਹੀ ਦਰਿਆਵਾਂ ਦੇ ਪਾਣੀਆਂ ਵਾਂਗ ਰਾਹਾਂ ਵਿੱਚ ਹੀ ਭਟਕ ਕੇ ਰਹਿ ਜਾਵੇਗਾ।

***

## ਅਮਰੀਕਾ ਦੀ 250ਵੀਂ ਵਰ੍ਹੇਗੰਢ

## ਮੌਕੇ 50 ਸੂਬਿਆਂ 'ਚ

ਇਸ ਤੋਂ ਪਹਿਲਾਂ ਦੇਸ਼ 100ਵੀਂ, 150ਵੀਂ ਅਤੇ 200ਵੀਂ ਵਰ੍ਹੇਗੰਢ ਮਨਾ ਚੁੱਕਾ ਹੈ। ਹੁਣ 'ਸੈਮੀਕੁਇਨਸੈਂਟੇਨੀਅਲ' ਦੇ ਰੂਪ ਵਿੱਚ ਮਨਾਇਆ ਗਿਆ ਇਹ ਸਮਾਰੋਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਅਮਰੀਕੀ ਇਤਿਹਾਸ ਦੇ ਸਭ ਤੋਂ ਯਾਦਗਾਰੀ ਆਯੋਜਨਾਂ ਵਿਚ ਸ਼ਾਮਲ ਰਹੇਗਾ।

### ਰਿਕਾਰਡ ਆਤਿਸ਼ਬਾਜ਼ੀ ਅਤੇ ਸੱਭਿਆਚਾਰਕ ਪ੍ਰੋਗਰਾਮ

ਆਜ਼ਾਦੀ ਦਿਹਾੜੇ 'ਤੇ ਅਮਰੀਕਾ ਵਿੱਚ ਹਰ ਸਾਲ ਹਜ਼ਾਰਾਂ ਆਤਿਸ਼ਬਾਜ਼ੀ ਪ੍ਰੋਗਰਾਮ ਆਯੋਜਿਤ ਹੁੰਦੇ ਹਨ ਪਰ ਇਸ ਵਾਰ ਦਾ ਆਯੋਜਨ ਹੁਣ ਤੱਕ ਦਾ ਸਭ ਤੋਂ ਸ਼ਾਨਦਾਰ ਦੱਸਿਆ ਜਾ ਰਿਹਾ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਵਿਸ਼ਾਲ ਆਤਿਸ਼ਬਾਜ਼ੀ, ਸੰਗੀਤ ਪ੍ਰੋਗਰਾਮ ਅਤੇ ਦੇਸ਼ ਭਗਤੀ ਨਾਲ ਜੁੜੇ ਸੱਭਿਆਚਾਰਕ ਆਯੋਜਨ ਹੋਏ ਹਨ। ਇਸ ਤੋਂ ਇਲਾਵਾ ਸਮਾਰੋਹਾਂ ਨੂੰ 2026 ਫੀਫਾ ਵਿਸ਼ਵ ਕੱਪ ਵਰਗੇ ਅੰਤਰਰਾਸ਼ਟਰੀ ਆਯੋਜਨਾਂ ਨਾਲ ਵੀ ਜੋੜਿਆ ਗਿਆ ਹੈ, ਜਿਸ ਕਾਰਨ ਵਿਸ਼ਵ ਪੱਧਰ 'ਤੇ ਵੀ ਇਸ ਦੀ ਚਰਚਾ ਹੈ।

### 13 ਕਾਲੋਨੀਆਂ ਤੋਂ ਵਿਸ਼ਵ ਮਹਾਸ਼ਕਤੀ ਤੱਕ

ਆਜ਼ਾਦੀ ਦੇ ਐਲਾਨ ਸਮੇਂ ਅਮਰੀਕਾ ਵਿਚ ਸਿਰਫ਼ 13 ਬ੍ਰਿਟਿਸ਼ ਕਾਲੋਨੀਆਂ ਅਤੇ ਲੱਗਭਗ 40 ਲੱਖ ਦੀ ਆਬਾਦੀ ਸੀ। ਅੱਜ ਇਹ 50 ਸੂਬਿਆਂ ਵਾਲਾ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਦੇਸ਼ਾਂ 'ਚੋਂ ਇੱਕ ਹੈ, ਜਿਸ ਦੀ ਆਬਾਦੀ ਲੱਗਭਗ 34 ਕਰੋੜ ਤੱਕ ਪਹੁੰਚ ਚੁੱਕੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ 250ਵੀਂ ਵਰ੍ਹੇਗੰਢ ਅਮਰੀਕਾ ਦੇ ਵਿਕਾਸ, ਲੋਕਤੰਤਰੀ ਸੰਸਥਾਵਾਂ ਅਤੇ ਵਿਸ਼ਵ ਪੱਧਰੀ ਭੂਮਿਕਾ ਦੇ ਲੰਬੇ ਸਫ਼ਰ ਦਾ ਪ੍ਰਤੀਕ ਹੈ।

### ਭਿਆਨਕ ਲੂ ਵਿਚਾਲੇ ਆਜ਼ਾਦੀ ਦਿਹਾੜੇ ਦੇ ਕਈ ਸਮਾਰੋਹ ਬਦਲੇ

ਅਮਰੀਕਾ ਦੇ ਆਜ਼ਾਦੀ ਦਿਹਾੜੇ 'ਤੇ ਕਈ ਸਮਾਰੋਹ ਇਸ ਵਾਰ ਭਿਆਨਕ ਗਰਮੀ ਦੀ ਲਪੇਟ 'ਚ ਆ ਗਏ। ਦੇਸ਼ ਦੇ ਮੱਧ ਅਤੇ ਪੂਰਬੀ ਹਿੱਸਿਆਂ 'ਚ ਪੈ ਰਹੀ ਤੇਜ਼ ਲੂ ਅਤੇ ਬਹੁਤ ਜ਼ਿਆਦਾ ਤਾਪਮਾਨ ਕਾਰਨ ਕਈ ਸ਼ਹਿਰਾਂ ਵਿਚ ਪਰੇਡ, ਸੱਭਿਆਚਾਰਕ ਪ੍ਰੋਗਰਾਮ, ਸੰਗੀਤ ਸਮਾਰੋਹ ਅਤੇ ਆਤਿਸ਼ਬਾਜ਼ੀ ਦੇ ਆਯੋਜਨਾਂ ਨੂੰ ਰੱਦ, ਮੁਲਤਵੀ ਜਾਂ ਸੋਧਿਆ ਕਰਨਾ ਪਿਆ। ਮੌਸਮ ਵਿਭਾਗ ਦੇ ਅਨੁਸਾਰ 18.5 ਕਰੋੜ ਤੋਂ ਵੱਧ ਲੋਕ ਹੀਟ ਅਲਰਟ ਦੇ ਦਾਇਰੇ 'ਚ ਹਨ। ਅਮਰੀਕੀ ਰਾਸ਼ਟਰੀ ਮੌਸਮ ਸੇਵਾ (ਐੱਨ. ਡਬਲਯੂ.ਐੱਸ.) ਨੇ ਚਿਤਾਵਨੀ ਦਿੱਤੀ ਹੈ ਕਿ ਕਈ ਇਲਾਕਿਆਂ ਵਿਚ ਹੀਟ ਇੰਡੈਕਸ 115 ਡਿਗਰੀ ਫਾਰਨਹੀਟ (ਲੱਗਭਗ 46 ਡਿਗਰੀ ਸੈਲਸੀਅਸ) ਤੱਕ ਪਹੁੰਚ ਗਿਆ ਹੈ। ਮਾਹਿਰਾਂ ਨੇ ਕਿਹਾ ਕਿ ਇੰਨੀ ਜ਼ਿਆਦਾ ਗਰਮੀ ਕਾਰਨ ਹੀਟ ਸਟ੍ਰੋਕ, ਸਰੀਰ ਵਿਚ ਪਾਣੀ ਦੀ ਕਮੀ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਦਾ ਖ਼ਤਰਾ ਕਾਫ਼ੀ ਵੱਧ ਗਿਆ ਹੈ।

### ਵਾਸ਼ਿੰਗਟਨ 'ਚ ਮੁੱਖ ਆਯੋਜਨ ਹੋਇਆ ਪ੍ਰਭਾਵਿਤ

ਭਿਆਨਕ ਗਰਮੀ ਦਾ ਸਭ ਤੋਂ ਵੱਧ ਅਸਰ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਆਯੋਜਿਤ 'ਗ੍ਰੇਟ ਅਮੈਰਿਕਨ ਸਟੇਟ ਫੇਅਰ' 'ਤੇ ਪਿਆ, ਜੋ ਅਮਰੀਕਾ ਦੀ 250ਵੀਂ ਆਜ਼ਾਦੀ ਦੀ ਵਰ੍ਹੇਗੰਢ ਦੇ ਮੁੱਖ ਆਯੋਜਨਾਂ ਵਿਚ ਸ਼ਾਮਲ ਹੈ। ਤਾਪਮਾਨ 101 ਡਿਗਰੀ ਫਾਰਨਹੀਟ (ਲੱਗਭਗ 38 ਡਿਗਰੀ ਸੈਲਸੀਅਸ) ਪਹੁੰਚਣ ਤੋਂ ਬਾਅਦ ਪ੍ਰਬੰਧਕਾਂ ਨੇ ਮੇਲੇ ਨੂੰ ਅਸਥਾਈ ਰੂਪ ਵਿੱਚ ਬੰਦ ਕਰ ਦਿੱਤਾ। ਬਾਅਦ ਵਿੱਚ ਵਾਧੂ ਸੁਰੱਖਿਆ ਪ੍ਰਬੰਧਾਂ ਦੇ ਨਾਲ ਇਸ ਨੂੰ ਦੁਬਾਰਾ ਖੋਲ੍ਹਿਆ ਗਿਆ।

ਲੋਕਾਂ ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧ

ਪ੍ਰਬੰਧਕਾਂ ਨੇ ਪ੍ਰੋਗਰਾਮ ਵਾਲੀ ਥਾਂ 'ਤੇ ਕੂਲਿੰਗ ਟੈਂਟ, ਪਾਣੀ ਦੇ ਫੁਹਾਰੇ ਵਾਲੇ ਸਟੇਸ਼ਨ ਅਤੇ ਛਾਂਦਾਰ ਆਰਾਮ ਘਰ ਬਣਾਏ। ਮੌਸਮ ਵਿਗਿਆਨੀਆਂ ਅਨੁਸਾਰ ਇਸ ਅਸਧਾਰਨ ਗਰਮੀ ਦਾ ਕਾਰਨ 'ਹੀਟ ਡੋਮ' ਹੈ। ਇਹ ਉੱਚ ਹਵਾ ਦੇ ਦਬਾਅ ਦੀ ਇੱਕ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਗਰਮ ਹਵਾ ਨੂੰ ਇਕ ਵੱਡੇ ਖੇਤਰ ਵਿਚ ਫਸਾ ਦਿੰਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ੍ਹਾ ਘਰਾਂ ਤੋਂ ਬਾਹਰ ਨਾ ਨਿਕਲਣ, ਬਜ਼ੁਰਗਾਂ, ਬੱਚਿਆਂ ਅਤੇ ਬੀਮਾਰ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

***

## ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਪੰਥਕ ਇਕੱਠ ਵੱਲੋਂ

ਦੋਵਾਂ ਧਿਰਾਂ ਦੇ ਸਮਰਥਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਇੱਕ-ਦੂਜੇ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਕਾਰਨ ਪੰਜਾਬ ਦਾ ਭਾਈਚਾਰਕ ਮਾਹੌਲ ਖ਼ਰਾਬ ਹੋ ਸਕਦਾ ਹੈ। ਡਾਕਟਰ ਮਾਨਸਾ ਦਾ ਕਹਿਣਾ ਹੈ ਕਿ ਜਥੇਦਾਰ ਅਤੇ ਪੰਥਕ ਆਗੂਆਂ ਵੱਲੋਂ ਵਾਰ-ਵਾਰ ਇਹ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ 'ਦਿੱਲੀ ਦੇ ਲੋਕ' ਪੰਜਾਬ ਵਿੱਚ ਬੈਠ ਕੇ ਸਿੱਖ ਸੰਸਥਾਵਾਂ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਿਰਤਾਂਤ ਪੰਜਾਬੀਆਂ ਦੀ ਖੇਤਰੀ ਅਤੇ ਧਾਰਮਿਕ ਅਣਖ ਨੂੰ ਜਗਾਏਗਾ, ਜੋ ਕਿ ਕੇਂਦਰੀ ਲੀਡਰਸ਼ਿਪ ਵਾਲੀ ਆਮ ਆਦਮੀ ਪਾਰਟੀ ਲਈ ਪੰਜਾਬ ਵਿੱਚ ਲੰਮੇ ਸਮੇਂ ਦਾ ਨੁਕਸਾਨ ਸਾਬਤ ਹੋ ਸਕਦਾ ਹੈ। ਜੇਕਰ ਇਸ ਟਕਰਾਅ ਨੂੰ ਗੱਲਬਾਤ ਰਾਹੀਂ ਜਲਦ ਨਾ ਸੁਲਝਾਇਆ ਗਿਆ, ਤਾਂ ਪੰਜਾਬ ਇੱਕ ਵਾਰ ਫਿਰ ਧਾਰਮਿਕ ਅਤੇ ਸਿਆਸੀ ਅਸਥਿਰਤਾ ਦੇ ਦੌਰ ਵਿੱਚ ਜਾ ਸਕਦਾ ਹੈ।

****

## ਸਿੱਖਾਂ 'ਤੇ ਜ਼ੁਲਮ ਦਾ ਸੱਚ ਦਬਾਇਆ

ਆਸ ਬਣੇ ਭਾਈ ਖਾਲੜਾ ਨੂੰ ਵੀ ਪੁਲਿਸ ਨੇ ਸ਼ਹੀਦ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦੇ ਜੀਵਨ 'ਤੇ ਬਣੀ ਇਸ ਫਿਲਮ ਵਿੱਚ ਇਤਿਹਾਸ ਦੇ ਤੱਥਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੱਚਾਈ ਨੂੰ ਸਾਹਮਣੇ ਲਿਆਂਦਾ ਗਿਆ ਹੈ, ਜਿਸ ਨੂੰ ਰੋਕਣ ਦੀ ਬਜਾਏ ਖੁੱਲ੍ਹੇ ਮਨ ਨਾਲ ਦੇਖਿਆ ਅਤੇ ਵਿਚਾਰਿਆ ਜਾਣਾ ਚਾਹੀਦਾ ਹੈ। ਸਿੱਖਾਂ 'ਤੇ ਹੋਏ ਸਰਕਾਰੀ ਅਤਿਆਚਾਰ ਨੂੰ ਲੁਕਾਉਣ ਦੇ ਯਤਨ ਕਦੇ ਵੀ ਸਫਲ ਨਹੀਂ ਹੋ ਸਕਦੇ, ਜਿਨ੍ਹਾਂ ਨੌਜਵਾਨਾਂ ਨੂੰ ਸ਼ਹੀਦ ਕਰਨ ਮਗਰੋਂ ਲਾਵਾਰਸ ਕਹਿ ਕੇ ਸਾੜ ਦਿੱਤਾ ਗਿਆ ਸੀ ਉਨ੍ਹਾਂ ਕੇਸਾਂ ਵਿੱਚ ਅੱਜ ਅਦਾਲਤਾਂ ਵੱਲੋਂ ਉਸ ਵੇਲੇ ਦੇ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਅਦਾਲਤਾਂ ਦੇ ਇਨ੍ਹਾਂ ਫੈਸਲਿਆਂ ਤੋਂ ਕਿਵੇਂ ਮੂੰਹ ਮੋੜਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਨਾ ਤਾਂ ਇਤਿਹਾਸ ਦੇ ਇਨ੍ਹਾਂ ਪੰਨਿਆਂ ਨੂੰ ਮਿਟਾਇਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਪਾਬੰਦੀ ਰਾਹੀਂ ਸੱਚ ਨੂੰ ਦਬਾਇਆ ਜਾ ਸਕਦਾ ਹੈ। ਪੰਜਾਬ ਸਮੇਤ ਦੁਨੀਆ ਭਰ ਦੇ ਇਨਸਾਫ਼ਪਸੰਦ ਲੋਕਾਂ ਨੂੰ ਆਪਣੇ ਇਤਿਹਾਸ ਨੂੰ ਜਾਣਨ, ਸਮਝਣ ਅਤੇ ਉਸ ਤੋਂ ਸਿੱਖਣ ਦਾ ਪੂਰਾ ਅਧਿਕਾਰ ਹੈ। ਲੋਕਤੰਤਰ ਵਿੱਚ ਵਿਚਾਰਾਂ ਦੀ ਵਿਭਿੰਨਤਾ ਅਤੇ ਇਤਿਹਾਸਕ ਸੱਚਾਈ ਨੂੰ ਸਾਹਮਣੇ ਰੱਖਣ ਵਾਲੀਆਂ ਰਚਨਾਵਾਂ 'ਤੇ ਰੋਕ ਲਗਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਕਦਮ ਨੂੰ ਸੱਚਾਈ ਸਾਹਮਣੇ ਲਿਆਉਣ ਵਾਲੀਆਂ ਆਵਾਜ਼ਾਂ ਨੂੰ ਚੁੱਪ ਕਰਵਾਉਣ ਦੀ ਘਿਨਾਉਣੀ ਹਰਕਤ ਵਜੋਂ ਦੇਖਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੰਗ ਕੀਤੀ ਕਿ ਫ਼ਿਲਮ 'ਸਤਲੁਜ' 'ਤੇ ਲਗਾਈ ਗਈ ਹਰ ਕਿਸਮ ਦੀ ਰੋਕ ਤੁਰੰਤ ਹਟਾਈ ਜਾਵੇ ਤਾਂ ਜੋ ਲੋਕ ਖੁਦ ਇਤਿਹਾਸ ਦੇ ਇਸ ਮਹੱਤਵਪੂਰਨ ਅਧਿਆਇ ਨੂੰ ਸਮਝ ਸਕਣ।

***

## ਇਤਿਹਾਸ ਦੇ ਸੱਚ ਤੋਂ ਕਿਉਂ

### ਫ਼ਿਲਮ 'ਸਤਲੁਜ' 'ਤੇ ਪਾਬੰਦੀ ਕਾਰਨ ਮੁੜ ਨਿਸ਼ਾਨੇ 'ਤੇ ਆਈ ਭਾਜਪਾ

ਪੰਜਾਬੀ ਅਦਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਨੂੰ ਜ਼ੀ-5 ਪਲੇਟਫ਼ਾਰਮ ਤੋਂ ਹਟਾਏ ਜਾਣ ਮਗਰੋਂ ਭਾਜਪਾ ਮੁੜ ਨਿਸ਼ਾਨੇ 'ਤੇ ਆ ਗਈ ਹੈ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਇਹ ਪੈਂਤੜਾ ਸਿਆਸੀ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਇੱਕ ਬੰਨ੍ਹੇ ਭਾਜਪਾ ਚੋਣਾਂ ਦੇ ਮੱਦੇਨਜ਼ਰ ਲੋਕ ਮਨਾਂ 'ਚੋਂ ਪਾਰਟੀ ਪ੍ਰਤੀ ਦੂਰੀਆਂ ਘਟਾਉਣ ਲਈ ਜ਼ੋਰ ਲਾ ਰਹੀ ਹੈ, ਦੂਜੇ ਪਾਸੇ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਆਧਾਰਿਤ ਫ਼ਿਲਮ 'ਸਤਲੁਜ' ਨੂੰ ਜ਼ੀ-5 ਪਲੈਟਫ਼ਾਰਮ ਤੋਂ ਹਟਾ ਦਿੱਤਾ ਗਿਆ ਹੈ। ਰੋਕ ਲੱਗਣ ਮਗਰੋਂ ਪੰਜਾਬ ਭਰ 'ਚ ਸੋਸ਼ਲ ਮੀਡੀਆ 'ਤੇ ਫ਼ਿਲਮ ਨੂੰ ਸਾਂਝਾ ਕੀਤਾ ਜਾ ਰਿਹਾ ਹੈ ਅਤੇ ਨਵੀਂ ਪੀੜ੍ਹੀ ਦੀ ਇਸ 'ਚ ਦਿਲਚਸਪੀ ਵਧ ਗਈ ਹੈ।

ਕਾਂਗਰਸ ਪਾਰਟੀ ਨੇ ਹਾਲੇ ਇਸ ਫ਼ਿਲਮ ਦੇ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ; ਬਾਕੀ ਸਿਆਸੀ ਪਾਰਟੀਆਂ ਨੇ ਭਾਜਪਾ ਨੂੰ ਘੇਰਿਆ ਹੈ। 'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਇਸ ਕਾਰਵਾਈ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਬੰਦੀ ਨਾਲ ਭਾਜਪਾ ਦਾ ਅਸਲ ਚਿਹਰਾ ਬੇਪਰਦ ਹੋ ਗਿਆ ਹੈ ਤੇ ਪਾਰਟੀ ਦੀ ਪੰਜਾਬ ਪ੍ਰਤੀ ਨਫ਼ਰਤ ਦੀ ਇਹ ਸਪਸ਼ਟ ਝਲਕ ਹੈ। ਜਦੋਂ ਕੋਈ ਮੁਲਕ ਆਪਣੇ ਇਤਿਹਾਸ ਤੋਂ ਡਰਨ ਲੱਗ ਪੈਂਦਾ ਹੈ ਤਾਂ ਸੈਂਸਰਸ਼ਿਪ ਉਸ ਦਾ ਖ਼ਤਰਨਾਕ ਹਥਿਆਰ ਬਣ ਜਾਂਦੀ ਹੈ। ਉਨ੍ਹਾਂ ਮੰਗ ਕੀਤੀ ਕਿ ਫ਼ਿਲਮ ਬਿਨਾਂ ਦੇਰੀ ਬਹਾਲ ਕੀਤੀ ਜਾਵੇ। ਇਹ 1980-90 ਦੇ ਦਹਾਕੇ ਦੌਰਾਨ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ ਜਸਵੰਤ ਸਿੰਘ ਖਾਲੜਾ ਦੇ ਦਲੇਰਾਨਾ ਸੰਘਰਸ਼ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ 'ਦਿ ਕਸ਼ਮੀਰ ਫ਼ਾਈਲਜ਼' ਅਤੇ 'ਦਿ ਕੇਰਲਾ ਸਟੋਰੀ' ਵਰਗੀਆਂ ਫ਼ਿਲਮਾਂ ਨੂੰ ਬਿਨਾਂ ਕਿਸੇ ਰੋਕ ਤੋਂ ਪ੍ਰਮੋਟ ਕੀਤਾ ਜਾਂਦਾ ਹੈ ਪਰ ਜਦੋਂ ਕੋਈ ਫ਼ਿਲਮ ਪੰਜਾਬ 'ਚ ਹੋਏ ਅੱਤਿਆਚਾਰਾਂ ਬਾਰੇ ਸਵਾਲ ਖੜ੍ਹੀ ਕਰਦੀ ਹੈ ਤਾਂ ਉਸ ਨੂੰ ਗ਼ਾਇਬ ਕਰ ਦਿੱਤਾ ਜਾਂਦਾ ਹੈ। 'ਆਪ' ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਨੂੰ ਸੱਚ ਤੋਂ ਇਨ੍ਹਾਂ ਡਰ ਕਿਉਂ ਲੱਗਦਾ ਹੈ ? ਭਾਜਪਾ ਵੱਲੋਂ ਕਾਂਗਰਸ ਦੇ ਪਾਪ ਦਬਾਉਣ ਲਈ ਇਹ ਪਰਦਾ ਕਿਉਂ ਪਾਇਆ ਗਿਆ ਹੈ ? ਕਿਤੇ ਕੋਈ ਅੰਦਰੂਨੀ ਸਮਝੌਤਾ ਤਾਂ ਨਹੀਂ। ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਆਰ ਐੱਸ ਚੀਮਾ ਨੇ ਕਿਹਾ ਕਿ ਖਾਲੜਾ ਮਾਮਲਾ ਸੁਪਰੀਮ ਕੋਰਟ ਤੱਕ ਗਿਆ ਸੀ ਅਤੇ ਅਦਾਲਤ ਨੇ ਮੋਹਰ ਲਾਈ ਸੀ ਕਿ ਜਸਵੰਤ ਸਿੰਘ ਖਾਲੜਾ ਦੀ ਪੁਲੀਸ ਅਧਿਕਾਰੀਆਂ ਨੇ ਹੱਤਿਆ ਕੀਤੀ ਸੀ। ਹੁਣ ਖਾਲੜਾ ਦੀ ਜ਼ਿੰਦਗੀ 'ਤੇ ਬਣੀ ਫ਼ਿਲਮ ਦਿਖਾਉਣ 'ਚ ਕੀ ਗ਼ਲਤ ਹੈ ? ਸਾਬਕਾ ਮੰਤਰੀ ਅਤੇ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਕਿਹਾ ਕਿ ਅਜਿਹੀਆਂ ਫ਼ਿਲਮਾਂ ਪੁਰਾਣੇ ਜ਼ਖ਼ਮ ਚੀਰਦੀਆਂ ਹਨ ਜਿਨ੍ਹਾਂ ਨੂੰ ਪ੍ਰਦਰਸ਼ਿਤ ਕਰਨ ਤੋਂ ਬਚਣਾ ਬਿਹਤਰ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਫ਼ਿਲਮ ਵਾਪਸ ਲੈਣੀ ਸਾਰਿਆਂ ਦੇ ਭਲੇ ਲਈ ਹੈ। ਅਜਿਹੀਆਂ ਫ਼ਿਲਮਾਂ ਸ਼ਾਂਤੀ ਅਤੇ ਫ਼ਿਰਕੂ ਸਦਭਾਵਨਾ ਭੰਗ ਕਰਨ ਦੀ ਪ੍ਰਵਿਰਤੀ ਰੱਖਦੀਆਂ ਹਨ।

### ਕੇਵਲ ਢਿੱਲੋਂ ਕੇਂਦਰ ਕੋਲ ਮੁੱਦਾ ਚੁੱਕਣਗੇ

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਜਲਦੀ ਹੀ ਇਸ ਬਾਰੇ ਕੇਂਦਰੀ ਲੀਡਰਸ਼ਿਪ ਨਾਲ ਗੱਲ ਕਰ ਕੇ ਫ਼ਿਲਮ ਹਟਾਉਣ ਦਾ ਮੁੱਦਾ ਚੁੱਕਣਗੇ। ਉਹ ਫ਼ਿਲਮ 'ਤੇ ਪਾਬੰਦੀ ਲਗਾਏ ਜਾਣ ਦੇ ਕਾਰਨਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੇ। ਉਹ ਇਸ ਸੰਵੇਦਨਸ਼ੀਲ ਮਾਮਲੇ 'ਤੇ ਕੇਂਦਰ ਸਰਕਾਰ ਦੇ ਨਾਲ ਸਿੱਧੀ ਗੱਲਬਾਤ ਕਰਨਗੇ। ਉਹ ਸਬੰਧਤ ਕੇਂਦਰੀ ਮੰਤਰੀ ਕੋਲ ਵੀ ਇਹ ਮੁੱਦਾ ਉਠਾਉਣਗੇ।

### ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ: ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫ਼ਿਲਮ 'ਸਤਲੁਜ' ਨੂੰ ਓ. ਟੀ. ਟੀ. ਪਲੈਟਫ਼ਾਰਮ ਤੋਂ ਹਟਾਏ ਜਾਣ ਨੂੰ ਸੱਚ ਅਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਵੱਡਾ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਫ਼ਿਲਮ 'ਤੇ ਪਾਬੰਦੀ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਆਪਣੇ ਅਤੀਤ ਦਾ ਸਾਹਮਣਾ ਇਮਾਨਦਾਰੀ ਨਾਲ ਕਰਨ ਦਾ ਹੱਕਦਾਰ ਹੈ। ਫ਼ਿਲਮ ਪੰਜਾਬ ਦੇ ਦਰਦਨਾਕ ਇਤਿਹਾਸ ਨੂੰ ਦਲੇਰੀ ਨਾਲ ਉਜਾਗਰ ਕਰਦੀ ਹੈ ਅਤੇ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਨੂੰ ਸਨਮਾਨਿਤ ਕਰਦੀ ਹੈ, ਉਸ ਨੂੰ ਇਸ ਤਰੀਕੇ ਨਾਲ ਚੁੱਪ ਨਹੀਂ ਕਰਵਾਇਆ ਜਾ ਸਕਦਾ ਹੈ।

### ਫ਼ਿਲਮ 'ਸਤਲੁਜ' ਨੇ ਮੁੜ ਗਰਮਾ ਦਿੱਤਾ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਦਾ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਵੱਲੋਂ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਫਰਜ਼ੀ ਮੁਕਾਬਲਿਆਂ ਅਤੇ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਨ ਵਿਰੁੱਧ ਇਨਸਾਫ਼ ਦੀ ਲੜਾਈ ਵਿੱਚ ਹੁਣ ਤੱਕ ਪੰਜਾਬ ਵਿੱਚ ਕਰੀਬ 135 ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹੇਠਲੇ ਰੈਂਕ ਦੇ ਹਨ।

ਖਾਲੜਾ ਦਾ ਜੀਵਨ ਅਤੇ ਇਨਸਾਫ਼ ਲਈ ਉਨ੍ਹਾਂ ਦੀ ਜੱਦੋ-ਜਹਿਦ 'ਸਤਲੁਜ' (ਪਹਿਲਾਂ ਪੰਜਾਬ 95) ਨਾਮਕ ਫ਼ਿਲਮ 'ਤੇ ਨਵੀਂ ਪਾਬੰਦੀ ਤੋਂ ਬਾਅਦ ਮੁੜ ਸੁਰਖੀਆਂ ਵਿੱਚ ਹੈ। ਇਸ ਪਾਬੰਦੀ ਨੇ ਉਨ੍ਹਾਂ ਲਈ ਇਨਸਾਫ਼ ਦੀ ਮੰਗ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ।

### ਕਾਨੂੰਨੀ ਲੜਾਈ: ਦੇਰੀ ਅਤੇ ਚੁਣੌਤੀਆਂ

ਖਾਲੜਾ ਦੀ ਲੜਾਈ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਸ਼ੁਰੂ ਹੋਈ ਸੀ ਜਦੋਂ ਉਨ੍ਹਾਂ ਦਾਅਵਾ ਕੀਤਾ ਸੀ ਕਿ 1980 ਦੇ ਦਹਾਕੇ ਦੇ ਅਖੀਰ ਅਤੇ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਅਤਿਵਾਦ ਦੇ ਕਾਲੇ ਦਿਨਾਂ ਦੌਰਾਨ ਪੰਜਾਬ ਪੁਲਿਸ ਵੱਲੋਂ ਫਰਜ਼ੀ ਮੁਕਾਬਲਿਆਂ ਵਿੱਚ 25,000 'ਨਿਰਦੋਸ਼' ਨੌਜਵਾਨਾਂ ਨੂੰ ਮਾਰਿਆ ਗਿਆ ਸੀ। ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ, ਸਤੰਬਰ 1995 ਵਿੱਚ ਖਾਲੜਾ ਨੂੰ ਵੀ ਅਗਵਾ ਕਰਕੇ ਮਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਲਾਸ਼ ਕਦੇ ਨਹੀਂ ਮਿਲੀ।

ਪੁਲਿਸ ਅਤੇ ਫਰਜ਼ੀ-ਮੁਕਾਬਲੇ ਦੇ ਕੇਸਾਂ ਨਾਲ ਜੁੜੇ ਵਕੀਲਾਂ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਹੁਣ ਤੱਕ ਕਰੀਬ 135 ਪੁਲੀਸ ਮੁਲਾਜ਼ਮਾਂ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। 2005 ਵਿੱਚ ਪਟਿਆਲਾ ਦੀ ਇੱਕ ਸੀ.ਬੀ.ਆਈ. ਅਦਾਲਤ ਨੇ ਖਾਲੜਾ ਦੇ ਲਾਪਤਾ ਹੋਣ ਅਤੇ ਕਤਲ ਲਈ ਛੇ ਪੁਲੀਸ ਮੁਲਾਜ਼ਮਾਂ ਨੂੰ ਸਜ਼ਾ ਸੁਣਾਈ ਸੀ। ਡੀ.ਐੱਸ.ਪੀ. ਜਸਪਾਲ ਸਿੰਘ ਅਤੇ ਏ.ਐੱਸ.ਆਈ. ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਦੋਂ ਕਿ ਐੱਸ.ਐੱਚ.ਓਜ਼/ਸਬ-ਇੰਸਪੈਕਟਰ ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਹੈੱਡ ਕਾਂਸਟੇਬਲ ਪ੍ਰੀਤਪਾਲ ਸਿੰਘ ਨੂੰ ਅਗਵਾ ਅਤੇ ਸਾਜ਼ਿਸ਼ ਰਚਣ ਲਈ ਸੱਤ-ਸੱਤ ਸਾਲ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, ਜਿਨ੍ਹਾਂ ਫਰਜ਼ੀ-ਮੁਕਾਬਲੇ ਦੇ ਕੇਸਾਂ ਨੂੰ ਉਨ੍ਹਾਂ ਨੇ ਉਜਾਗਰ ਕੀਤਾ ਸੀ, ਉਹ ਅਜੇ ਵੀ ਲੰਬਿਤ ਸਨ।

ਅਜਿਹੇ ਕਈ ਕੇਸ ਲੜਨ ਵਾਲੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਸਜ਼ਾਵਾਂ ਵਿੱਚ ਦਹਾਕਿਆਂ ਦੀ ਦੇਰੀ ਹੋਈ ਹੈ, ਜਿਸ ਨਾਲ ਪੀੜਤ ਪਰਿਵਾਰਾਂ ਦੀਆਂ ਮੁਸੀਬਤਾਂ ਵਿੱਚ ਵਾਧਾ ਹੋਇਆ ਹੈ। ਅਦਾਲਤੀ ਫੈਸਲਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਖਾਲੜਾ ਦੇ ਲਾਪਤਾ ਹੋਣ ਤੋਂ ਬਾਅਦ, ਐੱਸ.ਜੀ.ਪੀ.ਸੀ. ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸੁਪਰੀਮ ਕੋਰਟ ਨੂੰ ਤਾਰ ਭੇਜ ਕੇ ਜਾਂਚ ਦੀ ਮੰਗ ਕੀਤੀ ਸੀ। ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਸੁਪਰੀਮ ਕੋਰਟ ਦੇ ਬੈਂਚ ਨੇ ਸੀ.ਬੀ.ਆਈ. ਨੂੰ ਜਾਂਚ ਦੇ ਨਿਰਦੇਸ਼ ਦਿੱਤੇ ਸਨ। ਏਜੰਸੀ ਨੇ 2,087 ਕੇਸਾਂ ਦੀ ਪਛਾਣ ਕੀਤੀ ਅਤੇ 2001 ਵਿੱਚ 70 ਐਫ.ਆਈ.ਆਰ. ਦਰਜ ਕੀਤੀਆਂ। ਹਾਲਾਂਕਿ, ਸਰਕਾਰੀ ਪ੍ਰਵਾਨਗੀ ਨਾ ਮਿਲਣ ਕਾਰਨ ਸੁਣਵਾਈ ਲਗਭਗ 25 ਸਾਲਾਂ ਤੱਕ ਲਟਕੀ ਰਹੀ। ਇਸ ਦੌਰਾਨ, ਅਕਾਲੀ ਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੁਲਿਸ ਵਿਭਾਗ ਦੇ ਅੰਦਰ ਇੱਕ ਕਾਨੂੰਨੀ ਸੈੱਲ ਸਥਾਪਤ ਕੀਤਾ ਤਾਂ ਜੋ ਦੋਸ਼ੀ ਅਫਸਰਾਂ ਦਾ ਬਚਾਅ ਕੀਤਾ ਜਾ ਸਕੇ ਅਤੇ ਉਨ੍ਹਾਂ ਦੇ ਕਾਨੂੰਨੀ ਖਰਚੇ ਚੁੱਕੇ ਜਾ ਸਕਣ, ਜਦੋਂ ਕਿ ਪੀੜਤ ਪਰਿਵਾਰਾਂ ਨੇ ਆਪਣੇ ਕੇਸਾਂ ਲਈ ਜ਼ਮੀਨ ਅਤੇ ਕੀਮਤੀ ਸਮਾਨ ਵੇਚ ਦਿੱਤਾ।

***

## ਪਾਕਿਸਤਾਨ 'ਚ ਆਖ਼ਰ ਕਿਉਂ ਹੁੰਦੇ ਹਨ

ਪਾਕਿਸਤਾਨ ਦੇ ਲਾਹੌਰ ਸਥਿਤ ਸਰਹੱਦੀ ਪਿੰਡ ਜਾਹਮਨ ਵਿੱਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਦੀ ਨਵਉਸਾਰੀ ਦਾ ਕੰਮ ਪਾਕਿ ਸਰਕਾਰ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ।

ਰੱਖ-ਰਖਾਅ ਦੀ ਘਾਟ ਕਾਰਨ ਇਸ ਪਵਿੱਤਰ ਗੁਰਦੁਆਰਾ ਸਾਹਿਬ ਦਾ ਗੁੰਬਦ ਅਤੇ ਇਮਾਰਤ ਦਾ ਵੱਡਾ ਹਿੱਸਾ 8 ਜੁਲਾਈ 2023 ਨੂੰ ਭਾਰੀ ਮੀਂਹ ਕਾਰਨ ਢਹਿ ਗਿਆ ਸੀ। ਪਾਕਿ ਗੁਰਦੁਆਰਾ ਕਮੇਟੀ ਜਾਂ ਪ੍ਰਸ਼ਾਸਨ ਵੱਲੋਂ ਸਾਰ ਨਾ ਲਏ ਜਾਣ ਕਰਕੇ ਇਸ ਦੇ ਬਾਕੀ ਬਚੇ ਹਿੱਸੇ 'ਤੇ ਵੀ ਖ਼ਤਰਾ ਮੰਡਰਾ ਰਿਹਾ ਸੀ, ਜਿਸ ਤੋਂ ਬਾਅਦ ਪੰਥਕ ਜਥੇਬੰਦੀਆਂ ਵੱਲੋਂ ਇਹ ਮਾਮਲਾ ਪ੍ਰਮੁੱਖਤਾ ਨਾਲ ਉਠਾਏ ਜਾਣ 'ਤੇ ਹੁਣ ਇਹ ਕੰਮ ਸ਼ੁਰੂ ਹੋਇਆ ਹੈ।

ਇਸ ਪਵਿੱਤਰ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰ ਚਰਨ ਪਾਏ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਂਅ 50 ਏਕੜ ਰਕਬਾ ਸੀ। ਸੇਵਾ-ਸੰਭਾਲ ਦੀ ਘਾਟ ਕਾਰਨ ਇੱਥੋਂ ਦਾ ਖ਼ੂਬਸੂਰਤ ਸਰੋਵਰ ਫਿਲਹਾਲ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ।

## ਜੇ ਸੱਸ ਮਾਂ ਬਣ ਜੇ....

ਸੱਸ 'ਤੇ ਕਟਾਖਸ਼ ਕਰਦੀ ਹੋਈ ਨੂੰਹ ਆਪਣੇ ਸਹੁਰੇ ਨੂੰ ਵੀ ਨਾਲ ਹੀ ਲਪੇਟ ਲੈਂਦੀ ਹੈ।

ਸੱਸ ਮੇਰੀ ਦੇ ਮਾਤਾ ਨਿਕਲੀ
ਨਿਕਲੀ ਨਿਆਰੀ ਨਿਆਰੀ।
ਸਹੁਰਾ ਮੇਰਾ ਪੂਜਣ ਲੱਗਿਆ
ਲੈ ਕੇ ਲਾਲ ਫੁਲਕਾਰੀ।
ਜੋਤ ਜਗਾਉਂਦੇ ਨੇ
ਦਾੜ੍ਹੀ ਫੂਕ ਲਈ ਸਾਰੀ।

ਪਿੱਛੇ ਜਿਹੇ ਕਰੋਨਾ ਦੀ ਬੜੀ ਭੈੜੀ ਲਾਗ ਸ਼ੁਰੂ ਹੋਈ। ਜਿੱਥੇ ਉਸ ਨੇ ਮਾਨਵਤਾ ਦਾ ਕਾਫ਼ੀ ਨੁਕਸਾਨ ਕੀਤਾ, ਉੱਥੇ ਇਸ ਲਾਗ ਤੋਂ ਨੂੰਹ ਤੇ ਸੱਸ ਦਾ ਰਿਸ਼ਤਾ ਵੀ ਅਭਿੱਜ ਨਹੀਂ ਰਹਿ ਸਕਿਆ। ਇਹ ਕਰੋਨਾ ਦੀ ਬਿਮਾਰੀ ਬੋਲੀਆਂ ਦੀ ਗੋਦੀ ਚੜ੍ਹ ਕੇ ਸਾਡੇ ਗਿੱਧਿਆਂ ਵਿੱਚ ਵੀ ਪ੍ਰਵੇਸ਼ ਕਰ ਗਈ;

ਸੱਸ ਮੇਰੀ ਨੂੰ ਹੋਇਆ ਕਰੋਨਾ
ਅੱਡ ਕਰ ਦਿੱਤੇ ਭਾਂਡੇ।
ਲੀੜੇ ਲੱਤੇ, ਮੰਜੇ ਬਿਸਤਰੇ
ਨਾ ਰੱਖੇ ਹੁਣ ਸਾਂਝੇ।
ਸਹੁਰਾ ਮੇਰਾ ਦੇਵੇ ਮੱਤਾਂ
ਬੈਠਾ ਵਿੱਚ ਬਰਾਂਡੇ।
ਨੀਂ ਤਕੜੀ ਹੋਜੇਂਗੀ
ਖਾ ਲਿਆ ਕਰ ਦੋ ਆਂਡੇ।

ਗਿੱਧੇ ਦੀਆਂ ਬੋਲੀਆਂ ਵਿੱਚ ਸੱਸ ਦੇ ਸੁਭਾਅ ਦੀ ਪੂਰੀ ਚੀਰ ਫਾੜ ਕੀਤੀ ਜਾਂਦੀ ਹੈ। ਰਸਦਾਰ ਤੇ ਵਿਅੰਗਮਈ ਬਣਾਉਣ ਲਈ ਸੱਸ ਦੀ ਪਾਤਰਤਾ ਸਿਰਜ ਲਈ ਜਾਂਦੀ ਹੈ। ਇੱਕ ਨਵੀਂ ਵਿਆਹੀ ਮੁਟਿਆਰ ਦੇ ਮੂੰਹੋਂ ਨਿਕਲੀ ਸੱਸ 'ਤੇ ਵਿਅੰਗ ਕਰਦੀ ਬੋਲੀ ਸੱਚ ਦੇ ਜ਼ਿਆਦਾ ਨੇੜੇ ਪ੍ਰਤੀਤ ਹੁੰਦੀ ਹੈ;

ਪਹਿਲੀ ਵਾਰ ਮੈਂ ਗਈ ਸਹੁਰਿਆਂ ਨੂੰ
ਬਾਪੂ ਮੇਰਾ ਆਇਆ।
ਕਿਲੋ ਲੱਡੂ, ਕਿਲੋ ਬਰਫ਼ੀ
ਕਿਲੋ ਖੋਆ ਲਿਅਇਆ।
ਜਾਂਦੇ ਬਾਪੂ ਨੇ ਸੱਸ ਮੇਰੀ ਨੂੰ
ਸੌ ਦਾ ਨੋਟ ਫੜਾਇਆ।
ਸੱਸ ਮੇਰੀ ਨਿੱਤ ਪੁੱਛਦੀ
ਤੇਰਾ ਬਾਪੂ ਫੇਰ ਨਾ ਆਇਆ।

ਜਿੱਥੇ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਦੱਬੇ-ਘੁੱਟੇ ਵਲਵਲਿਆਂ ਦਾ ਪ੍ਰਗਟਾਵਾ ਬਣਦੀਆਂ ਹਨ, ਉੱਥੇ ਇਹ ਸਮਾਜਿਕ ਰਿਸ਼ਤਿਆਂ ਦੀ ਮਿੱਥ ਨੂੰ ਹਿੱਕ ਦੇ ਜ਼ੋਰ ਨਾਲ ਤੋੜਨ ਦੀ ਹਿੰਮਤ ਵੀ ਦਿਖਾਉਂਦੀਆਂਹਨ। ਸੱਸ ਦੇ ਪੁੱਤਰ ਹੋਣ ਦੀ ਸੂਰਤ ਵਿੱਚ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਤਖੱਲਸਾਂ ਜਾਂ ਮੇਹਣਿਆਂ ਨਾਲ ਨੀਵਾਂ ਦਿਖਾਉਣ ਦੀ ਜੁਰੱਅਤ ਕੀਤੀ ਜਾਂਦੀ ਹੈ;

ਸੱਸ ਮੇਰੀ ਨੇ ਮੁੰਡੇ ਜੰਮੇ
ਜੰਮ ਜੰਮ ਭਰੀ ਰਸੋਈ।
ਨੀਂ ਸਾਰੇ ਮਾਂ ਵਰਗੇ
ਪਿਓ ਵਰਗਾ ਨਾ ਕੋਈ।

ਸਮਾਜਿਕ ਵਰਤਾਰੇ ਵਿੱਚ ਵਿਚਰਦੀਆਂ ਕਹਾਵਤਾਂ ਜਾਂ ਅਖਾਉਤਾਂ ਨੂੰ ਇਨ੍ਹਾਂ ਬੋਲੀਆਂ ਵਿੱਚ ਖ਼ੂਬਸੂਰਤ ਅੰਦਾਜ਼ ਨਾਲ ਫਿੱਟ ਕਰ ਲਿਆ ਜਾਂਦਾ ਹੈ। ਸਾਉਣ ਦੇ ਮਹੀਨੇ ਜ਼ਿਆਦਾ ਮੀਂਹ ਪੈਣ ਕਰਕੇ ਖਰਬੂਜ਼ੇ ਜਾਂ ਮਤੀਰੇ ਆਮ ਕਰਕੇ ਖ਼ਰਾਬ ਹੋ ਜਾਂਦੇ ਹਨ। ਜੇਕਰ ਕੋਈ ਉੱਚੇ ਟਿੱਬੇ 'ਤੇ ਟਾਵਾਂ-ਟਾਵਾਂ ਮਤੀਰਾ ਬਚ ਵੀ ਜਾਵੇ ਤਾਂ ਉਹ ਮਤੀਰਾ ਬੇਰਸਾ ਹੋਣ ਕਰਕੇ ਕਿਸੇ ਕੰਮ ਨਹੀਂ ਆਉਂਦਾ। ਇਸੇ ਕਰਕੇ ਇੱਕ ਕਹਾਵਤ ਨੂੰ ਦੰਦ-ਕਥਾ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਅਖੇ 'ਜੱਟ ਦੀ ਫਕੀਰੀ, ਸਾਢੂ ਦੀ ਸਕੀਰੀ ਤੇ ਭਾਦੋਂ ਦੀ ਮਤੀਰੀ' ਕਿਸੇ ਕੰਮ ਦੀ ਨਹੀਂ ਮੰਨੀ ਜਾਂਦੀ।

ਵਾਰਤਾਲਾਪੀ ਅੰਦਾਜ਼ ਵਿੱਚ ਕਈ ਸੁਆਲ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਪੁੱਛਿਆ ਨਹੀਂ ਜਾ ਸਕਦਾ, ਪਰ ਗਿੱਧੇ ਦੇ ਪਿੜ ਅੰਦਰ ਨੂੰਹ ਤੇ ਸੱਸ ਦੇ ਅਭਿਨੈ ਕਰਦੀਆਂ ਮੁਟਿਆਰਾਂ ਦੁਆਰਾ ਸਵਾਂਗ ਦੇ ਰੂਪ ਵਿੱਚ ਨਾ ਪੁੱਛਣਯੋਗ ਸਵਾਲ ਵੀ ਪ੍ਰਤੱਖ ਹੁੰਦੇ ਜਾਂਦੇ ਹਨ;

ਹਰਾ-ਹਰਾ ਟਾਂਡਾ
ਉਤੇ ਦੁੰਮ ਹੈ ਜੁਆਰ ਦਾ।
ਸੱਚ ਦੱਸੀ ਸੱਸੇ
ਰਾਂਝਾ ਪੁੱਤ ਕਿਹੜੇ ਯਾਰ ਦਾ।

ਹਰ ਪੀੜ੍ਹੀ ਦਾ, ਹਰ ਸਮਾਜਿਕ ਵਰਤਾਰੇ ਦਾ ਆਪਣਾ ਵਿਧਾਨ ਹੁੰਦਾ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਜਿੱਥੇ ਅੰਦਰਲੀ ਵੇਦਨਾ ਦਾ ਪ੍ਰਗਟਾਵਾ ਹੁੰਦੀਆਂ ਹਨ, ਉੱਥੇ ਇਹ ਨਿਰੋਲ ਮਨੋਰੰਜਕ ਹੁੰਦੀਆਂ ਹੋਈਆਂ ਭੂਤਕਾਲ ਦੀ ਪ੍ਰਤੀਨਿਧਤਾ ਵੀ ਕਰਦੀਆਂ ਹਨ। ਮੌਜੂਦਾ ਮਾਹੌਲ ਵਿਚਲਾ ਸਮਾਜਿਕ ਤਾਣਾ-ਬਾਣਾ ਕਾਫ਼ੀ ਉਲਝਿਆ ਹੋਣ ਕਰਕੇ ਕਿਸੇ ਕੋਲ ਐਨਾ ਵਕਤ ਨਹੀਂ ਕਿ ਉਹ ਦੂਸਰੇ ਦੀ ਨੁਕਤਾਚੀਨੀ ਵਿੱਚ ਹੀ ਲੱਗਿਆ ਰਹੇ। ਹੁਣ ਸੱਸਾਂ ਦਾ ਆਪਣਾ ਸ਼ਡਿਊਲ ਹੈ ਤੇ ਨੂੰਹਾਂ ਦਾ ਆਪਣਾ। ਹੁਣ ਸੱਸਾਂ ਨੂੰ ਆਪਣੀ ਪੁਰਾਤਨ ਦਿੱਖ ਨੂੰ ਖਾਰਜ ਕਰਕੇ ਨਵੇਂ ਯੁੱਗ ਅਨੁਸਾਰ ਨਵੇਂ ਰੂਪ ਵਿੱਚ ਪੇਸ਼ ਹੋਣ ਦੀ ਲੋੜ ਹੈ। ਨਵੇਂ ਵਕਤ ਦੇ ਮੁਤਾਬਿਕ ਸੱਸਾਂ ਨੂੰ ਮਾਵਾਂ ਬਣਨ ਦੀ ਲੋੜ ਹੈ। ਜੇਕਰ ਸੱਸਾਂ ਨੇ ਮਾਵਾਂ ਦਾ ਰੋਲ ਨਾ ਨਿਭਾਇਆ ਤਾਂ ਮੁਟਿਆਰਾਂ ਦੇ ਮੂੰਹੋਂ ਇਹ ਬੋਲੀ ਸਦਾ ਹੀ ਪੈਂਦੀ ਰਹੇਗੀ;

ਸ਼ਾਮ ਹੋਈ ਤੋਂ ਘਰ ਮੁੜ ਪੈਂਦੇ
ਕੀ ਨਿਆਣਾ ਕੀ ਸਿਆਣਾ।
ਜੇਠ ਤਾੜਦਾ ਰਹਿੰਦਾ ਮੈਨੂੰ
ਕੰਤ ਅਜੇ ਮੇਰਾ ਨਿਆਣਾ।
ਸੱਸ ਵੀ ਉਤੋਂ ਲਾਵੇ ਲੂਤੀਆਂ
ਮੈਂ ਵੀ ਸਾਰੀਆਂ ਜਾਣਾ।
ਜੇ ਸੱਸ ਮਾਂ ਬਣ ਜੇ
ਪੇਕੀਂ ਕਾਸਤੋਂ ਜਾਣਾ ਜਾਣਾ

***

## ਵਗਦੇ ਦਰਿਆ ਦੇ ਕੰਢੇ ਕਿੰਨੀਆਂ

ਆਉਂਦੇ ਰਾਹੀਆ ਘੜਾ ਚੁਕਾ ਜਾ
ਕਿਹੜੇ ਵੇਲੇ ਦਾ ਨਾ ਕੋਈ ਚੁਕਾਵੇ।
ਖੜ੍ਹੀ ਮੇਰੀ ਦਾ ਤਨ ਥੱਕ ਗਿਆ
ਥੱਲੇ ਸੇਕ ਤਲੀਆਂ ਵਿੱਚੋਂ ਆਵੇ।
ਰੂਪ ਕੁਆਰੀ ਦਾ
ਕਿੱਥੇ ਝੱਲਿਆ ਜਾਵੇ।

ਪੰਜਾਬ ਦੇ ਖੇਤਾਂ ਦੇ ਖਾਲਾਂ ਵੱਟਾਂ ਉੱਤੇ ਟਾਹਲੀਆਂ ਦੇ ਰੁੱਖ ਵੱਡੀ ਮਾਤਰਾ ਵਿੱਚ ਮਿਲਦੇ ਹਨ। ਟਾਹਲੀਆਂ ਰਾਹੀਂ ਪੰਜਾਬੀ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਪੈਲੀਆਂ ਦੇ ਬੰਨੇ ਬੰਨੇ ਟਾਹਲੀਆਂ ਦੀ ਡਾਰ ਗੋਰੀਏ
ਕਦੇ ਤਾਂ ਤੂੰ ਆ ਨੀਂ ਗੇੜਾ ਮਾਰ ਗੋਰੀਏ

ਸੰਘਣੀ ਛਾਂ, ਸੰਘਣੀਆਂ ਟਾਹਣੀਆਂ ਕਾਰਨ ਟਾਹਲੀ ਉੱਤੇ ਵੱਖ ਵੱਖ ਪੰਛੀਆਂ ਦੀ ਆਵਾਜਾਈ ਰਹਿੰਦੀ ਹੈ ਅਤੇ ਉਨ੍ਹਾਂ ਦੀਆਂ ਵੱਖ ਵੱਖ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਕਿਸੇ ਨੂੰ ਟਾਹਲੀ ਉੱਤੇ ਅਜਿਹੇ ਸਮੇਂ ਬੋਲਦੀ ਘੁੱਗੀ ਦਾ ਵੀ ਕੋਈ ਅਰਥ ਵਿਖਾਈ ਦਿੰਦਾ ਹੈ;

ਉੱਚੀ ਟਾਹਲੀ 'ਤੇ ਗਾਉਂਦੀਏ ਘੁੱਗੀਏ
ਦੱਸ ਕਿਸ ਨੂੰ ਇਹ ਸੁਣਾਉਂਦੀ ਘੁੱਗੀਏ
ਕੀ ਤੈਨੂੰ ਵੀ ਮਾਹੀਏ ਦੀ ਯਾਦ ਆਉਂਦੀ ਘੁੱਗੀਏ

ਟਾਹਲੀਆਂ ਦੀ ਛਾਂ ਕਾਫ਼ੀ ਸੰਘਣੀ ਹੁੰਦੀ ਹੈ, ਇਨ੍ਹਾਂ ਦੀ ਹਰਿਆਲੀ ਮਨਾਂ ਨੂੰ ਸਕੂਨ ਪਹੁੰਚਾਉਣ ਵਾਲੀ ਸਾਬਤ ਹੁੰਦੀ ਹੈ। ਅਜਿਹਾ ਹੋਣ ਕਾਰਨ ਬੱਚਿਆਂ ਦੇ ਖੇਡਣ ਅਤੇ ਕੁੜੀਆਂ ਦੇ ਪੀਘਾਂ ਪਾਉਣ ਲਈ ਵੀ ਕੰਮ ਆਉਂਦੀਆਂ ਹਨ। ਟਾਹਲੀ ਦੇ ਅਜਿਹੇ ਪੱਖ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਉੱਚੀਆਂ ਲੰਮੀਆਂ ਟਾਹਲੀਆਂ
ਉੱਤੇ ਕੁੜੀਆਂ ਪੀਘਾਂ ਪਾਈਆਂ
ਪੀਘਾਂ ਝੂਟਣ ਚਾਈਂ ਚਾਈਂ
ਪੀਘਾਂ ਖੂਬ ਚੜ੍ਹਾਈਆਂ
ਡਿੱਗਣ ਦਾ ਨਾ ਡਰ ਕੋਈ
ਚੰਗੀਆਂ ਨੀਂ ਐਨੀਆਂ ਬੇਪ੍ਰਵਾਹੀਆਂ

ਟਾਹਲੀ ਦੀ ਲੱਕੜ ਮਜ਼ਬੂਤ ਹੋਣ ਕਾਰਨ ਇਸ ਦੀ ਵਰਤੋਂ ਫਰਨੀਚਰ ਦੇ ਨਿਰਮਾਣ ਲਈ ਕਰਨ ਦੇ ਨਾਲ ਨਾਲ ਦੂਸਰੀਆਂ ਘਰੇਲੂ ਉਪਯੋਗ ਦੀਆਂ ਵਸਤੂਆਂ ਬਣਾਉਣ ਲਈ ਵੀ ਕੀਤੀ ਜਾਂਦੀ ਰਹੀ ਹੈ। ਘਰ ਦੇ ਮੰਜਿਆਂ, ਪੀੜ੍ਹੀਆਂ ਦੇ ਪਾਵੇ ਬਣਾਉਣ ਲਈ ਵੀ ਟਾਹਲੀ ਦੀ ਲੱਕੜ ਉਪਯੋਗ ਕੀਤੀ ਜਾਂਦੀ ਰਹੀ ਹੈ।

ਇਸ ਤਰ੍ਹਾਂ ਟਾਹਲੀ ਪੰਜਾਬ ਦਾ ਇੱਕ ਮਹੱਤਵਪੂਰਨ ਰੁੱਖ ਹੈ। ਵਾਤਾਵਰਨਿਕ ਰੂਪ ਵਿੱਚ ਉਪਯੋਗੀ ਹੋਣ ਦੇ ਨਾਲ ਨਾਲ ਆਰਥਿਕ ਪੱਖ ਤੋਂ ਵੀ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਰੇਸ਼ੇਦਾਰ ਤੇ ਮਜ਼ਬੂਤ ਲੱਕੜ ਫਰਨੀਚਰ ਦੇ ਨਿਰਮਾਣ ਲਈ ਉਪਯੋਗੀ ਹੈ। ਇਸ ਦਾ ਪੰਜਾਬੀ ਜੀਵਨ ਵਿੱਚ ਮਹੱਤਵ ਦਾ ਅਨੁਮਾਨ ਇਸ ਦਾ ਪੰਜਾਬੀ ਲੋਕ ਗੀਤਾਂ, ਬੋਲੀਆਂ, ਟੱਪਿਆਂ ਵਿੱਚ ਮਿਲਦੇ ਜ਼ਿਕਰ ਤੋਂ ਲਗਾਇਆ ਜਾ ਸਕਦਾ ਹੈ।

***

## ਕੌਮੀ ਰਣਨੀਤੀਆਂ 'ਤੇ ਭਾਰੀ ਪੈਣਗੇ

ਹਾਲਾਂਕਿ ਜਿਹੜੇ ਕਿਆਸ ਲਾਏ ਜਾ ਰਹੇ ਹਨ, ਉਨ੍ਹਾਂ ਅਨੁਸਾਰ ਜੇ ਭਾਜਪਾ ਤੇ ਅਕਾਲੀ ਦਲ ਭਾਈਵਾਲ ਬਣਦੇ ਹਨ ਤਾਂ ਇਹ ਕਾਫ਼ੀ ਕੁਝ ਹਾਸਿਲ ਕਰ ਸਕਦੇ ਹਨ। ਪਰ ਇਸ ਵਾਰ ਕੈਬਨਿਟ ਮੰਤਰੀ ਹਰਦੀਪ ਪੁਰੀ ਦੇ ਕਹਿਣ ਵਾਂਗ ਅਕਾਲੀ ਦਲ ਨੂੰ ਛੋਟੇ ਭਾਈ ਦੀ ਭੂਮਿਕਾ ਨਿਭਾਉਣੀ ਪੈ ਸਕਦੀ ਹੈ।

ਜੇ ਭਾਜਪਾ ਪੰਜਾਬ ਵਿੱਚ ਚੰਗੀ ਸਥਾਨਕ ਅਗਵਾਈ ਤਿਆਰ ਕਰਦੀ ਹੈ, ਕਿਸਾਨ ਅੰਦੋਲਨ ਤੋਂ ਪੈਦਾ ਹੋਈ ਨਾਰਾਜ਼ਗੀ ਘਟਾਉਂਦੀ ਹੈ ਤੇ ਪ੍ਰਭਾਵਸ਼ਾਲੀ ਚੋਣ ਬਿਰਤਾਂਤ ਘੜਦੀ ਹੈ ਤਾਂ ਉਹ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਸਕਦੀ ਹੈ, ਕਿਉਂਕਿ ਪੰਜਾਬ ਦੀਆਂ ਚੋਣਾਂ ਵਿੱਚ ਸਫ਼ਲਤਾ ਸਿਰਫ਼ ਕੌਮੀ ਰਣਨੀਤੀ ਨਾਲ ਨਹੀਂ, ਸਗੋਂ ਸਥਾਨਕ ਜ਼ਮੀਨੀ ਹਕੀਕਤਾਂ ਨੂੰ ਸਮਝਣ ਨਾਲ ਮਿਲੇਗੀ। ਪਰ ਜੇ ਵਿਰੋਧੀ ਪਾਰਟੀਆਂ ਮਜ਼ਬੂਤ ਰਹੀਆਂ ਤੇ ਭਾਜਪਾ ਸਥਾਨਕ ਮੁੱਦਿਆਂ ਨੂੰ ਸਹੀ ਢੰਗ ਨਾਲ ਨਾ ਸਮਝ ਸਕੀ ਤਾਂ ਉਸ ਲਈ ਵੱਡੀ ਸਫ਼ਲਤਾ ਹਾਸਿਲ ਕਰਨਾ ਇੱਕ ਸੁਪਨੇ ਵਾਂਗ ਹੋਵੇਗਾ। ਪੰਜਾਬ ਦੀ ਰਾਜਨੀਤੀ ਹਮੇਸ਼ਾ ਬਦਲਦੀ ਰਹੀ ਹੈ। ਇੱਥੇ ਕਿਸੇ ਇੱਕ ਪਾਰਟੀ ਲਈ ਲੰਬੇ ਸਮੇਂ ਤੱਕ ਰਾਜ-ਭਾਗ ਬਣਾਈ ਰੱਖਣਾ ਆਸਾਨ ਨਹੀਂ ਹੈ। ਭਾਜਪਾ ਪੰਜਾਬ ਵਿੱਚ ਆਪਣਾ ਰਾਜਨੀਤਕ ਆਧਾਰ ਮਜ਼ਬੂਤ ਕਰਨ ਲਈ ਨਵੇਂ ਰਣਨੀਤਕ ਪੈਂਤੜੇ ਅਪਣਾ ਰਹੀ ਹੈ ਤੇ ਇਸ ਸੰਦਰਭ 'ਚ ਆਉਂਦੀਆਂ ਚੋਣਾਂ ਦੌਰਾਨ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਭਾਜਪਾ ਪੰਜਾਬ ਵਿੱਚ ਆਪਣਾ ਰਾਜਨੀਤਕ ਦਾਇਰਾ ਵਧਾ ਸਕੇਗੀ ਜਾਂ ਫਿਰ ਬਾਕੀ ਪਾਰਟੀਆਂ ਹੀ ਆਪਣਾ ਪ੍ਰਭਾਵ ਕਾਇਮ ਰੱਖਣਗੀਆਂ। ਆਖਰ ਪੰਜਾਬ ਦੇ ਵੋਟਰ ਹੀ ਸੂਬੇ ਦੀ ਰਾਜਨੀਤਕ ਦਿਸ਼ਾ ਤੈਅ ਕਰਨਗੇ।

***

## ਸਿੱਖਿਆ ਅਤੇ ਸਿਹਤ ਖੇਤਰ ਦੀ

ਭਾਰਤ ਇਸ ਸਮੇਂ ਬ੍ਰਿਕਸ ਦਾ ਮੁਖੀ ਹੈ, ਪਰ ਦਿੱਲੀ 'ਚ ਹੋਈ ਬ੍ਰਿਕਸ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਬਿਨਾਂ ਕਿਸੇ ਮਹੱਤਵਪੂਰਨ ਨਤੀਜੇ ਦੇ ਖਤਮ ਹੋ ਗਈ ਸੀ। ਰਿਪੋਰਟਾਂ ਅਨੁਸਾਰ ਇਸ ਦੀ ਵਜ੍ਹਾ ਭਾਰਤ ਵੱਲੋਂ ਇਰਾਨ ਵਿਰੁੱਧ ਇਜ਼ਰਾਇਲ ਤੇ ਅਮਰੀਕੀ ਕਾਰਵਾਈਆਂ ਦੀ ਨਿੰਦਾ ਕਰਨ ਤੋਂ ਪਾਸਾ ਵੱਟਣਾ ਸੀ।

ਦੱਖਣੀ ਏਸ਼ੀਆ 'ਚ ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਤਣਾਅਪੂਰਨ ਬਣੇ ਹੋਏ ਹਨ। ਭਾਰਤ ਚੀਨ ਨਾਲ ਮੁਕਾਬਲਾ ਕਰਨਾ ਚਾਹੁੰਦਾ ਹੈ, ਪਰ ਉਸ ਕੋਲ ਚੀਨ ਦੇ ਬਰਾਬਰ ਦੀ ਆਰਥਿਕ, ਤਕਨੀਕੀ ਤੇ ਸੈਨਿਕ ਸਮਰੱਥਾ ਨਹੀਂ ਹੈ। ਚੀਨ ਨੇ ਵਾਅਦਾ ਕੀਤਾ ਹੈ ਕਿ ਉਹ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਕੋਈ ਖ਼ਤਰਾ ਪੈਦਾ ਨਹੀਂ ਹੋਣ ਦੇਵੇਗਾ, ਮਤਲਬ ਜੰਗ ਦੀ ਸਥਿਤੀ ਪੈਦਾ ਹੋਣ 'ਤੇ ਉਹ ਪਾਕਿਸਤਾਨ ਦਾ ਸਾਥ ਦੇਵੇਗਾ। ਅਜਿਹੇ ਹਾਲਾਤ 'ਚ ਫ਼ੌਜੀ ਕਾਰਵਾਈਆਂ ਦੀ ਵਾਰ-ਵਾਰ ਚਰਚਾ ਤੇ 'ਅਪਰੇਸ਼ਨ ਸੰਧੂਰ' ਦੇ ਹਵਾਲੇ ਦੇਣਾ ਟਕਰਾਅ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦਾ ਹੈ। ਭਾਰਤ ਨੂੰ ਦੱਖਣੀ ਏਸ਼ੀਆ 'ਚ ਅਮਨ ਤੇ ਸਹਿਯੋਗ ਦੀਆਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਭਾਰਤ, ਪਾਕਿਸਤਾਨ ਤੇ ਚੀਨ ਆਪਸੀ ਸਹਿਯੋਗ ਨਾਲ ਇਸ ਖੇਤਰ ਦੇ ਵਿਕਾਸ ਨੂੰ ਗਤੀ ਦੇ ਸਕਦੇ ਹਨ।

ਅਮਰੀਕੀ ਕੂਟਨੀਤੀ ਦੇ ਇੱਕ ਰਣਨੀਤਕ ਚੌਕੀਦਾਰ ਜਾਂ ਅਗਲੇ ਮੋਰਚੇ ਵਜੋਂ ਕੰਮ ਕਰਨਾ ਭਾਰਤ ਲਈ ਬਹੁਤ ਹੀ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਹਾਲੀਆ ਘਟਨਾਕ੍ਰਮ ਨੇ ਇਹ ਵੀ ਦਰਸਾਇਆ ਹੈ ਕਿ ਇਰਾਨ ਵਰਗੇ ਦੇਸ਼ ਅਮਰੀਕੀ ਤਾਕਤ ਨੂੰ ਚੁਣੌਤੀ ਦੇਣ ਦੀ ਸਮਰੱਥਾ ਰੱਖਦੇ ਹਨ। ਭਾਰਤ ਨੂੰ ਅਮਰੀਕੀ ਰਣਨੀਤਕ ਉਦੇਸ਼ਾਂ ਲਈ ਕੰਮ ਕਰਨ ਦੀ ਬਜਾਏ ਆਪਣੇ ਰਾਸ਼ਟਰੀ ਹਿਤਾਂ ਅਨੁਸਾਰ ਇੱਕ ਸੁਤੰਤਰ ਤੇ ਖ਼ੁਦਮੁਖ਼ਤਿਆਰ ਵਿਦੇਸ਼ ਨੀਤੀ ਅਪਣਾਉਣੀ ਚਾਹੀਦੀ ਹੈ।

***

## ਬਲੈਕ ਹੋਲ: ਨਵੀਂ ਖੋਜ ਖੋਲ੍ਹੇਗੀ

ਜ਼ਿਕਰਯੋਗ ਹੈ ਕਿ ਪੁਲਾੜ ਦੀ ਖੋਜ ਲਈ ਵਰਤੀਆਂ ਜਾਂਦੀਆਂ ਸਾਧਾਰਨ ਦੂਰਬੀਨਾਂ ਕਾਲੇ ਛੇਕਾਂ ਦਾ ਪਤਾ ਨਹੀਂ ਲਾ ਸਕਦੀਆਂ। ਹੁਣ ਤੱਕ ਵਿਗਿਆਨੀ ਕਾਲੇ ਛੇਕ ਦਾ ਪਤਾ ਲਾਉਣ ਲਈ ਇੱਕ ਸਾਧਾਰਨ ਵਿਧੀ ਦੀ ਵਰਤੋਂ ਹੀ ਕਰਦੇ ਰਹੇ ਸਨ। ਉਨ੍ਹਾਂ ਵੱਲੋਂ ਵਰਤੀ ਗਈ ਰਵਾਇਤੀ ਵਿਧੀ ਇਹ ਸੀ ਕਿ ਜਦੋਂ ਗੈਸਾਂ ਦਾ ਬੱਦਲ, ਕਾਲੇ ਛੇਕ ਦੇ ਨੇੜਿਓਂ ਲੰਘਦਾ ਸੀ ਤਾਂ ਉਹ ਬੱਦਲ ਉਕਤ ਕਾਲੇ ਛੇਕ ਵਿੱਚ ਜਜ਼ਬ ਹੋ ਜਾਂਦਾ ਸੀ ਅਤੇ ਉਹ ਐਕਸ ਕਿਰਨਾਂ ਪੁਲਾੜ ਵੱਲ ਛੱਡ ਜਾਂਦਾ ਸੀ। ਇਹ ਐਕਸ-ਕਿਰਨਾਂ ਹੀ ਕਾਲੇ ਛੇਕ ਦੇ ਹੋਣ ਦੀ ਪੁਸ਼ਟੀ ਕਰਦੀਆਂ ਸਨ। ਸਾਲ 2019 ਵਿੱਚ ਜਾਰੀ ਕੀਤੀ ਕਾਲੇ ਛੇਕ ਦੀ ਤਸਵੀਰ ਹਾਸਲ ਕਰਨ ਲਈ ਵਿਗਿਆਨੀਆਂ ਵੱਲੋਂ ਸੰਸਾਰ ਭਰ ਦੇ ਵੱਖ-ਵੱਖ ਹਿੱਸਿਆਂ ਵਿੱਚ ਦੂਰਬੀਨਾਂ ਲਾਈਆਂ ਗਈਆਂ ਸਨ। ਇਨ੍ਹਾਂ ਦੂਰਬੀਨਾਂ ਵੱਲੋਂ ਭੇਜੇ ਗਏ ਸਿਗਨਲਾਂ ਨੂੰ ਇਕੱਠਾ ਕਰਕੇ ਉਕਤ ਤਸਵੀਰ ਤਿਆਰ ਕੀਤੀ ਗਈ ਸੀ। ਵਿਗਿਆਨੀ ਹੁਣ ਤੱਕ ਇਹ ਵੀ ਪਤਾ ਲਾ ਚੁੱਕੇ ਹਨ ਕਿ ਬ੍ਰਹਿਮੰਡ ਦੀ ਹਰੇਕ ਵੱਡੀ ਅਕਾਸ਼ ਗੰਗਾ ਦੇ ਕੇਂਦਰ ਵਿੱਚ ਕਾਲੇ ਛੇਕ ਮੌਜੂਦ ਹੁੰਦੇ ਹਨ। 'ਮਿਲਕੀ ਵੇਅ ਆਕਾਸ਼ ਗੰਗਾ', ਜਿਸ ਵਿੱਚ ਸਾਡੀ ਧਰਤੀ ਮੌਜੂਦ ਹੈ, ਦੇ ਕੇਂਦਰ ਵਿੱਚ ਵੀ 'ਸੈਜੀਟੇਰੀਅਸ-ਏ' ਨਾਂਅ ਦਾ ਇੱਕ ਵੱਡਾ ਕਾਲਾ ਛੇਕ ਮੌਜੂਦ ਹੈ। ਇਸ ਦਾ ਅਨੁਮਾਨਿਤ ਵਜ਼ਨ ਚਾਲੀ ਲੱਖ ਸੂਰਜਾਂ ਦੇ ਭਾਰ ਦੇ ਬਰਾਬਰ ਹੈ।

***

## ਕੈਨੇਡਾ ਦੇ ਵਿਗਿਆਨੀਆਂ ਨੇ ਮੰਗਲ

ਖੋਜਕਾਰਾਂ ਅਨੁਸਾਰ ਮੰਗਲ ਗ੍ਰਹਿ 'ਤੇ ਗਾਰਨੈਟ ਬਣਨ ਦੇ ਪਿੱਛੇ ਕਿਸੇ ਵੱਡੇ ਉਲਕਾਪਿੰਡ ਦੀ ਟੱਕਰ, ਮੈਗਮਾ ਦੀ ਸਰਗਰਮੀ ਜਾਂ ਗਰਮ ਤਰਲ ਪਦਾਰਥਾਂ ਦੀ ਮੌਜੂਦਗੀ ਵਰਗੇ ਕਾਰਨ ਹੋ ਸਕਦੇ ਹਨ। ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਕਿ ਇਹ ਖਣਿਜ ਮੰਗਲ ਗ੍ਰਹਿ 'ਤੇ ਹੀ ਬਣਿਆ ਸੀ ਜਾਂ ਕਿਸੇ ਹੋਰ ਪੁਲਾੜੀ ਪਿੰਡ ਤੋਂ ਉੱਥੇ ਪਹੁੰਚਿਆ। ਇਸ ਦੀ ਪੁਸ਼ਟੀ ਲਈ ਆਕਸੀਜਨ ਆਈਸੋਟੋਪ ਵਿਸ਼ਲੇਸ਼ਣ ਦੀ ਲੋੜ ਹੋਵੇਗੀ ਪਰ ਦੁਰਲੱਭ ਨਮੂਨੇ ਨੂੰ ਨੁਕਸਾਨ ਪਹੁੰਚਣ ਦੇ ਖ਼ਤਰੇ ਕਾਰਨ ਵਿਗਿਆਨੀ ਇਸ ਮਾਮਲੇ ਵਿੱਚ ਸਾਵਧਾਨੀ ਵਰਤ ਰਹੇ ਹਨ। ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਖੋਜ ਭਵਿੱਖ ਵਿੱਚ ਮੰਗਲ ਗ੍ਰਹਿ ਤੋਂ ਲਿਆਂਦੇ ਜਾਣ ਵਾਲੇ ਚਟਾਨੀ ਨਮੂਨਿਆਂ ਦੇ ਅਧਿਐਨ ਲਈ ਵੀ ਮਹੱਤਵਪੂਰਨ ਸਾਬਤ ਹੋਵੇਗੀ। ਇਸ ਨਾਲ ਲਾਲ ਗ੍ਰਹਿ ਦੇ ਭੂਗੋਲਿਕ ਵਿਕਾਸ ਅਤੇ ਉਸ ਦੇ ਸ਼ੁਰੂਆਤੀ ਵਾਤਾਵਰਨ ਬਾਰੇ ਹੋਰ ਭਰੋਸੇਯੋਗ ਜਾਣਕਾਰੀ ਮਿਲਣ ਦੀ ਉਮੀਦ ਹੈ। ਇਸ ਅਧਿਐਨ ਵਿੱਚ ਰਾਇਲ ਓਨਟਾਰੀਓ ਮਿਊਜ਼ੀਅਮ, ਯੂਨੀਵਰਸਿਟੀ ਆਫ਼ ਟੋਰਾਂਟੋ, ਯੂਨੀਵਰਸਿਟੀ ਆਫ਼ ਪੋਰਟਸਮਾਊਥ, ਯੂਨੀਵਰਸਿਤਾ ਡੀ ਤ੍ਰੀਏਸਤੇ ਅਤੇ ਓਪਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਵੀ ਯੋਗਦਾਨ ਪਾਇਆ ਹੈ।

## ਕੈਨੇਡਾ ਸਰਕਾਰ ਨਾਟੋ ਦੇ ਨਵੇਂ ਰੱਖਿਆ

ਅਪ੍ਰੈਲ ਵਿੱਚ ਪੇਸ਼ ਕੀਤੇ ਗਏ ਬਸੰਤ ਆਰਥਿਕ ਬਿਆਨ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਦਫ਼ਤਰ, ਵਿੱਤ ਮੰਤਰਾਲੇ ਅਤੇ ਵਿੱਤ ਵਿਭਾਗ ਤੋਂ ਰੱਖਿਆ ਖ਼ਰਚ ਦੀ ਲੰਬੀ ਮਿਆਦ ਵਾਲੀ ਯੋਜਨਾ ਬਾਰੇ ਜਾਣਕਾਰੀ ਮੰਗੀ ਗਈ ਸੀ, ਪਰ ਸਰਕਾਰ ਨੇ ਕੋਈ ਵੇਰਵਾ ਨਹੀਂ ਦਿੱਤਾ। ਸਰਕਾਰ ਵੱਲੋਂ ਸਿਰਫ਼ ਇਹ ਦੱਸਿਆ ਗਿਆ ਕਿ 2025-26 ਦੌਰਾਨ ਕੈਨੇਡਾ ਨੇ ਰੱਖਿਆ 'ਤੇ 63 ਅਰਬ ਡਾਲਰ ਖ਼ਰਚ ਕੀਤੇ, ਜਿਸ ਨਾਲ ਨਾਟੋ ਦਾ ਪੁਰਾਣਾ 2 ਫ਼ੀਸਦੀ ਵਾਲਾ ਟੀਚਾ ਪੂਰਾ ਹੋ ਗਿਆ।

ਵਿਸ਼ਲੇਸ਼ਣ ਅਨੁਸਾਰ, 2030 ਤੱਕ ਜੀ.ਡੀ.ਪੀ. ਦੇ 4 ਫ਼ੀਸਦੀ ਰੱਖਿਆ ਖ਼ਰਚ ਦੇ ਟੀਚੇ ਤੱਕ ਪਹੁੰਚਣ ਲਈ ਕੈਨੇਡਾ ਨੂੰ ਹਰ ਸਾਲ ਲਗਭਗ 163 ਅਰਬ ਡਾਲਰ ਖ਼ਰਚਣੇ ਪੈਣਗੇ। ਇਸ ਦਾ ਮਤਲਬ ਹੈ ਕਿ ਮੌਜੂਦਾ ਯੋਜਨਾਵਾਂ ਦੇ ਮੁਕਾਬਲੇ ਹਰ ਸਾਲ ਕਰੀਬ 35 ਅਰਬ ਡਾਲਰ ਵਾਧੂ ਖ਼ਰਚ ਦੀ ਲੋੜ ਪਵੇਗੀ। ਸੰਸਦੀ ਬਜਟ ਅਫ਼ਸਰ ਨੇ ਵੀ ਰੱਖਿਆ ਖ਼ਰਚ ਬਾਰੇ ਵਾਧੂ ਜਾਣਕਾਰੀ ਲਈ ਸਰਕਾਰ ਨੂੰ ਕਈ ਬੇਨਤੀਆਂ ਭੇਜੀਆਂ ਹਨ, ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ। ਰੱਖਿਆ ਖ਼ਰਚ ਦੇ ਵਧਦੇ ਵਾਅਦਿਆਂ ਅਤੇ ਉਨ੍ਹਾਂ ਦੇ ਵਿੱਤੀ ਸਰੋਤਾਂ ਨੂੰ ਗੁਪਤ ਰੱਖਣ ਕਾਰਨ ਕਾਰਨੀ ਸਰਕਾਰ 'ਤੇ ਸਵਾਲ ਹੋਰ ਗੰਭੀਰ ਹੋ ਗਏ ਹਨ। ਹੁਣ ਸਭ ਦੀਆਂ ਨਜ਼ਰਾਂ ਅਗਲੇ ਹਫ਼ਤੇ ਹੋਣ ਵਾਲੇ ਨਾਟੋ ਆਗੂਆਂ ਦੇ ਸੰਮੇਲਨ 'ਤੇ ਟਿਕੀਆਂ ਹੋਈਆਂ ਹਨ, ਜਿੱਥੇ ਕੈਨੇਡਾ ਤੋਂ ਆਪਣੀਆਂ ਰੱਖਿਆ ਯੋਜਨਾਵਾਂ ਬਾਰੇ ਸਪਸ਼ਟਤਾ ਦੇਣ ਦੀ ਉਮੀਦ ਕੀਤੀ ਜਾ ਰਹੀ ਹੈ।

***

## ਦੇਸ਼ 'ਚੋਂ ਫੜੀ ਗਈ 58 ਫ਼ੀਸਦੀ ਹੈਰੋਇਨ

ਵੱਡਾ ਕੇਂਦਰ ਬਣਿਆ ਹੋਇਆ ਹੈ। ਦੇਸ਼ ਭਰ ਵਿੱਚ ਜ਼ਬਤ ਹੋਈ 3,567 ਕਿਲੋਗ੍ਰਾਮ ਹੈਰੋਇਨ ਵਿੱਚੋਂ 58 ਫ਼ੀਸਦੀ (2,085.55 ਕਿਲੋਗ੍ਰਾਮ) ਇਕੱਲੇ ਪੰਜਾਬ ਵਿੱਚੋਂ ਫੜੀ ਜਾਣੀ ਇਹ ਸਾਬਤ ਕਰਦੀ ਹੈ ਕਿ ਪਾਕਿਸਤਾਨ-ਅਫ਼ਗਾਨਿਸਤਾਨ ਦੇ 'ਗੋਲਡਨ ਕ੍ਰੀਸੈਂਟ' ਰੂਟ ਦਾ ਸਭ ਤੋਂ ਵੱਡਾ ਨਿਸ਼ਾਨਾ ਅਜੇ ਵੀ ਪੰਜਾਬ ਦੇ ਨੌਜਵਾਨ ਹੀ ਹਨ।

ਸਰਕਾਰ ਕੀ ਸਖ਼ਤ ਕਦਮ ਉਠਾਏ

ਐਨ.ਸੀ.ਬੀ. ਦੀ ਇਹ ਰਿਪੋਰਟ ਪੰਜਾਬ ਸਰਕਾਰ, ਕੇਂਦਰੀ ਏਜੰਸੀਆਂ ਅਤੇ ਸਮਾਜ ਲਈ ਇੱਕ 'ਰੈੱਡ ਅਲਰਟ' (ਖ਼ਤਰੇ ਦੀ ਘੰਟੀ) ਹੈ। ਹੁਣ ਸਿਰਫ਼ ਸਰਹੱਦਾਂ 'ਤੇ ਪਹਿਰਾ ਦੇਣ ਨਾਲ ਗੱਲ ਨਹੀਂ ਬਣੇਗੀ।

ਸਭ ਤੋਂ ਪਹਿਲਾਂ, ਐਂਟੀ-ਡਰੋਨ ਤਕਨਾਲੋਜੀ (ਜਿਵੇਂ ਜੈਮਰ ਅਤੇ ਡਰੋਨ ਹੰਟਿੰਗ ਸਿਸਟਮ) ਨੂੰ ਸਰਹੱਦ 'ਤੇ ਜੰਗੀ ਪੱਧਰ 'ਤੇ ਤਾਇਨਾਤ ਕਰਨਾ ਪਵੇਗਾ।

ਦੂਜਾ, ਸੂਬੇ ਦੇ ਸਿਹਤ ਵਿਭਾਗ ਅਤੇ ਡਰੱਗ ਕੰਟਰੋਲਰ ਨੂੰ ਉਨ੍ਹਾਂ ਮੈਡੀਕਲ ਸਟੋਰਾਂ 'ਤੇ ਸ਼ਿਕੰਜਾ ਕੱਸਣਾ ਹੋਵੇਗਾ ਜੋ ਚੰਦ ਪੈਸਿਆਂ ਦੀ ਖਾਤਰ ਕੋਡੀਨ ਸਿਰਪ ਅਤੇ ਹੋਰ ਪਾਬੰਦੀਸ਼ੁਦਾ ਦਵਾਈਆਂ ਬਿਨਾਂ ਪਰਚੀ ਦੇ ਵੇਚ ਰਹੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਸ 'ਦੂਜੀ ਲਹਿਰ' ਨੂੰ ਹੁਣੇ ਨਾ ਠੱਲ੍ਹ ਪਾਈ ਗਈ, ਤਾਂ ਪੰਜਾਬ ਦੀ ਰੀੜ੍ਹ ਦੀ ਹੱਡੀ ਕਹੀ ਜਾਣ ਵਾਲੀ ਨੌਜਵਾਨੀ ਨੂੰ ਤਬਾਹ ਹੋਣੋਂ ਕੋਈ ਨਹੀਂ ਬਚਾ ਸਕੇਗਾ। ਇਹ ਸਮਾਂ ਸਿਆਸੀ ਬਿਆਨਬਾਜ਼ੀ ਦਾ ਨਹੀਂ, ਸਗੋਂ ਸਖ਼ਤ ਅਤੇ ਸੰਯੁਕਤ ਕਾਰਵਾਈ ਦਾ ਹੈ।

***

## ਪੰਜਾਬ ਕਾਂਗਰਸ ਵਿੱਚ ਫੁੱਟ,

ਹਾਈਕਮਾਨ ਵੱਲੋਂ ਸਿੱਧੇ ਸਰਵੇਖਣ ਕਰਵਾ ਕੇ ਹਰ ਹਲਕੇ ਤੋਂ 3-3 ਉਮੀਦਵਾਰਾਂ ਦੇ ਪੈਨਲ ਬਣਾਉਣ ਦੇ ਫੈਸਲੇ ਨੇ ਸੀਨੀਅਰ ਆਗੂਆਂ ਦੇ ਸਿਆਸੀ ਪ੍ਰਭਾਵ ਨੂੰ ਚੁਣੌਤੀ ਦਿੱਤੀ ਹੈ। ਆਗੂਆਂ ਨੂੰ ਡਰ ਹੈ ਕਿ ਇਸ ਬਹਾਨੇ ਚੋਣਾਂ ਵੇਲੇ ਉਨ੍ਹਾਂ ਦੇ ਵਫ਼ਾਦਾਰਾਂ ਦੀਆਂ ਟਿਕਟਾਂ ਕੱਟੀਆਂ ਜਾ ਸਕਦੀਆਂ ਹਨ।

ਰਾਹੁਲ ਗਾਂਧੀ ਤੱਕ ਪਹੁੰਚਿਆ ਕਲੇਸ਼: ਕੀ ਉਹ ਮਸਲਾ ਹੱਲ ਕਰ ਸਕਣਗੇ?

ਇਹ ਕਲੇਸ਼ ਹੁਣ ਪੂਰੀ ਤਰ੍ਹਾਂ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚ ਗਿਆ ਹੈ। ਚੰਨੀ ਧੜੇ ਨੇ ਰਾਹੁਲ ਗਾਂਧੀ ਦੇ ਵਿਦੇਸ਼ ਦੌਰੇ ਤੋਂ ਪਰਤਦੇ ਹੀ ਮੁਲਾਕਾਤ ਦਾ ਸਮਾਂ ਮੰਗਿਆ ਹੈ।

ਕਾਂਗਰਸ ਹਾਈਕਮਾਨ ਅਤੇ ਖ਼ਾਸ ਕਰਕੇ ਰਾਹੁਲ ਗਾਂਧੀ ਲਈ ਪੰਜਾਬ ਕਾਂਗਰਸ ਦਾ ਇਹ ਸੰਕਟ ਕੋਈ ਨਵਾਂ ਨਹੀਂ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵੀ ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਨਵਜੋਤ ਸਿੱਧੂ ਅਤੇ ਚੰਨੀ ਵਿਚਾਲੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸਦਾ ਨਤੀਜਾ ਪਾਰਟੀ ਦੀ ਕਰਾਰੀ ਹਾਰ ਦੇ ਰੂਪ ਵਿੱਚ ਨਿਕਲਿਆ ਸੀ।

ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਹਾਈਕਮਾਨ ਨੇ ਪਹਿਲਾਂ ਵਾਂਗ ਹੀ ਕਿਸੇ ਇੱਕ ਧੜੇ ਨੂੰ ਥਾਪੜਾ ਦੇ ਕੇ ਦੂਜੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਤਾਂ ਬਗਾਵਤ ਹੋਰ ਵਧੇਗੀ। ਪਰ ਜੇਕਰ ਰਾਹੁਲ ਗਾਂਧੀ ਇੱਕ ਨਿਰਪੱਖ ਪੰਚ ਦੀ ਭੂਮਿਕਾ ਨਿਭਾਉਂਦੇ ਹਨ, ਤਾਂ ਮਸਲਾ ਸੁਲਝ ਸਕਦਾ ਹੈ।

ਪੰਜਾਬ ਕਾਂਗਰਸ ਨੂੰ 2027 ਵਿੱਚ ਤਬਾਹ ਹੋਣ ਤੋਂ ਬਚਾਉਣ ਲਈ ਹੇਠ ਲਿਖੇ ਫਾਰਮੂਲੇ ਤਹਿਤ ਕੰਮ ਕਰਨਾ ਪਵੇਗਾ। ਰਾਹੁਲ ਗਾਂਧੀ ਨੂੰ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਪ੍ਰਚਾਰ ਕਮੇਟੀ ਦੇ ਚੇਅਰਮੈਨ ਚਰਨਜੀਤ ਚੰਨੀ ਵਿਚਾਲੇ ਸ਼ਕਤੀਆਂ ਦੀ ਸਪੱਸ਼ਟ ਵੰਡ ਕਰਨੀ ਪਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਸੰਗਠਨ ਦੇ ਫੈਸਲਿਆਂ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਸਾਰੇ ਸੀਨੀਅਰ ਆਗੂਆਂ ਦੀ ਸਹਿਮਤੀ ਲਾਜ਼ਮੀ ਕੀਤੀ ਜਾਵੇ। ਰਾਜਾ ਵੜਿੰਗ ਨੂੰ ਸੂਬਾ ਪ੍ਰਧਾਨ ਵਜੋਂ ਆਪਣੀ ਪਹੁੰਚ ਵਿੱਚ ਵਧੇਰੇ ਨਰਮੀ ਲਿਆਉਣੀ ਪਵੇਗੀ ਅਤੇ ਸੀਨੀਅਰ ਨੇਤਾਵਾਂ ਨੂੰ ਬਣਦਾ ਸਤਿਕਾਰ ਦੇਣਾ ਪਵੇਗਾ। ਦੂਜੇ ਪਾਸੇ, ਨਾਰਾਜ਼ ਧੜੇ ਨੂੰ ਵੀ ਪਾਰਟੀ ਦੇ ਅਨੁਸ਼ਾਸਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰਨਾ ਹੋਵੇਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਈਕਮਾਨ ਜੋ ਸਰਵੇਖਣ ਕਰਵਾ ਰਹੀ ਹੈ, ਉਸਦੀ ਰਿਪੋਰਟ ਪੂਰੀ ਤਰ੍ਹਾਂ ਪਾਰਦਰਸ਼ੀ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਆਗੂ ਨੂੰ ਇਹ ਨਾ ਲੱਗੇ ਕਿ ਉਸ ਨਾਲ ਪੱਖਪਾਤ ਹੋਇਆ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਕਾਂਗਰਸ ਲਈ ਆਉਣ ਵਾਲੇ ਦਿਨ ਬੇਹੱਦ ਨਾਜ਼ੁਕ ਹਨ। ਉੱਚ ਪੱਧਰੀ ਸੂਤਰਾਂ ਅਨੁਸਾਰ ਹਾਈਕਮਾਨ ਆਪਣੇ ਫੈਸਲੇ ਬਦਲਣ ਦੇ ਰੌਂਅ ਵਿੱਚ ਬਿਲਕੁਲ ਨਹੀਂ ਹੈ। ਜੇਕਰ ਬਘੇਲ ਆਪਣੇ ਇਸ ਪੰਜ ਦਿਨਾਂ ਦੌਰੇ ਦੌਰਾਨ ਨਾਰਾਜ਼ ਧੜੇ ਨੂੰ ਮਨਾਉਣ ਵਿੱਚ ਨਾਕਾਮ ਰਹਿੰਦੇ ਹਨ, ਤਾਂ ਇਹ ਟਕਰਾਅ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀਆਂ ਉਮੀਦਾਂ 'ਤੇ ਪਾਣੀ ਫੇਰ ਸਕਦਾ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**